Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-7, ਅੰਕ-3, ਮਾਰਚ 2017

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਵਿਸ਼ੇਸ਼ ਸੰਪਾਦਕੀ



ਸ਼ਹੀਦੇ ਰਤਨ, ਫ਼ਕਰ-ਏ-ਕੌਮ ਅਤੇ ਜੁਝਾਰੂ ਸੋਚ ਦੇ ਮਾਲਕ ਸ੍ਰ. ਭਗਤ ਸਿੰਘ ਦਾ ਨਾਂ ਲੈਂਦਿਆਂ ਹੀ ਸਾਡਾ ਸਿਰ ਉਨ੍ਹਾਂ ਪ੍ਰਤੀ ਸਤਿਕਾਰ ਨਾਲ ਝੁੱਕ ਜਾਂਦਾ ਹੈ। 'ਪੱਗੜੀ ਸੰਭਾਲ ਜੱਟਾ' ਲਹਿਰ ਦੇ ਬਾਨੀ ਸ੍ਰ. ਅਜੀਤ ਸਿੰਘ ਦੇ ਅਣਖੀਲੇ ਭਤੀਜੇ ਨੇ ਪਹਿਲੀ ਕਿਲਕਾਰੀ ਮਿਤੀ 28.9.1907 ਈ. ਨੂੰ ਬੰਗੇ ਚੱਕ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਦੀ ਧਰਤੀ 'ਤੇ ਮਾਰੀ। ਇਸ ਕ੍ਰਾਂਤੀਕਾਰੀ ਕਿਲਕਾਰੀ ਦੇ ਵੱਜਦਿਆਂ ਹੀ ਗੋਰੀ ਸਰਕਾਰ ਅੰਦਰ ਸਹਿਮ ਦੀ ਭਾਵਨਾ ਪੈਦਾ ਹੋ ਗਈ। ਜਿਸਦਾ ਪ੍ਰਤੱਖ ਰੂਪ ਜਲ੍ਹਿਆਂਵਾਲੇ ਬਾਗ ਦੀ ਘਟਨਾ ਤੋਂ ਬਾਅਦ ਅੰਗਰੇਜ਼ੀ ਸਰਕਾਰ ਨੇ ਆਪਣੀ ਅੱਖੀਂ ਵੇਖਿਆ। ਜਵਾਲਾਮੁਖੀ ਕਹਿਰ ਵਿਚ ਬਦਲ ਗਈ। ਉਸਨੇ ਅੰਗਰੇਜ਼ੀ ਸਰਕਾਰ ਦੀਆਂ ਜੜ੍ਹਾਂ ਪੁੱਟਣ ਲਈ ਸਿਰ ਤੋੜ ਯਤਨ ਕੀਤੇ। ਭਾਰਤ ਵਿਚੋਂ ਗੋਰੀ ਸਰਕਾਰ ਨੂੰ ਕੱਢਣ ਲਈ ਕਈ ਵਿਚਾਰਾਂ ਅਤੇ ਲਹਿਰਾਂ ਨੂੰ ਜਨਮ ਦਿੱਤਾ ਅਤੇ ਇਨ੍ਹਾਂ ਨਾਲ ਰਲ ਕੇ ਮੋਢੀ ਦੀ ਭੂਮਿਕਾ ਨਿਭਾਈ ਸ੍ਰ. ਭਗਤ ਸਿੰਘ ਨੇ ਆਪਣੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਕੋਈ ਕਸਰ ਬਾਕੀ ਨਾ ਛੱਡੀ। ਚੜ੍ਹੀ ਜਵਾਨੀ ਵਿਚ ਮੌਤ ਨੂੰ ਗਲੇ ਲਗਾ, ਰਾਹੋਂ ਕੁਰਾਹ ਕਰਦਾ ਯੋਧਾ ਦੇਸ਼ ਦੀ ਆਜ਼ਾਦੀ ਲਈ ਪੈੜਾਂ ਪਾਉਂਦਾ ਰਿਹਾ। ਗੋਰੀ ਸਰਕਾਰ ਦੇ ਲਾਲਚ ਅਤੇ ਤਸੀਹਿਆਂ ਦੀ ਪ੍ਰਵਾਹ ਕੀਤੇ ਬਿਨਾਂ ਸਰਦਾਰ ਨੇ ਭਾਰਤ ਮਾਂ ਨੂੰ ਰੱਜਵਾਂ ਪਿਆਰ ਦਿੱਤਾ। ਆਖਰ 1929 ਈ. ਵਿਚ ਹੋਈ ਅਸੈਂਬਲੀ ਬੰਬ ਘਟਨਾ ਤਹਿਤ ਸ੍ਰ. ਭਗਤ ਸਿੰਘ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਜੀਵਨ ਦੌਰਾਨ ਕਈ ਗੈਰ ਕਾਨੂੰਨੀ ਧਾਰਾਵਾਂ ਲਗਾ ਕੇ ਉਸਦੀ ਰਿਹਾਈ ਤੇ ਪ੍ਰਸ਼ਨਚਿੰਨ੍ਹ ਲਗਾ ਦਿੱਤਾ। ਫਿਰ ਵੀ ਜੇਲ੍ਹ ਵਿਚ ਬੈਠਾ ਇਹ ਜਨੂੰਨੀ ਯੋਧਾ ਆਜ਼ਾਦੀ ਪ੍ਰਵਾਨਿਆਂ ਲਈ ਇਕ ਦੀਪ ਵਾਂਗ ਜਗਦਾ ਰਿਹਾ, ਏਥੇ ਹੀ ਵਸ ਨਹੀਂ ਗੋਰੀ ਸਰਕਾਰ ਦੇ ਕਾਲੇ ਕਾਨੂੰਨ ਵੀ ਇਸ ਦੀਪ ਦੀ ਰੌਸ਼ਨੀ ਘੱਟ ਨਾ ਕਰ ਸਕੇ। ਸਰਦਾਰ ਦੇ ਖੌਫ਼ ਤੋਂ ਡਰਦਿਆਂ ਅੰਗਰੇਜ਼ੀ ਹਕੂਮਤ ਨੇ ਇਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਪਰ ਇਹ ਸਜ਼ਾ ਵੀ ਆਜ਼ਾਦੀ ਪ੍ਰਵਾਨੇ ਦੇ ਤੇਵਰਾਂ ਨੂੰ ਠੰਡਾ ਨਾ ਕਰ ਸਕੀ। 23 ਮਾਰਚ 1931 ਨੂੰ ਸ੍ਰ. ਭਗਤ ਸਿੰਘ ਨੇ ਧਰਤੀ ਮਾਂ ਅੱਗੇ ਪ੍ਰਣਾਮ ਕਰਦਿਆਂ ਚਾਈਂ-ਚਾਈਂ ਫਾਂਸੀ ਦੇ ਫੰਦੇ ਨੂੰ ਚੁੰਮ ਲਿਆ। ਫਾਂਸੀ ਚੜ੍ਹਨ ਤੋਂ ਬਾਅਦ ਵੀ ਇਹ ਯੋਧਾ ਆਜ਼ਾਦੀ ਦੇ ਸੌਦਾਗਰਾਂ ਲਈ ਚਾਨਣ ਮੁਨਾਰਾ ਹੋ ਨਿਬੜਿਆ। ਇਸ ਤੋਂ ਅੱਗੇ ਆਜ਼ਾਦੀ ਸੌਦਾਗਰਾਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਆਪਣੇ ਵਤਨ ਨੂੰ ਆਜ਼ਾਦ ਕਰਵਾ ਲਿਆ।

ਪਰ ਅੱਜ ਇਕ ਗੱਲ ਸਾਨੂੰ ਵਾਰ ਵਾਰ ਸਤਾ ਰਹੀ ਹੈ ਕਿ ਆਜ਼ਾਦੀ ਦੇ 68 ਸਾਲ ਪੂਰੇ ਹੋਣ ਦੇ ਬਾਵਜੂਦ ਅਸੀਂ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਵਿਚ ਕਾਮਯਾਬ ਨਹੀਂ ਹੋਏ? ਸਾਡੀਆਂ ਸਰਕਾਰਾਂ ਨਾਕਾਮ ਕਿਉਂ ਰਹੀਆਂ? ਸਾਡੇ ਸੰਵਿਧਾਨ ਵਿਚ ਕੀ ਕਮਜ਼ੋਰੀਆਂ ਹਨ? ਇਹ ਸਾਰੇ ਸਵਾਲ ਅੱਜ ਦੇ ਰਾਜ ਨੇਤਾਵਾਂ ਉਪਰ ਅੱਖਾਂ ਗੱਡੀ ਖੜ੍ਹੇ ਹਨ। ਜਿਹੜੇ ਦੇਸ਼ ਪ੍ਰਤੀ ਵਫਾਦਾਰੀ ਹੋਣ ਦਾ ਫੋਕਾ ਢੌਂਗ ਕਰਕੇ ਸਾਡੇ ਸ਼ਹੀਦਾਂ ਦਾ ਅਪਮਾਨ ਕਰ ਰਹੇ ਹਨ। ਸਾਡੀਆਂ ਸਾਬਕਾ ਅਤੇ ਮੌਜੂਦਾ ਸਰਕਾਰਾਂ ਝੂਠ ਮਾਰ ਮਾਰ ਕੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰ ਰਹੀਆਂ ਹਨ ਅਤੇ ਕਾਰਪੋਰੇਟ ਘਰਾਣਿਆਂ ਲਈ ਦਲਾਲੀ ਦਾ ਕੰਮ ਕਰ ਰਹੀਆਂ ਹਨ। ਕੁਝ ਸਮਾਂ ਪਹਿਲਾਂ ਜਿਹੜੀ ਜਨਤਾ ਮੋਦੀ ਸਰਕਾਰ ਨੂੰ ਲਿਆਉਣ ਲਈ ਤਰਲੋਮੱਛੀ ਹੋ ਰਹੀ ਸੀ। ਉਸ ਸਮੇਂ ਠੰਡੇ ਸਾਹ ਭਰਦੀ ਨਜ਼ਰ ਆਈ ਜਦੋਂ ਸਾਡੇ ਦੇਸ਼ ਦੇ ਰਹਿਨੁਮਾ ਮੋਦੀ ਸਾਹਿਬ ਦੇ ਪਹਿਰਾਵੇ ਦੀ ਨਿਲਾਮੀ 4 ਕਰੋੜ 31 ਲੱਖ 'ਤੇ ਜਾ ਛੁੱਟੀ ਜਿਸ ਨਾਲ ਜਨਤਾ ਦੇ ਦਿਲਾਂ ਵਿਚ ਬਚੇ ਸਭ ਭਰਮ ਭੁਲੇਖੇ ਦੂਰ ਹੋ ਗਏ। ਉਹ ਸਮਝ ਗਏ ਕਿ ਸਾਡੇ ਦੇਸ਼ ਦੀਆਂ ਦਲਾਲ ਸਰਕਾਰਾਂ ਅੰਬਾਨੀ ਅਤੇ ਦਲੀਪ ਸਾਂਘਵੀ ਵਰਗੇ ਕਾਰਪੋਰੇਟ ਘਰਾਣਿਆਂ ਦੀਆਂ ਕਠਪੁਤਲੀਆਂ ਹਨ। ਇਸੇ ਲਈ ਇਨ੍ਹਾਂ ਪਿਛਲੱਗੂ ਅਤੇ ਚਾਪਲੂਸ ਨੇਤਾਵਾਂ ਨੇ ਸਾਡੀ ਆਜ਼ਾਦੀ ਦੇ ਅਰਥ ਬਦਲ ਕੇ ਰੱਖ ਦਿੱਤੇ। ਇਸ ਦੇ ਨਾਲ ਹੀ ਗਰੀਬੀ ਵਿਚ ਪਿਸਦੇ ਵਰਗ ਦੀ ਆਸ ਸਾਡੇ ਸ਼ਹੀਦਾਂ ਦੇ ਸੁਪਨਿਆਂ ਵਾਂਗ ਚਕਨਾਚੂਰ ਹੋ ਗਈ। ਇਸ ਟੁੱਟੀ ਆਸ ਨੂੰ ਗੰਢਣ ਲਈ ਅੱਜ ਨਾ ਤਾਂ ਸਾਡਾ ਬੁੱਧੀਜੀਵੀ ਵਰਗ ਅੱਗੇ ਆ ਰਿਹਾ ਹੈ ਅਤੇ ਨਾ ਹੀ ਨਸ਼ਿਆਂ ਵਿਚ ਗਰਕੀ ਨੌਜਵਾਨ ਪੀੜ੍ਹੀ। ਅੰਤ ਸਾਰੀਆਂ ਸੰਭਾਵਨਾਵਾਂ ਨੂੰ ਭਾਂਪਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਅੱਜ ਤੋਂ ਬਾਅਦ ਸਾਡੀ ਧਰਤੀ ਮਾਂ ਦੀ ਕੁੱਖੋਂ ਭਗਤ ਸਿੰਘ ਵਰਗੇ ਸੂਰਮੇ ਜੰਮਦੇ ਨਜ਼ਰ ਨਹੀਂ ਆਉਣਗੇ। ਐਨਾ ਕਹਿੰਦਾ ਹੋਇਆ ਅੱਗੇ ਆਪਣੇ ਵਲੋਂ ਚਾਰ ਸੱਤਰਾਂ ਸ੍ਰ. ਭਗਤ ਸਿੰਘ ਦੀ ਸ਼ਰਧਾਂਜਲੀ ਹਿੱਤ ਲਿਖ ਰਿਹਾ ਹਾਂ :

**ਜਦੋਂ ਜ਼ਾਲਮਾਂ ਅੱਤ ਮਚਾਈ,**
**ਸਾਡੀ ਧਰਤੀ ਮਾਂ ਕੁਰਲਾਈ।**
**ਉਦੋਂ ਆਪਣੀ ਅਣਖ ਦਿਖਾਈ,**
**ਜ਼ੋਰ, ਜਵਾਨੀ, ਚਾਵਾਂ ਨੇ।**
**ਹੁਣ ਨਾ ਭਗਤ ਸਿੰਘ ਯੋਧੇ,**
**ਏਥੇ ਜੰਮਣੇ ਮਾਵਾਂ ਨੇ।**

**- ਹਰਬੰਸ ਸਿੰਘ**



ਹਰ ਧੜਕਣ ਪਰ ਖ਼ੌਫ ਕੇ ਪਹਿਰੇ, ਹਰ ਆਂਸੂ ਪਰ ਪਾਬੰਦੀ !



ਸੁਖਦੇਵ ਤੇ ਭਗਤ ਸਿੰਘ ਦਾ ਸਾਂਝਾ ਬਚਪਨ



ਡਾਂਗ ਦੇ ਸਹਾਰੇ ਖੜ੍ਹਾ ਘਰ



ਕੈਨੇਡੀਅਨ ਭਾਈਚਾਰੇ ਨੂੰ ਨਫ਼ਰਤੀ ਫਿਰਕੂ ਹਿੰਸਾ ਤੋਂ ਬਚਾਉਣ ਦੀ ਲੋੜ

SUPER VISA INSURANCE

Punjab Insurance Inc PUNJAB INSURANCE INC.


Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca


Ravinder Singh Basra
416.845.6232

# ਫਾਸ਼ੀਵਾਦੀ ਤਾਂਡਵ-ਨਾਚ ਦਾ ਨਵਾਂ ਥੀਏਟਰ : ਜੋਧਪੁਰ ਯੂਨੀਵਰਸਿਟੀ



ਬੂਟਾ ਸਿੰਘ, ਨਵਾਂ ਸ਼ਹਿਰ
94634-74342



ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲਣ ਦੇ ਏਜੰਡੇ ਤਹਿਤ ਇਸ ਵਕਤ ਜੈ ਨਰਾਇਣ ਵਿਆਸ ਯੂਨੀਵਰਸਿਟੀ ਜੋਧਪੁਰ (ਰਾਜਸਥਾਨ) ਹਿੰਦੂਤਵੀ ਫਾਸ਼ੀਵਾਦੀਆਂ ਦੇ ਨਿਸ਼ਾਨੇ 'ਤੇ ਹੈ। ਬਹਾਨਾ ਇਹ ਬਣਾਇਆ ਗਿਆ ਕਿ ਇਥੇ ਮਸ਼ਹੂਰ ਵਿਦਵਾਨ ਨਿਵੇਦਿਤਾ ਮੈਨਨ ਨੇ ਜੋ ਲੈਕਚਰ ਦਿੱਤਾ ਸੀ ਉਹ ਰਾਸ਼ਟਰ ਵਿਰੋਧੀ ਸੀ। ਕਿ ਕਾਨਫਰੰਸ ਦੀ ਰਿਸੋਰਸ ਪਰਸਨ ਨੇ ਹਿੰਦੁਸਤਾਨੀ ਫ਼ੌਜ ਬਾਬਤ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਇਸ ਬਹਾਨੇ ਯੂਨੀਵਰਸਿਟੀ ਦੀ ਹੋਣਹਾਰ ਨੌਜਵਾਨ ਪ੍ਰੋਫੈਸਰ ਰਾਜਸ਼੍ਰੀ ਰਾਨਾਵਤ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹਾਲਾਂਕਿ ਦਲੀਲ ਦੇ ਲਿਹਾਜ਼ ਨਾਲ ਉਹ ਭਾਸ਼ਣਕਰਤਾ ਨਹੀਂ ਮਹਿਜ਼ ਕਾਨਫਰੰਸ ਦੀ ਆਯੋਜਕ ਸੀ। ਸੰਘ ਬਰਗੇਡ ਦੇ ਦਬਾਓ ਹੇਠ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਕ ਕਮੇਟੀ ਬਣਾ ਦਿੱਤੀ ਜੋ ਜਾਂਚ ਕਰਕੇ ਸਿਫ਼ਾਰਸ਼ ਕਰੇਗੀ ਕਿ ਸਬੰਧਤ ਪ੍ਰੋਫੈਸਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਇਹ ਪ੍ਰੋਫੈਸਰ ਰਾਨਾਵਤ ਦੇ ਖ਼ਿਲਾਫ਼ ਕਾਰਵਾਈ ਨਾ ਹੋਕੇ ਤਮਾਮ ਯੂਨੀਵਰਸਿਟੀਆਂ ਦੇ ਬਾਕੀ ਰੌਸ਼ਨ-ਖ਼ਿਆਲ ਪ੍ਰੋਫੈਸਰਾਂ ਨੂੰ ਸੰਘ ਬਰਗੇਡ ਦੀ ਦਹਿਸ਼ਤਵਾਦੀ ਚੇਤਾਵਨੀ ਹੈ।

ਦਰਅਸਲ, ਉਸ ਵਿਚਾਰ-ਚਰਚਾ ਵਿਚ ਰਾਸ਼ਟਰ ਵਿਰੋਧੀ ਵਾਲੀ ਕੋਈ ਗੱਲ ਨਹੀਂ ਸੀ। ਪਰ ਫਾਸ਼ੀਵਾਦੀ ਦਸਤੂਰ ਨੂੰ ਵਿਚਾਰ-ਚਰਚਾ ਮਨਜ਼ੂਰ ਨਹੀਂ। ਉਨ੍ਹਾਂ ਦੀ ਸਿੱਧੀ ਜਹੀ ਦਲੀਲ ਹੈ ਕਿ ਉਨ੍ਹਾਂ ਦੇ ਬੋਲ ਅੰਤਮ ਸੱਚ ਹਨ, ਬਾਕੀ ਸਾਰਿਆਂ ਦੀ ਸੋਚ ਰਾਸ਼ਟਰ ਵਿਰੋਧੀ ਹੈ। ਸਰਕਾਰ ਦਾ ਵਿਰੋਧ ਦੇਸ਼ ਦਾ ਵਿਰੋਧ ਹੈ। ਕੁਲ ਆਲਮ ਵਿਚ ਫਾਸ਼ੀਵਾਦੀਆਂ ਨੇ ਆਪਣੇ ਤਾਨਾਸ਼ਾਹ ਰਾਜ ਦੇ ਜ਼ੁਲਮਾਂ ਉੱਪਰ ਪਰਦਾ ਬਣਾਈ ਰੱਖਣ ਲਈ ਹਮੇਸ਼ਾ ਰਾਸ਼ਟਰ ਭਗਤੀ ਨੂੰ ਬਹਾਨਾ ਬਣਾਇਆ ਹੈ। ਯੂਨੀਵਰਸਿਟੀਆਂ ਮਨੁੱਖੀ ਦਿਮਾਗ ਨੂੰ ਹਰ ਚੀਜ਼ ਨੂੰ ਦਲੀਲ ਨਾਲ ਪਰਖਣ ਦੀ ਸਿਖਲਾਈ ਦੇਣ ਦਾ ਜ਼ਰੀਆ ਹੋਣ ਕਾਰਨ ਫਾਸ਼ੀਵਾਦੀ ਏਜੰਡੇ ਦੇ ਰਾਹ ਵਿਚ ਵੱਡੀ ਰੁਕਾਵਟ ਬਣਦੀਆਂ ਹਨ। ਇਸ ਲਈ, ਫਾਸ਼ੀਵਾਦ ਦੇ ਸਿੱਕੇਬੰਦ ਪੈਰੋਕਾਰ ਸੰਘ ਪਰਿਵਾਰ ਦਾ ਮੂਲ ਮੰਤਰ ਹੀ ਦਲੀਲਬਾਜ਼ੀ, ਵਿਚਾਰਾਂ ਦੀ ਆਜ਼ਾਦੀ ਅਤੇ ਰਚਨਾਤਮਕਤਾ ਦੇ ਇਸ ਸੋਮੇ ਨੂੰ ਖ਼ਤਮ ਕਰਨ ਉੱਪਰ ਹੈ। ਸੰਘੀ ਝੂਠਤੰਤਰ ਹਰ ਥਾਂ ਪਹਿਲਾਂ ਕਿਸੇ ਵਿਚਾਰ-ਚਰਚਾ ਨੂੰ ਉਸਦੇ ਅਸਲ ਪ੍ਰਸੰਗ ਨਾਲੋਂ ਤੋੜਕੇ ਪੂਰੀ ਤਰ੍ਹਾਂ ਵਿਗਾੜਕੇ ਰਾਸ਼ਟਰ ਵਿਰੋਧੀ ਦਾ ਮੁੱਦਾ ਖੜ੍ਹਾ ਕਰਦਾ ਹੈ, ਜਿਸਨੂੰ ਪ੍ਰਚਾਰਨ ਵਿਚ ਮੀਡੀਆ ਦਾ ਇਕ ਹਿੱਸਾ ਇਕਦਮ ਸਰਗਰਮ ਹੋ ਜਾਂਦਾ ਹੈ। ਚੁਣਵੇਂ ਚਿੰਤਕਾਂ ਅਤੇ ਵਿਦਵਾਨਾਂ ਉੱਪਰ ਮੀਡੀਆ ਟਰਾਇਲ ਚਲਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਹਲਾ ਸਿੱਖਿਆ ਸੰਸਥਾਵਾਂ ਵਿੱਚੋਂ ਬਰਖ਼ਾਸਤ ਕਰਵਾਕੇ ਪਿਛਾਂਹਖਿੱਚੂ ਵਿਚਾਰਾਂ ਦੀ ਚੁਣੌਤੀਰਹਿਤ ਚੌਧਰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲਿਹਾਜ਼ਾ ਜਿੰਨਾ ਚਿਰ ਆਰ.ਐੱਸ.ਐੱਸ. ਦੇ ਪ੍ਰਚਾਰਕ ਕੇਂਦਰ ਵਿਚ ਸੱਤਾਧਾਰੀ ਰਹਿਣਗੇ, ਓਦੋਂ ਤਕ ਸੰਘ ਬਰਗੇਡ ਰੜਕਵੇਂ ਚਿੰਤਕਾਂ ਨੂੰ ਰਾਸ਼ਟਰ ਵਿਰੋਧੀ ਕਰਾਰ ਦੇਕੇ ਝੂਠੇ ਮਾਮਲਿਆਂ ਵਿਚ ਉਲਝਾਉਂਦਾ ਰਹੇਗਾ। ਲਿਹਾਜ਼ਾ ਇਹ ਜਾਣਨਾ ਜ਼ਰੂਰੀ ਹੈ ਕਿ ਹਰਿਆਣਾ ਸੈਂਟਰਲ ਯੂਨੀਵਰਸਿਟੀ ਵਿਚ ਵਿਚਾਰ-ਚਰਚਾ ਦਾ ਮੁੱਦਾ ਕੀ ਸੀ।

ਇਕ ਅਤੇ ਦੋ ਫਰਵਰੀ 2017 ਨੂੰ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ "ਹਿਸਟਰੀ ਰੀਕਾਂਸਟਰੂਡ ਥਰੂ ਲਿਟਰੇਚਰ: ਨੇਸ਼ਨ, ਆਈਡੈਂਟਿਟੀ, ਕਲਚਰ" ਸਿਰਲੇਖ ਹੇਠ ਇਕ ਕਾਨਫਰੰਸ ਜਥੇਬੰਦ ਕੀਤੀ ਸੀ। ਇਹ ਵਿਦਵਾਨਾਂ, ਇਤਿਹਾਸਕਾਰਾਂ ਅਤੇ ਚਿੰਤਕਾਂ ਦੀ ਇਕ ਗੰਭੀਰ ਵਿਚਾਰ-ਚਰਚਾ ਸੀ ਜੋ ਕਿਸੇ ਵੀ ਪਹਿਲੂ ਤੋਂ ਸਿਆਸੀ ਪ੍ਰਚਾਰ ਲਈ ਨਹੀਂ ਸੀ। ਇਸ ਵਿਚ ਵੱਖ-ਵੱਖ ਵਿਚਾਰਾਂ ਦੀ ਤਰਜ਼ਮਾਨੀ ਕਰਨ ਵਾਲਿਆਂ ਨੂੰ ਬੁਲਾਇਆ ਗਿਆ ਸੀ। ਕਾਨਫਰੰਸ ਦੀ ਕੁੰਜੀਵਤ ਆਯੋਜਕ ਪ੍ਰੋਫੈਸਰ ਰਾਜਸ਼ੀ ਰਾਨਾਵਤ ਵਲੋਂ ਇਹ ਯਕੀਨੀ ਬਣਾਇਆ ਗਿਆ ਕਿ ਸੰਵਾਦ ਵੰਨ-ਸੁਵੰਨਤਾ ਵਾਲਾ ਹੋਵੇ ਜਿਸ ਵਿਚ ਵੱਖੋ-ਵੱਖਰੇ ਵਿਚਾਰਾਂ ਦੇ ਨੁਮਾਇੰਦੇ ਆਪਣੇ ਵਿਚਾਰ ਪੇਸ਼ ਕਰਨ। ਸੁਦਰਸ਼ਨ ਰਾਓ (ਚੇਅਰਪਰਸਨ, ਇੰਡੀਅਨ ਕੌਂਸਲ ਆਫ ਹਿਸਟਾਰੀਕਲ ਰਿਸਰਚ), ਸੰਦੀਪ ਦੀਕਸ਼ਤ (ਕਾਂਗਰਸ), ਸੇਸ਼ਾਧਾਰੀ ਚਾਰੀ (ਆਰ.ਐੱਸ.ਐੱਸ.) ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਸ਼੍ਰੀ ਸੇਸ਼ਾਧਰੀ ਦਾ ਕਹਿਣਾ ਸੀ ਕਿ ਉਸਦੀ ਤਬੀਅਤ ਠੀਕ ਨਹੀਂ, ਇਸ ਕਰਕੇ ਉਸਦੀ ਥਾਂ ਵਿਦਵਾਨ ਹਿਮਾਂਸ਼ੂ ਰਾਏ ਨੂੰ ਬੁਲਾਇਆ ਗਿਆ। ਇਨ੍ਹਾਂ ਤੋਂ ਇਲਾਵਾ ਦਿੱਲੀ, ਗੁਜਰਾਤ ਅਤੇ ਰਾਜਸਥਾਨ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਤੋਂ ਬਹੁਤ ਸਾਰੇ ਵਿਦਵਾਨਾਂ ਨੂੰ ਬੁਲਾਇਆ ਗਿਆ: ਜਿਵੇਂ ਨਿਵੇਦਿਤਾ ਮੈਨਨ (ਜਵਾਹਰਲਾਲ ਨਹਿਰੂ ਯੂਨੀਵਰਸਿਟੀ, ਦਿੱਲੀ), ਅਮੀਨਾ ਕਾਜ਼ੀ ਅੰਸਾਰੀ ਅਤੇ ਰਿਜ਼ਵਾਨ ਕੈਸਰ (ਜਾਮੀਆ ਮਿਲੀਆ ਯੂਨੀਵਰਸਿਟੀ, ਦਿੱਲੀ), ਅਵਦੇਸ਼ ਕੁਮਾਰ ਸਿੰਘ (ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ), ਆਸ਼ੂਤੋਸ਼ ਮੋਹਨ ( ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ, ਦਿੱਲੀ), ਬਾਲਾਜੀ ਰਘੂਨਾਥਨ (ਸੈਂਟਰਲ ਯੂਨੀਵਰਸਿਟੀ ਆਫ ਗੁਜਰਾਤ), ਗੌਹਰ ਰਜ਼ਾ (ਸਾਇੰਸਦਾਨ ਅਤੇ ਫਿਲਮਸਾਜ਼), ਐਸ਼ਵਰਿਆ ਭੱਟੀ (ਐਡਵੋਕੇਟ ਸੁਪਰੀਮ ਕੋਰਟ)। ਨੌਜਵਾਨ ਖੋਜਕਾਰ ਵਿਦਵਾਨਾਂ ਨੂੰ ਵੀ ਵਿਚਾਰ ਰੱਖਣ ਦਾ ਮੌਕਾ ਦਿੱਤਾ ਗਿਆ। ਇੰਞ ਇਹ ਯੂਨੀਵਰਸਿਟੀ ਦੇ ਹਾਲ ਅੰਦਰ ਇਕ ਸੌ ਦੇ ਕਰੀਬ ਨੌਜਵਾਨ ਵਿਦਿਆਰਥੀਆਂ ਅਤੇ ਵਿਦਵਾਨ ਖੋਜਕਾਰਾਂ ਦੀ ਅੱਜ ਦੇ ਭਖਦੇ ਸਵਾਲਾਂ ਨੂੰ ਲੈਕੇ ਗੰਭੀਰ ਵਿਚਾਰ ਚਰਚਾ ਸੀ ਜਿਸ ਦੇ ਵਲੋਂ ਬਾਹਰਲੀ ਸਮਾਜ ਉੱਪਰ ਕਿਸੇ ਵੀ ਤਰ੍ਹਾਂ ਦਾ ਕੋਈ ਗ਼ਲਤ ਪ੍ਰਭਾਵ ਪਾਏ ਜਾਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ।

ਲੇਕਿਨ ਵਿਚਾਰਾਂ ਦਾ ਸੰਵਾਦ ਹੀ ਤਾਂ ਹੈ ਜੋ ਹਿੰਦੂਤਵੀ ਫਾਸ਼ੀਵਾਦੀ ਫ਼ਿਤਰਤ ਨੂੰ ਗਵਾਰਾ ਨਹੀਂ। ਪਹਿਲਾਂ ਪੂਣੇ ਦਾ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਸੰਘ ਦੇ ਫਾਸ਼ੀਵਾਦ ਦੀ ਭੇਟ ਚੜ੍ਹਿਆ ਅਤੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਵਿਚ ਰੋਹਿਤ ਵੇਮੂਲਾ ਦੇ ਸੰਸਥਾਗਤ ਕਤਲ ਨੂੰ ਸਿਲਸਿਲੇਵਾਰ ਅੰਜਾਮ ਦਿੱਤਾ ਗਿਆ। ਫਿਰ ਸੰਘ ਬਰਗੇਡ ਨੇ ਜੇ.ਐੱਨ.ਯੂ. ਦਿੱਲੀ ਨੂੰ ਨਿਸ਼ਾਨਾ ਬਣਾਇਆ ਗਿਆ। ਤਿੰਨ ਵਿਦਿਆਰਥੀ ਆਗੂਆਂ ਨੂੰ ਜਮਹੂਰੀ ਸੰਵਾਦ ਰਚਾਉਣ (ਜੋ ਇਸ ਆਹਲੀ ਮਿਆਰੀ ਸੰਸਥਾ ਦੀ ਸਥਾਪਨਾ ਦੇ ਜ਼ਮਾਨੇ ਤੋਂ ਹੀ ਇਸ ਦੀ ਨਿਆਰੀ ਰਵਾਇਤ ਰਹੀ ਹੈ) ਦੀ ਸਜ਼ਾ ਦੇਸ਼-ਧ੍ਰੋਹ ਦਾ ਕੇਸ ਦਰਜ ਕਰਕੇ ਅਤੇ ਬੇਤਹਾਸ਼ਾ ਰਾਜਕੀ ਦਹਿਸ਼ਤ ਪਾਕੇ ਦਿੱਤੀ ਗਈ। ਕਿਸੇ ਅਦਾਲਤ ਵਿਚ ਉਨ੍ਹਾਂ ਦਾ ਜੁਰਮ ਸਾਬਤ ਕੀਤੇ ਬਿਨਾ ਹੀ ਮੀਡੀਆ ਟਰਾਇਲ ਦੁਆਰਾ ਉਨ੍ਹਾਂ ਦੇ ਖ਼ਿਲਾਫ਼ ਖ਼ਤਰਨਾਕ ਹੱਦ ਤਕ ਮਾਹੌਲ ਭੜਕਾਇਆ ਗਿਆ। ਹਿੰਦੁਸਤਾਨੀ ਪਾਰਲੀਮੈਂਟ ਉੱਪਰ ਕਥਿਤ ਹਮਲੇ ਦੇ ਮੁਲਜ਼ਿਮ (ਜਿਸਦੇ ਮੁਜਰਿਮ ਹੋਣ ਬਾਰੇ ਸਜ਼ਾ ਦੇਣ ਵਾਲੀ ਅਦਾਲਤ ਨੂੰ ਵੀ ਸ਼ੱਕ ਸੀ ਅਤੇ ਜਿਸਨੂੰ ਮਹਿਜ਼ ਰਾਸ਼ਟਰ ਦੀ ਸਮੂਹਿਕ ਆਤਮਾ ਦੀ ਤਸੱਲੀ ਲਈ ਹੀ ਜੱਜਾਂ ਨੇ ਫਾਹੇ ਲਾਉਣ ਦਾ ਹੁਕਮ ਸੁਣਨ ਦਿੱਤਾ ਸੀ) ਨੂੰ ਦਿੱਤੀ ਗਈ ਫਾਂਸੀ ਬਾਰੇ ਨਾਗਰਿਕਾਂ ਦਾ ਮਿਲਕੇ ਵਿਚਾਰ-ਚਰਚਾ ਕਰਨਾ ਵੀ ਦੇਸ਼-ਧ੍ਰੋਹ ਬਣਾ ਦਿੱਤਾ ਗਿਆ। ਫਿਰ ਇਹ ਸਿਲਸਿਲਾ ਅਲਾਹਾਬਾਦ, ਅਲੀਗੜ੍ਹ, ਕਲਕੱਤਾ, ਪਟਿਆਲਾ, ਦਿੱਲੀ ਆਦਿ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸਾਹਮਣੇ ਆਇਆ ਜਿਥੇ ਸੰਘ ਬਰਗੇਡ ਵਲੋਂ ਸ਼ਰੇਆਮ ਗੁੰਡਾਗਰਦੀ ਕਰਕੇ ਰੌਸ਼ਨ-ਖ਼ਿਆਲ ਚਿੰਤਕਾਂ ਅਤੇ ਜ਼ਹੀਨ ਵਿਦਿਆਰਥੀਆਂ ਕੋਲੋਂ ਗੰਭੀਰ ਚਰਚਾਵਾਂ ਜਥੇਬੰਦ ਕਰਨ ਦੀ ਜਮਹੂਰੀ ਸਪੇਸ ਖੋਹਣ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ। ਪਰ ਬੇਖ਼ੌਫ਼ ਚਿੰਤਕਾਂ ਅਤੇ ਚੇਤੰਨ ਵਿਦਿਆਰਥੀਆਂ ਦੇ ਅਡੋਲ ਜਜ਼ਬੇ ਨੇ ਸੰਘ ਨੂੰ ਇਕ ਵਾਰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਜ਼ਿਆਦਾਤਰ ਮਾਮਲਿਆਂ ਵਿਚ ਮੁਕਾਮੀ ਪੁਲਿਸ ਅਧਿਕਾਰੀ, ਯੂਨੀਵਰਸਿਟੀ ਪ੍ਰਸ਼ਾਸਨ, ਮੀਡੀਆ ਦਾ ਇਕ ਹਿੱਸਾ ਅਤੇ ਸੰਘ ਬਰਗੇਡ ਇਨ੍ਹਾਂ ਹਮਲਿਆਂ ਦੌਰਾਨ





Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

SARO KARAN DI AWAZ

Publisher
Pro-People Arts Project Media
Group 29 Mapleview Ave,
Brampton
Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Sub Editor
Master Bhajan Singh
Calgary (Alberta)
403-455-4220
btarksheel@gmail.com

Sub Editor
Dr. Hardeep Singh, Milton
(Ontario)
226-979-5688
deephsingh@gmail.com

Literary Advisor
Gurbachan Singh Brar
Calgary (NE) Alberta
403-470-2628
brargurbachan@yahoo.ca

Advisory Board
Narbhinder Singh (India)
935-443-0211

Buta Singh Nawan Shahr
(India)
946-347-4342
atoozed@gmail.com

Jaswant Zirakh (India)
98151-69825
jaswantzirakh@gmail.com

Harnek Dhaliwal, Winnipeg
(Manitoba)
204-488-6960

Parshotam Dosanjh,
Surrey (BC)
1-604-512-8371

Sukhdev Singh Sandhu
(Toronto)

Master Balbir Singh Gill
(Toronto)

Jaspreet Dhaliwal
(Toronto)

Randeep Singh
(India)
09855695905
rvs0001@gmail.com

Baljinder Singh
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਜ਼ਾਹਰਾ ਤੌਰ 'ਤੇ ਇਕ ਹੋਕੇ ਸੰਘ ਦੇ ਏਜੰਡੇ ਲਈ ਕੰਮ ਕਰਦੇ ਦੇਖੇ ਗਏ ਜੋ ਆਹਲਾ ਮਿਆਰੀ ਸਿਖਿਆ ਸੰਸਥਾਵਾਂ, ਰਾਜਤੰਤਰ ਅਤੇ ਮੀਡੀਆ ਅੰਦਰ ਆਰ.ਐੱਸ.ਐੱਸ. ਦੀ ਡੂੰਘੀ ਘੁਸਪੈਠ ਦਾ ਸੂਚਕ ਸੀ।

ਫਿਰ ਸੰਘ ਬਰਗੇਡ ਨੇ ਹਰਿਆਣਾ ਸੈਂਟਰਲ ਯੂਨੀਵਰਸਿਟੀ ਨੂੰ ਨਿਸ਼ਾਨਾ ਬਣਾਇਆ ਜਿੱਥੇ ਅੰਗਰੇਜ਼ੀ ਅਤੇ ਬਦੇਸ਼ੀ ਜ਼ੁਬਾਨਾਂ ਵਿਭਾਗ ਵਲੋਂ "ਦਰੋਪਦੀ" ਨਾਟਕ ਦਾ ਮੰਚਨ ਕਰਵਾਇਆ ਗਿਆ ਸੀ ਜੋ ਮਸ਼ਹੂਰ ਲੇਖਿਕਾ ਅਤੇ ਕਾਰਕੁੰਨ ਮਹਾਸ਼ਵੇਤਾ ਦੇਵੀ ਦੀ ਇਸੇ ਨਾਂ ਵਾਲੀ ਕਹਾਣੀ ਦਾ ਨਾਟਕੀ ਰੂਪਾਂਤਰ ਸੀ। ਕਹਾਣੀ ਵਿਚ ਨਾਟਕਕਾਰ ਨੇ ਅੰਤਿਕਾ ਦੇ ਤੌਰ 'ਤੇ ਕੁਝ ਕੁ ਅਜੋਕੀਆਂ ਮਿਸਾਲਾਂ ਜੋੜਕੇ ਇਸ ਨੂੰ ਵਧੇਰੇ ਪ੍ਰਸੰਗਿਕ ਬਣਾ ਦਿੱਤਾ ਸੀ। ਇਹ ਸਮਾਗਮ ਮਹਾਸ਼ਵੇਤਾ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਜਥੇਬੰਦ ਕੀਤਾ ਗਿਆ ਸੀ ਜਿਸਦਾ 28 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ। ਪ੍ਰੋਫੈਸਰ ਸਨੇਹਸਤਾ ਅਤੇ ਪ੍ਰੋਫੈਸਰ ਮਨੋਜ ਕੁਮਾਰ ਵਲੋਂ ਤਿਆਰ ਕਰਵਾਏ ਇਸ ਨਾਟਕ ਵਿਚ ਹਿੰਦੁਸਤਾਨੀ ਫ਼ੌਜ ਵਲੋਂ ਔਰਤਾਂ ਉੱਪਰ ਕੀਤੀ ਜਾ ਰਹੀ ਜਿਨਸੀ ਹਿੰਸਾ ਨੂੰ ਦਿਖਾਇਆ ਗਿਆ ਸੀ। ਨਾਟਕ ਦੀ ਅੰਤਿਕਾ ਵਿਚ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ ਅਤੇ ਆਦਿਵਾਸੀ ਇਲਾਕਿਆਂ ਵਿਚ ਔਰਤਾਂ ਉੱਪਰ ਜਿਨਸੀ ਹਿੰਸਾ ਦੀ ਬੇਬਾਕ ਤਸਵੀਰ ਪੇਸ਼ ਕੀਤੀ ਗਈ ਸੀ। ਸੰਘ ਬਰਗੇਡ ਨੂੰ ਇਤਰਾਜ਼ ਸੀ ਕਿ ਨਾਟਕ ਫ਼ੌਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਇਥੇ ਸੰਘ ਦਾ ਮਖੌਟਾਧਾਰੀ ਕਿਰਦਾਰ ਮੂੰਹ ਚੜ੍ਹ ਬੋਲ ਰਿਹਾ ਸੀ - ਸੰਘ ਪ੍ਰਚਾਰਕਾਂ ਦੀ ਮੋਦੀ



ਸਰਕਾਰ ਮਹਾਨ ਲੇਖਿਕਾ ਦੀ ਸਾਹਿਤਿਕ ਦੇਣ ਲਈ ਉਸ ਨੂੰ ਸ਼ਰਧਾਂਜਲੀ ਭੇਂਟ ਕਰ ਰਹੀ ਸੀ ਅਤੇ ਸੰਘ ਬਰਗੇਡ ਦੀ ਹੀ ਇਕ ਸੰਸਥਾ - ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ - ਉਸੇ ਲੇਖਿਕਾ ਦੀ ਕਹਾਣੀ ਦੇ ਨਾਟਕੀ ਰੂਪਾਂਤਰ ਨੂੰ ਦੇਸ਼ਧ੍ਰੋਹੀ ਕਰਾਰ ਦੇਕੇ ਨਾਟਕ ਦੇ ਆਯੋਜਕਾਂ ਵਿਰੁੱਧ ਦੇਸ਼ਧ੍ਰੋਹ ਦੇ ਪਰਚੇ ਦਰਜ ਕਰਾਉਣ ਲਈ ਧੜਾਧੜ ਵਿਰੋਧ ਪ੍ਰਦਰਸ਼ਨ ਕਰ ਰਹੀ ਸੀ।

ਜੋਧਪੁਰ ਯੂਨੀਵਰਸਿਟੀ ਦੀ ਕਾਨਫਰੰਸ ਅੰਦਰ ਪ੍ਰੋਫੈਸਰ ਮੈਨਨ ਅਤੇ ਹੋਰ ਉੱਚ ਕੋਟੀ ਦੇ ਵਿਦਵਾਨਾਂ ਵਲੋਂ ਆਪਣੇ ਭਾਸ਼ਣ ਦੌਰਾਨ ਉਠਾਏ ਠੋਸ ਨੁਕਤਿਆਂ ਉੱਪਰ ਬਹਿਸ ਕਰਨਾ ਸੰਘ ਬਰਗੇਡ ਦੇ ਵੱਸ ਦੀ ਗੱਲ ਨਹੀਂ ਜਿਨ੍ਹਾਂ ਦੀ ਮੂਲ ਵਿਰਾਸਤ ਹੀ ਨਫ਼ਰਤ, ਮਕਾਰੀ ਅਤੇ ਝੂਠ ਦਾ ਮੁਜੱਸਮਾ ਮਨੂਸਮ੍ਰਿਤੀ ਅਤੇ ਬੁਜ਼ਦਿਲੀ ਹੈ। ਉਨ੍ਹਾਂ ਨੇ ਵਿਚਾਰ ਪੇਸ਼ ਕਰਨ ਵਾਲੇ ਚਿੰਤਕਾਂ ਦੇ ਕਿਸੇ ਇਕ ਵੀ ਨੁਕਤੇ ਦਾ ਜਵਾਬ ਨਹੀਂ ਦਿੱਤਾ। ਫ਼ੌਜ ਉੱਪਰ ਬਦਨਾਮੀ ਦੇ ਉਪਰੋਕਤ ਕਲੰਕ ਬਾਰੇ ਸ਼ਾਇਦ ਹੀ ਕਿਸੇ ਜਾਗਰੂਕ ਬੰਦੇ ਨੂੰ ਕੋਈ ਭੁਲੇਖਾ ਹੋਵੇ। ਹਿੰਦੁਸਤਾਨੀ ਫ਼ੌਜ, ਨੀਮ-ਫ਼ੌਜੀ ਤਾਕਤਾਂ ਅਤੇ ਪੁਲਿਸ ਸਮੇਤ ਰਾਜਤੰਤਰ ਦੀਆਂ ਤਮਾਮ ਅਖਾਉਤੀ ਸੁਰੱਖਿਆ ਏਜੰਸੀਆਂ ਇਸ ਮੁਲਕ ਦੇ ਗ਼ਰੀਬ, ਨਿਤਾਣੇ, ਲੁੱਟੇਪੁੱਟੇ ਅਤੇ ਦੱਬੇਕੁਚਲੇ ਲੋਕਾਂ ਪ੍ਰਤੀ ਆਪਣੇ ਧਾੜਵੀ ਰਵੱਈਏ ਨੂੰ ਲੈਕੇ ਹਮੇਸ਼ਾ ਵਿਵਾਦਾਂ ਦੇ ਘੇਰੇ ਵਿਚ ਰਹੀਆਂ ਹਨ। ਹਿੰਦੁਸਤਾਨੀ ਫ਼ੌਜ ਦੇ ਜਰਨਲ ਬਿਪਿਨ ਰਾਵਤ ਦਾ ਹਾਲੀਆ ਬਿਆਨ ਫ਼ੌਜ ਦੀ ਫ਼ਿਤਰਤ ਦਾ ਸਿੱਕੇਬੰਦ ਨਮੂਨਾ ਹੈ ਜਿਸਨੇ ਸਪਸ਼ਟ ਕਹਿ ਦਿੱਤਾ ਹੈ ਕਿ ਫ਼ੌਜ ਦੀਆਂ ਕਾਰਵਾਈਆਂ ਵਿਚ ਰੁਕਾਵਟਾਂ ਪੈਦਾ ਕਰਕੇ ਕਸ਼ਮੀਰ ਦੇ ਅਵਾਮ ਇੰਤਹਾਪਸੰਦਾਂ ਦੀ ਮਦਦ ਕਰਦੇ ਹਨ, ਜੇ ਉਹ ਵਿਰੋਧ ਪ੍ਰਦਰਸ਼ਨ ਬੰਦ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਇੰਤਹਾਪਸੰਦਾਂ ਦੇ ਹਮਾਇਤੀ ਮੰਨਕੇ ਨਿਸ਼ਾਨਾ ਬਣਾਇਆ ਜਾਵੇਗਾ। ਜੇ ਆਹਲਾ ਫ਼ੌਜੀ ਕਮਾਨ ਦੀ ਸੋਚ ਇਸ ਕਦਰ ਵਹਿਸ਼ੀ ਹੈ ਤਾਂ ਮੁਲਕ ਦੇ ਨਾਗਰਿਕ ਇਸ ਅਖਾਉਤੀ ਸੁਰੱਖਿਆ ਘੁਟਾਲੇ ਉੱਪਰ ਚਰਚਾ ਕਿਉਂ ਨਹੀਂ ਕਰਨਗੇ ਜਿਨ੍ਹਾਂ ਦੇ ਟੈਕਸਾਂ ਦੇ ਦਹਿ ਹਜ਼ਾਰਾਂ ਕਰੋੜ ਰੁਪਏ ਹਰ ਸਾਲ ਅੰਦਰੂਨੀ ਸੁਰੱਖਿਆ ਦੇ ਨਾਂ 'ਤੇ ਪਾਣੀ ਵਾਂਗ ਰੋੜੇ ਜਾਂਦੇ ਹਨ। ਫ਼ੌਜੀ ਅਫ਼ਸਰਸ਼ਾਹੀ ਉੱਪਰ ਤਰ੍ਹਾਂ-ਤਰ੍ਹਾਂ ਦੇ ਘੁਟਾਲਿਆਂ ਅਤੇ ਆਮ ਫ਼ੌਜੀਆਂ ਨਾਲ ਬਦਸਲੂਕੀ ਤੇ ਉਨ੍ਹਾਂ ਦੇ ਸ਼ੋਸ਼ਣ ਦੇ ਕਲੰਕ ਇਸ ਤੋਂ ਵੱਖਰੇ ਹਨ। ਨਾਗਰਿਕ ਇਹ ਵਜਾਹਤ ਕਰਨ ਲਈ ਕਿਉਂ ਅੱਗੇ ਨਹੀਂ ਆਉਣਗੇ ਕਿ ਅਖਾਉਤੀ ਗੜਬੜਗ੍ਰਸਤ ਖੇਤਰਾਂ ਵਿੱਚੋਂ ਫ਼ੌਜੀ ਅਤੇ ਨੀਮ-ਫ਼ੌਜੀ ਲਸ਼ਕਰ ਵਾਪਸ ਤੁਰੰਤ ਹਟਾਏ ਜਾਣ ਅਤੇ ਮਸਲਿਆਂ ਦਾ ਸਿਆਸੀ ਹੱਲ ਲੱਭਿਆ ਜਾਵੇ।

ਹਕੂਮਤੀ ਹਥਿਆਰਬੰਦ ਲਸ਼ਕਰਾਂ ਵਲੋਂ ਢਾਹੇ ਜਾ ਰਹੇ ਬੇਤਹਾਸ਼ਾ ਜ਼ੁਲਮਾਂ ਅਤੇ ਹਿੰਦੁਸਤਾਨੀ ਰਾਜ ਤੋਂ ਬਾਗ਼ੀ ਸਮਾਜੀ ਸਮੂਹਾਂ ਦੀਆਂ ਔਰਤਾਂ ਵਿਰੁੱਧ ਵਿਆਪਕ ਪੈਮਾਨੇ 'ਤੇ ਜਿਨਸੀ ਹਿੰਸਾ ਦੀਆਂ ਰਿਪੋਰਟਾਂ ਨੂੰ ਤੱਥਾਂ ਸਹਿਤ ਖਾਰਜ ਕਰਨ ਦੀ ਹਿੰਮਤ ਹੁਕਮਰਾਨ ਜਮਾਤਾਂ ਦੀ ਕਿਸੇ ਪਾਰਟੀ ਵਿਚ ਵੀ ਨਹੀਂ। ਠੋਸ ਦਲੀਲਾਂ ਪੱਖੋਂ ਕੰਗਾਲ ਹੁਕਮਰਾਨ ਜਮਾਤ ਰਾਸ਼ਟਰਵਾਦੀ ਜਜ਼ਬਾਤ ਭੜਕਾਉਣ ਲਈ ਫ਼ੌਜ ਦੀ ਦੇਸ਼ਭਗਤੀ ਦਾ ਢੰਡੋਰਾ ਪਿੱਟਣਾ ਸ਼ੁਰੂ ਕਰ ਦਿੰਦੀ ਹੈ। ਇਸ ਜ਼ਰੀਏ ਅਸਲ ਹਕੀਕਤ ਤੋਂ ਅਵਾਮ ਦਾ ਧਿਆਨ ਸਹਿਜੇ ਹੀ ਭਟਕਾਇਆ ਜਾ ਸਕਦਾ ਹੈ। ਤਵਾਰੀਖ਼ ਗਵਾਹ ਹੈ ਕਿ ਫਾਸ਼ੀਵਾਦ ਦੀ ਚੜ੍ਹ ਕਿੰਨੀ ਵੀ ਮੱਚ ਜਾਵੇ, ਜ਼ਮੀਰ ਦੀ ਆਵਾਜ਼ ਸੁਣਨ ਵਾਲੇ ਬੁੱਧੀਜੀਵੀਆਂ ਦਾ ਬੀਜਨਾਸ਼ ਕਦੇ ਨਹੀਂ ਹੁੰਦਾ। ਇਕ ਵਾਰ ਫਿਰ ਹਿਟਲਰ ਦੇ ਭਗਤਾਂ ਦੇ ਪੱਲੇ ਨਮੋਸ਼ੀ ਹੀ ਪਵੇਗੀ ਅਤੇ ਵਿਚਾਰਾਂ ਦੀ ਆਜ਼ਾਦੀ ਦਾ ਪਰਚਮ ਬੁਲੰਦ ਰਹੇਗਾ।






# ਸਿੱਖ ਧਰਮ ਤੇ ਤਰਕਸ਼ੀਲਤਾ



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਬਚਪਨ ਤੋਂ ਸਿੱਖ ਧਰਮ ਦੇ ਬਹੁਤੇ ਪ੍ਰਚਾਰਕਾਂ ਤੇ ਖਾਸਕਰ ਸੰਤਾਂ-ਬਾਬਿਆਂ ਤੋਂ ਅਜਿਹਾ ਸੁਣਦੇ ਆ ਰਹੇ ਹਾਂ ਕਿ ਧਰਮ ਸ਼ਰਧਾ ਤੇ ਵਿਸ਼ਵਾਸ਼ ਦਾ ਵਿਸ਼ਾ ਹੈ। ਆਪਣੇ ਗੁਰੂਆਂ-ਪੀਰਾਂ ਤੇ ਸ਼ੰਕਾ ਕਰਨਾ, ਨਰਕਾਂ ਦੇ ਭਾਗੀ ਬਣਨ ਬਰਾਬਰ ਹੈ। ਅਜਿਹਾ ਵੀ ਸੁਣਨ ਨੂੰ ਮਿਲਦਾ ਹੈ ਕਿ ਸਾਨੂੰ ਆਪਣੀਆਂ ਪ੍ਰੰਪਰਾਵਾਂ ਤੇ ਮਰਿਯਾਦਾਵਾਂ ਨੂੰ ਕਾਇਮ ਰੱਖਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਤੇ ਧਰਮ ਦੀ ਕਿਸੇ ਮਰਿਯਾਦਾ ਜਾਂ ਪ੍ਰੰਪਰਾ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ। ਧਰਮ ਦੀ ਕੋਈ ਮਰਿਯਾਦਾ ਜਾਂ ਪ੍ਰੰਪਰਾ ਭਾਵੇਂ ਕਿਤਨੀ ਵੀ ਤਰਕਹੀਣ, ਸਮਾਂ ਵਿਹਾ ਚੁੱਕੀ ਕਿਉਂ ਨਾ ਹੋਵੇ, ਉਸ ਬਾਰੇ ਵਿਚਾਰ ਕਰਨਾ ਜਾਂ ਉਸ ਤੇ ਕਿੰਤੂ ਪ੍ਰੰਤੂ ਕਰਨਾ ਧਰਮ ਵਿਰੋਧੀ ਹੈ। ਇਸੇ ਕਰਕੇ ਆਮ ਤੌਰ ਤੇ ਪੜ੍ਹੇ ਲਿਖੇ ਜਾਂ ਸੋਚ ਵਿਚਾਰ ਵਾਲੇ ਅਗਾਂਹਵਧੂ ਲੋਕਾਂ ਵਲੋਂ ਜਥੇਬੰਧਕ ਧਰਮਾਂ ਨੂੰ ਪਿਛਾਂਹਖਿਚੂ ਕਿਹਾ ਜਾਂਦਾ ਹੈ।ਇਹੀ ਵਜ੍ਹਾ ਹੈ ਕਿ ਅੱਜ 21ਵੀਂ ਸਦੀ ਦੇ ਵਿਗਿਆਨਕ, ਤਕਰਸ਼ੀਲ, ਅਗਾਂਹਵਧੂ, ਮਨੁੱਖਤਾਵਾਦੀ ਤੇ ਚਿੰਤਤ-ਮਨਨ ਕਰਨ ਵਾਲੇ ਵਿਅਕਤੀਆਂ ਨੂੰ, ਪ੍ਰਚਲਤ ਜਥੇਬੰਧਕ ਧਰਮ ਫਿੱਟ ਨਹੀਂ ਆਉਂਦੇ ਅਤੇ ਅੱਜ ਦੀ ਨੌਜਵਾਨ ਪੀੜ੍ਹੀ ਦਿਨੋ-ਦਿਨ ਜਥੇਬੰਧਕ ਧਰਮਾਂ ਤੋਂ ਦੂਰ ਹੋ ਰਹੀ ਹੈ। ਜੇ ਅਸੀਂ ਵਾਈ ਜਨਰੇਸ਼ਨ (1980-2000) ਜਾਂ ਮਲੇਨੀਅਮ ਜਨਰੇਸ਼ਨ (2000 ਤੋਂ ਬਾਅਦ ਪੈਦਾ ਹੋ ਰਹੀ) ਨੂੰ ਦੇਖੀਏ ਤਾਂ ਉਹ ਤਕਰੀਬਨ ਧਰਮ ਕਰਮ ਛੱਡ ਚੁੱਕੀ ਹੈ, ਜੇ ਉਨ੍ਹਾਂ ਵਿਚੋਂ ਕੁਝ ਧਰਮ ਪ੍ਰਤੀ ਸ਼ਰਧਾ ਰੱਖਦੇ ਵੀ ਹਨ ਤਾਂ ਸਿਰਫ ਮਾਪਿਆਂ ਦੇ ਪ੍ਰਭਾਵ ਵਿੱਚ ਸ੍ਰਿਸ਼ਟਾਚਰ ਵਜੋਂ ਹੀ ਧਰਮ ਦੇ ਕਰਮਕਾਂਡ ਨਿਭਾਉਂਦੇ ਹਨ, ਨਹੀਂ ਤਾਂ ਉਨ੍ਹਾਂ ਨੂੰ ਧਰਮ ਵਿੱਚ ਕੋਈ ਦਿਲਚਸਪੀ ਨਹੀਂ। ਇਸ ਤੋਂ ਅਗਲੀ ਜਨਰੇਸ਼ਨ ਇਨ੍ਹਾਂ ਧਰਮਾਂ ਤੋਂ ਬਿਲਕੁਲ ਦੂਰ ਹੋ ਜਾਵੇਗੀ ਕਿਉਂਕਿ ਇਨ੍ਹਾਂ ਵਿੱਚੋਂ ਵਿਅਕਤੀ ਨੂੰ ਕੁਝ ਵੀ ਨਹੀਂ ਮਿਲ ਰਿਹਾ। ਅੱਜ ਦਾ ਨੌਜਵਾਨ ਪੀੜ੍ਹੀ ਸੋਚਦੀ ਹੈ ਕਿ ਧਰਮ ਮੰਦਰਾਂ ਵਿੱਚ ਜਾ ਕੇ ਪੁਰਾਣੀਆਂ ਘਸੀਆਂ ਪਿਟੀਆਂ ਕਥਾ ਕਹਾਣੀਆਂ ਸੁਣਨ ਜਾਂ ਫੋਕਟ ਕਰਮਕਾਂਡ ਨਿਭਾਉਣ ਨਾਲੋਂ ਕੁਝ ਹੋਰ ਕਰਨਾ ਸਾਰਥਕ ਹੈ। ਅੱਜ ਦੁਨੀਆਂ ਵਿੱਚ ਪ੍ਰਚਲਤ ਜਥੇਬੰਧਕ ਧਰਮ, ਜਿਨ੍ਹਾਂ ਗੁਰੂਆਂ, ਪੈਗੰਬਰਾਂ ਦੇ ਨਾਮ ਤੇ ਚੱਲ ਰਹੇ ਹਨ, ਉਨ੍ਹਾਂ ਨੇ ਕਦੇ ਕਿਸੇ ਧਰਮ ਦੀ ਸ਼ੁਰੂਆਤ ਨਹੀਂ ਕੀਤੀ ਸੀ ਤੇ ਨਾ ਹੀ ਕਦੇ ਕੋਈ ਜਥੇਬੰਧਕ ਧਰਮ ਹੀ ਬਣਾਇਆ ਸੀ। ਧਰਮਾਂ ਦਾ ਇਤਿਹਾਸ ਪੜ੍ਹ ਕੇ ਦੇਖੋ, ਹਰ ਗੁਰੂ, ਪੈਗੰਬਰ ਜਾਂ ਸੰਤ, ਹਮੇਸ਼ਾਂ ਆਪਣੇ ਸਮੇਂ ਦੇ ਜਥੇਬੰਧਕ ਧਰਮਾਂ ਦੇ ਵਿਰੋਧ ਵਿੱਚ ਖੜ੍ਹਾ ਮਿਲੇਗਾ। ਕਦੇ ਕਿਸੇ ਸੱਚੇ ਸੰਤ ਜਾਂ ਗੁਰੂ ਨੇ ਕਿਸੇ ਪੁਰਾਣੇ ਜਥੇਬੰਧਕ ਧਰਮ ਨੂੰ ਨਾ ਕਦੇ ਮਾਨਤਾ ਦਿੱਤੀ ਤੇ ਨਾ ਉਨ੍ਹਾਂ ਦੀ ਕਿਸੇ ਮਰਿਯਾਦਾ ਜਾਂ ਪ੍ਰੰਪਰਾ ਨੂੰ ਹੀ ਮੰਨਿਆ।ਹਰ ਇੱਕ ਨੇ ਮਨੁੱਖ ਨੂੰ ਸਮੇਂ ਅਨੁਸਾਰ ਸੱਚ ਨਾਲ ਜੁੜਨ ਦਾ ਹੋਕਾ ਦਿੱਤਾ। ਪਰ ਸਮਾਂ ਪਾ ਕੇ ਅਜਿਹੇ ਮਹਾਂਪੁਰਸ਼ਾਂ ਪ੍ਰਤੀ ਲੋਕਾਂ ਦੇ ਸਤਿਕਾਰ ਦਾ ਲਾਭ ਉਠਾ ਕੇ ਸ਼ੈਤਾਨ ਪੁਜਾਰੀ ਤੇ ਲੋਕ ਵਿਰੋਧੀ ਸ਼ਾਸਕ ਗੱਠਜੋੜ ਕਰਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਦੇ ਰਹੇ ਹਨ ਤੇ ਇਸੇ ਤਰ੍ਹਾਂ ਹਰੇਕ ਮਹਾਂਪੁਰਸ਼ ਦੇ ਜੀਵਨ ਕਾਲ ਤੋਂ ਬਾਅਦ ਨਵਾਂ ਫਿਰਕਾ (ਧਰਮ ?) ਪ੍ਰਚਲਤ ਹੁੰਦਾ ਰਿਹਾ ਹੈ ਅਤੇ ਇਹ ਪੰਡਤ-ਪੁਜਾਰੀ, ਸਰਮਾਏਦਾਰ ਤੇ ਸ਼ਾਸਕ ਨਵੇਂ ਰੂਪ ਵਿੱਚ ਲੋਕਾਂ ਨੂੰ ਲੁੱਟਣ ਤੇ ਕੁੱਟਣ ਦਾ ਰਾਹ ਲੱਭ ਲੈਂਦੇ ਰਹੇ ਹਨ। ਮੇਰਾ ਇਹ ਮੰਨਣਾ ਹੈ ਕਿ ਦੁਨੀਆਂ ਵਿੱਚ ਪ੍ਰਚਲਤ ਸਾਰੇ ਗੁਰੂਆਂ, ਪੈਗੰਬਰਾਂ, ਮਹਾਂਪੁਰਸ਼ਾਂ ਦੇ ਨਾਮ ਤੇ ਪ੍ਰਚਲਤ ਅਖੌਤੀ ਸਭ ਧਰਮ, ਨਕਲੀ ਹਨ, ਇਨ੍ਹਾਂ ਵਿੱਚ ਧਰਮ ਨਾ ਦੀ ਕੋਈ ਸ਼ੈਅ ਨਹੀਂ ਹੈ। ਜੇ ਇਨ੍ਹਾਂ ਕੋਲ ਹੈ ਤਾਂ ਸਿਰਫ ਇਤਨਾ ਕੁ ਹੀ ਹੈ ਕਿ ਇਨ੍ਹਾਂ ਨੇ ਉਨ੍ਹਾਂ ਗੁਰੂਆਂ, ਪੈਗੰਬਰਾਂ ਦੀ ਵਿਚਾਰਧਾਰਾ ਦੇ ਗ੍ਰੰਥਾਂ ਨੂੰ ਜੱਫਾ ਮਾਰਿਆ ਹੋਇਆ ਹੈ। ਜੇ ਗੁਰੂਆਂ, ਪੀਰਾਂ-ਪੈਗੰਬਰਾਂ, ਸੰਤਾਂ-ਮਹਾਂਪੁਰਸ਼ਾਂ ਨੂੰ ਇਨ੍ਹਾਂ ਨਕਲੀ ਧਾਰਮਿਕ ਫਿਰਕਿਆਂ ਵਿਚੋਂ ਕਦੇ ਕੁਝ ਨਹੀਂ ਮਿਲਿਆ ਤਾਂ ਸਾਨੂੰ ਵੀ ਕੁਝ ਨਹੀਂ ਮਿਲਣ ਵਾਲਾ।ਧਰਮ ਹਰੇਕ ਦਾ ਨਿੱਜੀ ਹੁੰਦਾ ਹੈ, ਧਰਮ ਕਦੇ ਜਥੇਬੰਧਕ ਨਹੀਂ ਹੋ ਸਕਦਾ ? ਜਿਸ ਸਥਾਨ ਜਾਂ ਇਲਾਕੇ ਵਿੱਚ ਤੁਸੀਂ ਰਹਿੰਦੇ ਹੋ, ਉਥੇ ਦੇ ਸਾਂਝੇ ਮਸਲਿਆਂ, ਲੋਕ ਹਿੱਤਾਂ ਤੇ ਆਪਸੀ ਭਾਈਚਾਰਕ ਸਾਂਝ ਲਈ ਜਥੇਬੰਦੀ ਦੀ ਲੋੜ ਹੋ ਸਕਦੀ ਹੈ ਤੇ ਕੰਮ ਵੀ ਆ ਸਕਦੀ ਹੈ, ਪਰ ਧਰਮ ਲਈ ਕਦੇ ਜਥੇਬੰਦੀ ਦੀ ਲੋੜ ਨਹੀਂ ਹੋ ਸਕਦੀ ? ਧਰਮ ਮਨੁੱਖ ਦੀ ਨਿੱਜੀ ਸਾਧਨਾ ਹੈ, ਮਨ ਨੂੰ ਸਾਧਣ ਦੀ ਆਪਣੀ ਕਮਾਈ ਹੈ, ਸੱਚ ਨੂੰ ਜਾਨਣ ਲਈ ਨਿੱਜੀ ਅਨੁਭਵ ਹੈ। ਮੇਰਾ ਇਹ ਮੰਨਣਾ ਹੈ ਕਿ ਜਦੋਂ ਤੱਕ ਦੁਨੀਆਂ ਵਿੱਚ ਜਥੇਬੰਦਕ ਧਰਮ ਕਾਇਮ ਹਨ, ਮਨੁੱਖ ਕਦੇ ਸ਼ਾਂਤੀ ਤੇ ਆਪਸੀ ਭਾਈਚਾਰੇ ਨਾਲ ਨਹੀਂ ਰਹਿ ਸਕਦਾ। ਇਨ੍ਹਾਂ ਧਰਮਾਂ ਦੀ ਸ਼ੁਰੂਆਤ ਹੀ ਮਨੁੱਖ ਨੂੰ ਮਨੁੱਖ ਨਾਲੋਂ ਤੋੜਨ ਨਾਲ ਹੁੰਦੀ ਹੈ। ਜਦੋਂ ਮਨੁੱਖ ਨੂੰ ਉਸਦੇ ਗੁਣਾਂ, ਉਸਦੀ ਸਖਸ਼ੀਅਤ, ਉਸਦੀ ਮਨੁੱਖਤਾ ਪ੍ਰਤੀ ਦੇਣ ਨੂੰ ਛੱਡ ਕੇ ਸਿਰਫ ਜਥੇਬੰਦਕ ਧਰਮ ਦੇ ਕਰਮਕਾਂਡਾਂ ਨੂੰ ਨਿਭਾਉਣ, ਖਾਸ ਧਾਰਮਿਕ ਚਿੰਨ੍ਹ ਧਾਰਨ ਕਰਨ, ਖਾਸ ਪਹਿਰਾਵੇ ਤੇ ਦਿਖਾਵੇ ਕਰਨ, ਖਾਸ ਤਰ੍ਹਾਂ ਦੀ ਪੂਜਾ ਪਾਠ ਦੇ ਅਧਾਰ ਤੇ ਵਿਸ਼ੇਸ਼ ਮੰਨ ਲਿਆ ਜਾਂਦਾ ਹੈ ਤਾਂ ਮਨੁੱਖ ਕਦੇ ਵਿਕਾਸ ਨਹੀਂ ਕਰ ਸਕਦਾ।ਵੈਸੇ ਵੀ ਸਾਰੇ ਧਾਰਮਿਕ ਫਿਰਕੇ ਪੁਰਾਤਨਤਾ ਵਿੱਚ ਵਿਸ਼ਵਾਸ਼ ਕਰਦੇ ਹਨ, ਵਿਕਾਸ ਵਿੱਚ ਨਹੀਂ। ਕੁਦਰਤ ਦਾ ਨਿਯਮ ਵਿਕਾਸ ਕਰਨਾ ਹੈ, ਹਰ ਚੀਜ਼ ਵਿਕਾਸ ਕਰ ਰਹੀ ਹੈ, ਇਥੇ ਕੁਝ ਵੀ ਖੜੋਤ ਵਿੱਚ ਨਹੀਂ ਹੈ। ਜੋ ਖੜੋਤ ਵਿੱਚ ਦਿਸਦਾ ਵੀ ਹੈ, ਉਹ ਵੀ ਖੜੋਤ ਵਿੱਚ ਨਹੀਂ ਹੈ, ਸਗੋਂ ਇਹ ਸਾਡਾ ਭਰਮ ਹੀ ਹੈ। ਕਿਸੇ ਜਗ੍ਹਾ ਪਿਆ ਪੱਥਰ ਦੇਖਣ ਨੂੰ ਲੱਗ ਸਦਾ ਹੈ ਕਿ ਖੜੋਤ ਵਿੱਚ ਹੈ, ਪਰ ਇਕ ਦਿਨ ਉਹ ਵੀ ਖਤਮ ਹੋ ਜਾਏਗਾ, ਉਹ ਵੀ ਵਿਕਾਸਮਾਨ ਹੈ। ਕੋਈ ਅਡੋਲ ਖੜ੍ਹਾ ਦਰਖਤ ਵੀ ਇੱਕ ਦਿਨ ਵੀ ਬੀਜ ਸੀ, ਜੋ ਪੌਦਾ ਬਣਿਆ ਤੇ ਵੱਡਾ ਦਰਖਤ ਬਣ ਕੇ ਇੱਕ ਦਿਨ ਮਿੱਟੀ ਵਿੱਚ ਮਿਲ ਜਾਵੇਗਾ। ਪਰ ਧਾਰਮਿਕ ਫਿਰਕੇ ਨਾ ਸਿਰਫ ਮਨੁੱਖਤਾ ਵਿਰੋਧੀ ਹਨ, ਸਗੋਂ ਵਿਕਾਸ ਦੇ ਵਿਰੋਧੀ ਹੋਣ ਕਰਕੇ ਕੁਦਰਤ ਦੇ ਵੀ ਵਿਰੋਧ ਵਿੱਚ ਖੜ੍ਹੇ ਹਨ, ਇਨ੍ਹਾਂ ਨੂੰ ਕੁਦਰਤ ਦੇ ਅੱਟਲ ਨਿਯਮਾਂ ਦੀ ਸੋਝੀ ਨਹੀਂ ਹੈ। ਨਹੀਂ ਤਾਂ ਇਹ ਕਦੇ ਇਹ ਪ੍ਰਚਾਰ ਨਾ ਕਰਨ ਕਿ ਜੋ ਸਾਡੇ ਗੁਰੂਆਂ, ਪੈਗੰਬਰਾਂ ਨੇ ਜੋ ਸਦੀਆਂ ਪਹਿਲਾਂ ਕਹਿ ਦਿੱਤਾ ਜਾਂ ਗ੍ਰੰਥਾਂ ਵਿੱਚ ਲਿਖ ਦਿੱਤਾ ਉਹ ਹੀ ਆਖਰੀ ਸੱਚ ਹੈ। ਇਥੇ ਸਭ ਵਿਕਾਸਮਾਨ ਤੇ ਨਾਸ਼ਵੰਤ ਹੈ, ਕੁਝ ਵੀ ਸਥਿਰ ਨਹੀਂ ਤੇ ਕੁਝ ਵੀ ਅੰਤਿਮ ਨਹੀਂ ਹੈ। ਨਾ ਸਿਰਫ ਦਿਸਦਾ ਸੰਸਾਰ ਹੀ ਵਿਕਾਸਮਾਨ ਹੈ, ਸਗੋਂ ਮਨੁੱਖੀ ਚੇਤੰਨਤਾ, ਮਨ, ਦਿਮਾਗ ਵੀ ਵਿਕਾਸਮਾਨ ਹੈ। ਅੱਜ ਦਾ ਬੱਚਾ ਜਿਤਨਾ ਚੇਤੰਨ, ਬੁੱਧੀਮਾਨ, ਫੁਰਤੀਲਾ ਤੇ ਵੱਧ ਉਮਰ ਜੀਣ ਵਾਲਾ ਹੈ, ਉਤਨਾ ਅੱਜ ਤੋਂ 100 ਜਾਂ 500 ਜਾਂ 1000 ਸਾਲ ਪਹਿਲਾਂ ਕਦੇ ਵੀ ਨਹੀਂ ਸੀ। ਪਰ ਪ੍ਰਚਲਤ ਜਥੇਬੰਦਕ ਧਰਮ ਮਨੁੱਖ ਦੇ ਵਿਕਾਸ ਵਿੱਚ ਰੁਕਾਵਟ ਹਨ, ਇਸੇ ਲਈ ਅੱਜ ਦੀ ਚੇਤੰਨ ਨੌਜਵਾਨ ਪੀੜ੍ਹੀ ਇਨ੍ਹਾਂ ਤੋਂ ਦੂਰ ਭੱਜ ਰਹੀ ਹੈ, ਮੇਰੇ ਖਿਆਲ ਵਿੱਚ ਭੱਜਣਾ ਹੀ ਚਾਹੀਦਾ ਹੈ, ਇਨ੍ਹਾਂ ਵਿੱਚ ਫੋਕਟ ਕਰਮਕਾਂਡ ਨਿਭਾਉਣ ਤੋਂ ਇਲਾਵਾ ਹੈ ਵੀ ਕੀ ਹੈ, ਜਿਸ ਲਈ ਛੋਟੀ ਜਿਹੀ ਜ਼ਿੰਦਗੀ ਨੂੰ ਬਰਬਾਦ ਕੀਤਾ ਜਾਵੇ। ਪਰ ਮੈਂ ਇਹ ਜਰੂਰ ਕਹਾਂਗਾ ਕਿ ਅੱਜ ਦੇ ਮਨੁੱਖ ਨੂੰ ਇਨ੍ਹਾਂ ਨਕਲੀ ਧਰਮਾਂ ਤੋਂ ਭੱਜ ਕੇ ਆਪਣੇ ਨਿੱਜ ਘਰ ਵੱਲ ਨੂੰ ਮੁੜਨ ਦੀ ਲੋੜ ਹੈ। ਸਭ ਧਰਮ ਗੁਰੂਆਂ ਦਾ ਇਹੀ ਸੰਦੇਸ਼ ਸੀ ਤੇ ਹੈ ਕਿ ਧਰਮ ਬਾਹਰ ਨਹੀਂ, ਤੁਹਾਡੇ ਅੰਦਰ ਹੈ, ਉਸਨੂੰ ਖੋਜਣਾ ਹੀ ਧਰਮੀ ਹੋਣਾ ਹੈ। ਉਸ ਲਈ ਕਿਸੇ ਕਰਮਕਾਂਡ, ਕਿਸੇ ਧਾਰਮਿਕ ਪਹਿਰਾਵੇ, ਕਿਸੇ ਧਾਰਮਿਕ ਚਿੰਨ੍ਹ, ਕਿਸੇ ਧਾਰਮਿਕ ਫਿਰਕੇ ਜਾਂ ਸਮਾਜ ਨੂੰ ਛੱਡਣ ਦੀ ਲੋੜ ਨਹੀਂ। ਸਮਾਜ-ਪਰਿਵਾਰ ਵਿੱਚ ਵਿਚਰਦਿਆਂ, ਆਪਣੀਆਂ ਜਿੰਮੇਵਾਰੀਆਂ ਨਿਭਾਉਂਦਿਆਂ, ਜੀਵਨ ਦਾ ਆਨੰਦ ਲੈਂਦਿਆਂ, ਆਪਣੇ ਨਿੱਜ (ਸਵੈ) ਨਾਲ ਜੁੜਿਆ ਜਾ ਸਕਦਾ ਹੈ। ਇਤਨੀ ਗੱਲ ਜਰੂਰ ਹੋ ਸਕਦੀ ਹੈ ਕਿ ਆਪਣੇ ਸਵੈ ਨਾਲ ਜੁੜਨ ਦਾ ਤਰੀਕਾ ਜੇ ਨਾ ਪਤਾ ਹੋਵੇ ਤਾਂ ਕਿਸੇ ਜਾਣਕਾਰ ਤੋਂ ਸਿੱਖਿਆ ਜਾ ਸਕਦਾ ਹੈ?

ਅੱਜ ਦੇ ਇਸ ਲੇਖ ਦਾ ਵਿਸ਼ਾ ਇਸ ਗੱਲ ਤੇ ਵਿਚਾਰ ਕਰਨਾ ਹੈ ਕਿ ਕੀ ਸਿੱਖ ਧਰਮ ਸਿਰਫ ਸ਼ਰਧਾ ਤੇ ਕਰਮਕਾਂਡਾਂ ਅਧਾਰਿਤ ਹੀ ਹੈ ਜਾਂ ਇਸ ਵਿੱਚ ਤਰਕ ਜਾਂ ਦਲੀਲ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ ਹੈ ? ਬੇਸ਼ਕ ਸਿੱਖ ਗੁਰਦੁਆਰਿਆਂ ਜਾਂ ਸਿੱਖ ਸਮਾਜ ਦੀਆਂ ਧਾਰਮਿਕ ਪ੍ਰੰਪਰਾਵਾਂ ਨੂੰ ਦੇਖ ਕੇ ਜਾਂ ਬਹੁਤੇ ਪ੍ਰਚਾਰਕਾਂ ਤੇ ਖਾਸਕਰ ਡੇਰਿਆਂ ਦੇ ਪੜ੍ਹੇ ਹੋਏ ਪ੍ਰਚਾਰਕਾਂ ਨੂੰ ਸੁਣ ਕੇ ਤਾਂ ਇਹੀ ਲਗਦਾ ਹੈ ਕਿ ਸਿੱਖ ਧਰਮ ਵਿੱਚ ਦਲੀਲ ਜਾਂ ਤਰਕ ਨੂੰ ਕੋਈ ਥਾਂ ਨਹੀਂ ਹੈ ਤੇ ਸਿੱਖ ਧਰਮ ਦੀਆਂ ਮਰਿਯਾਦਾਵਾਂ, ਕਰਮਕਾਂਡ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹ ਆਦਿ ਵੀ ਅੰਧ ਵਿਸ਼ਵਾਸ਼ੀ ਸ਼ਰਧਾ ਅਧਾਰਿਤ ਹੀ ਹਨ। ਸਿੱਖ ਧਰਮ ਵਿੱਚ ਵੀ ਹੋਰ ਧਾਰਮਿਕ ਫਿਰਕਿਆਂ ਵਾਂਗ ਤਰਕ, ਦਲੀਲ ਆਦਿ ਨੂੰ ਕੋਈ ਥਾਂ ਨਹੀਂ ਹੈ।ਬੇਸ਼ਕ ਇੱਕ ਪਾਸੇ ਸਾਡੇ ਬਹੁਤ ਸਾਰੇ ਪ੍ਰਚਾਰਕ



ਅਜਿਹਾ ਦਾਅਵਾ ਵੀ ਕਰਦੇ ਹਨ ਕਿ ਸਿੱਖ ਧਰਮ ਨਵੇਂ ਯੁੱਗ ਦਾ ਵਿਗਿਆਨਕ ਧਰਮ ਹੈ ਤੇ ਦੂਜੇ ਪਾਸੇ ਹਰ ਛੋਟੀ-ਛੋਟੀ ਗੱਲ ਤੇ ਤਰਕ ਜਾਂ ਦਲੀਲ ਦੇਣ ਨਾਲ ਇਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਜਾਂਦੀ ਹੈ। ਧਰਮ ਨੂੰ ਖਤਰਾ ਪੈਦਾ ਹੋ ਜਾਂਦਾ ਹੈ। ਸ਼ਰਧਾਲੂਆਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ। ਤਰਕ ਤੇ ਦਲੀਲ ਨਾਲ ਗੱਲ ਕਰਨ ਵਾਲੇ ਨੂੰ ਧਰਮ ਵਿਚੋਂ ਛੇਕਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਦੇ ਬਾਈਕਾਟ ਕੀਤੇ ਜਾਂਦੇ ਹਨ। ਪਿਛਲੇ ਸਮੇਂ ਵਿੱਚ ਅਜਿਹੇ ਅਨੇਕਾਂ ਕੇਸ ਸਾਹਮਣੇ ਆਏ ਹਨ, ਜਦੋਂ ਕਈ ਸਿੱਖ ਵਿਦਵਾਨਾਂ ਨੂੰ ਆਪਣੀਆਂ ਲਿਖਤਾਂ ਕਾਰਨ ਪੰਥ ਵਿੱਚੋਂ ਛੇਕਿਆ ਗਿਆ ਹੈ ਅਤੇ ਅਨੇਕਾਂ ਤੇ ਭਾਰੀ ਦਬਾਅ ਪਾ ਕੇ ਮਾਫੀਆਂ ਮੰਗਵਾਈਆਂ ਗਈਆਂ, ਕਦੇ ਕਿਸੇ ਤਰਕ ਜਾਂ ਦਲੀਲ ਨਾਲ ਜਵਾਬ ਨਹੀਂ ਦਿੱਤਾ ਗਿਆ। ਅਸੀਂ ਪੁਰਾਣੇ ਸਮੇਂ ਵਿੱਚ ਦੇਖਦੇ ਹਾਂ ਕਿ ਕਿਵੇਂ ਚਰਚ ਵਲੋਂ ਅਨੇਕਾਂ ਵਿਗਿਆਨੀਆਂ ਦੀਆਂ ਖੋਜਾਂ ਨੂੰ ਇਸਾਈਅਤ ਖਿਲਾਫ ਦੱਸ ਕੇ ਤਸੀਹੇ ਤੇ ਸਜ਼ਾਵਾਂ ਦਿੱਤੀਆਂ ਗਈਆਂ ਸਨ। ਇਸਲਾਮ ਦਾ ਇਤਿਹਾਸ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ, ਜਿਥੇ ਲੱਖਾਂ ਲੋਕਾਂ ਨੂੰ ਧਰਮ ਵਿਰੋਧੀ ਜਾਂ ਇਸਲਾਮ ਵਿਰੋਧੀ ਕਾਫਰ ਮੰਨ ਕੇ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਰਹੇ ਹਨ। ਔਰਤਾਂ ਨਾਲ ਬਦਸਲੂਕੀਆਂ ਤੇ ਅੱਤਿਆਚਾਰਾਂ ਨਾਲ ਸਾਰੇ ਧਰਮਾਂ ਦੇ ਇਤਿਹਾਸ ਭਰੇ ਪਏ ਹਨ। ਇੰਡੀਆ ਜਾਂ ਸਾਊਥ ਏਸ਼ੀਅਨ ਦੇਸ਼ਾਂ ਵਿੱਚ ਧਰਮ, ਕੌਮ ਤੇ ਜਾਤ ਦੇ ਨਾਮ ਜਿਤਨਾ ਖ਼ੂਨ ਡੋਲਿਆ ਗਿਆ ਹੈ ਜਾਂ ਲੋਕਾਂ ਦੇ ਮਨੁੱਖੀ ਹੱਕਾਂ ਦਾ ਘਾਣ ਹੋਇਆ ਹੈ, ਉਤਨਾ ਰਾਜਨੀਤਕ ਲੜਾਈਆਂ ਨਾਲ ਨਹੀਂ ਹੋਇਆ। ਸਿੱਖ ਧਰਮ ਨੂੰ ਵਿਗਿਆਨਕ ਤੇ ਨਵੇਂ ਯੁਗ ਦਾ ਦੱਸਣ ਵਾਲੇ ਤਰਕ ਤੇ ਦਲੀਲ ਨਾਲ ਗੱਲ ਕਰਨ ਵਾਲਿਆਂ ਨੂੰ ਨਾਸਤਿਕ ਹੋਣ ਦਾ ਖਿਤਾਬ ਝੱਟ ਦੇ ਮਾਰਦੇ ਹਨ। ਪਰ ਕੀ ਸੱਚਮੁੱਚ ਹੀ ਸਿੱਖ ਵਿਚਾਰਧਾਰਾ ਤਰਕਹੀਣ ਤੇ ਦਲੀਲ ਵਿਰੋਧੀ ਹੈ ਜਾਂ ਇਸ ਵਿੱਚ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਸਮਰਥਾ ਹੈ ? ਇਸ ਬਾਰੇ ਅਸੀਂ ਕੁਝ ਵਿਚਾਰਾਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚੋਂ ਲੈ ਕੇ ਸਮਝਣ ਦਾ ਯਤਨ ਕਰਾਂਗੇ।

ਜੇ ਅਸੀਂ ਗੱਲ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਿਤ ਹੀ ਕਰੀਏ ਤਾਂ ਸਾਨੂੰ ਕਈ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਗੱਲ ਨੂੰ ਜਿਥੇ ਤਰਕ ਤੇ ਦਲੀਲ ਨਾਲ ਪੇਸ਼ ਕੀਤਾ, ਉਥੇ ਉਨ੍ਹਾਂ ਨੇ ਆਪਣੇ ਸਮੇਂ ਵਿੱਚ ਪ੍ਰਚਲਤ ਧਾਰਮਿਕ ਗੀਤਾਂ-ਰਸਮਾਂ-ਕਰਮਕਾਂਡਾਂ ਆਦਿ ਨੂੰ ਵੀ ਬੜੀ ਬੇਬਾਕੀ ਤੇ ਤਰਕ ਨਾਲ ਰੱਦ ਕੀਤਾ ਤੇ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਇਆ। ਉਨ੍ਹਾਂ ਦੇ ਜੀਵਨ ਦੀਆਂ ਕੁਝ ਉਦਾਹਰਣਾਂ ਤੇ ਝਾਤ ਮਾਰਦੇ ਹਾਂ।

-ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਇੱਕ ਘਟਨਾ ਆਮ ਪ੍ਰਚਲਤ ਹੈ ਕਿ ਜਦੋਂ ਉਨ੍ਹਾਂ ਦੇ ਪਰਿਵਾਰ ਵਲੋਂ ਆਪਣੇ ਹਿੰਦੂ ਧਾਰਮਿਕ ਗੀਤੀ ਰਿਵਾਜਾਂ ਅਨੁਸਾਰ ਜਨੇਊ ਪਹਿਨਾਉਣ ਦਾ ਸਮਾਗਮ ਰਚਾਇਆ ਤਾਂ ਗੁਰੂ ਨਾਨਕ ਸਾਹਿਬ ਨੇ ਬੜੇ ਤਰਕ ਨਾਲ ਪੰਡਤ ਨੂੰ ਜਨੇਊ ਪਾਉਣ ਤੋਂ ਰੋਕ ਦਿੱਤਾ ਕਿ ਇਸ ਧਾਗੇ ਦੇ ਪਹਿਨਣ ਨਾਲ ਮੈਨੂੰ ਕੀ ਲਾਭ ਹੋਵੇਗਾ ? ਕੀ ਧਾਗਾ ਮੇਰੇ ਚਰਿੱਤਰ ਨੂੰ ਉੱਚਾ ਚੁੱਕ ਸਕੇਗਾ ? ਕੀ ਇਹ ਜਨੇਊ ਪਾਉਣ ਨਾਲ ਮੇਰੇ ਅੰਦਰ ਦਇਆ, ਸੰਤੋਖ, ਸੱਚ ਆਦਿ ਗੁਣ ਆ ਜਾਣਗੇ ? ਅਜਿਹੇ ਅਨੇਕਾਂ ਤਰਕਾਂ ਤੇ ਦਲੀਲਾਂ ਨਾਲ ਗੁਰੂ ਨਾਨਕ ਸਾਹਿਬ ਨੇ ਪੰਡਿਤ ਦਾ ਧਾਰਮਿਕ ਚਿੰਨ੍ਹ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰਬਾਣੀ ਫੁਰਮਾਨ ਹੈ: **'ਦਇਆ ਕਪਾਹ ਸੰਤੋਖੁ**

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

**ਸੁਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥'** (ਪੰਨਾ: 471) ਪਰ ਅੱਜ ਸਿੱਖਾਂ ਵਲੋਂ ਵੀ ਅਨੇਕਾਂ ਕਰਮਕਾਂਡੀ ਰੀਤਾਂ ਤੇ ਧਾਰਮਿਕ ਚਿੰਨ੍ਹਾਂ ਨੂੰ ਬੜੀ ਮਹੱਤਤਾ ਨਾਲ ਪ੍ਰਚਲਤ ਕੀਤਾ ਹੋਇਆ ਹੈ, ਜਿਨ੍ਹਾਂ ਤੇ ਤਰਕ ਕਰਨ ਨੂੰ ਧਰਮ ਵਿਰੋਧੀ ਦੱਸਿਆ ਜਾਂਦਾ ਹੈ। ਅੱਜ ਸਿੱਖਾਂ ਵਿੱਚ ਵਿਵਹਾਰ ਜਾਂ ਕਿਰਦਾਰ ਨਾਲੋਂ ਧਾਰਮਿਕ ਚਿੰਨ੍ਹਾਂ ਤੇ ਬਾਹਰੀ ਪਹਿਰਾਵੇ ਨੂੰ ਸਿੱਖੀ ਦਾ ਮੁਢਲਾ ਅਸੂਲ ਮੰਨ ਲਿਆ ਗਿਆ ਹੈ। ਬਾਹਰੀ ਦਿਖਾਵਾ ਜਾਂ ਪਹਿਰਾਵਾ ਨਾ ਰੱਖਣ ਵਾਲਿਆਂ ਨੂੰ ਸਿੱਖ ਮੰਨਣ ਤੋਂ ਹੀ ਇਨਕਾਰ ਕੀਤਾ ਜਾ ਰਿਹਾ ਹੈ। ਗੁਰਦੁਆਰਿਆਂ ਦੇ ਸੰਵਿਧਾਨ ਇਸ ਢੰਗ ਨਾਲ ਬਣਾਏ ਜਾਂ ਤਬਦੀਲ ਕੀਤੇ ਜਾ ਰਹੇ ਹਨ ਕਿ ਅਕਲ ਜਾਂ ਲਿਆਕਤ ਵਾਲਿਆਂ ਨੂੰ ਲਾਂਭੇ ਕਰਕੇ ਸਿਰਫ ਦਿਖਾਵੇ, ਪਹਿਰਾਵੇ ਜਾਂ ਚੋਲਿਆਂ ਵਾਲੇ ਥੋੜੇ ਜਿਹੇ ਲੋਕ ਹੀ ਗੁਰਦੁਆਰਿਆ ਤੇ ਕਾਬਿਜ਼ ਰਹਿਣ।ਦੁਨੀਆਂ ਭਰ ਵਿੱਚ ਬੜੀ ਸਾਜ਼ਿਸ਼ ਨਾਲ ਪੜ੍ਹੇ ਲਿਖੇ ਜਾਂ ਵੱਖ-ਵੱਖ ਖੇਤਰਾਂ ਦੇ ਮਾਹਿਰ ਵਿਅਕਤੀਆਂ ਨੂੰ ਉਨ੍ਹਾਂ ਦੇ ਸਰੀਰਕ ਦਿਖਾਵੇ (ਆਊਟਰ ਲੁੱਕ) ਜਾਂ ਪਹਿਰਾਵੇ ਕਰਕੇ ਸਿੱਖ ਸੰਸਥਾਵਾਂ ਤੋਂ ਬਾਹਰ ਧੱਕਿਆ ਜਾ ਰਿਹਾ ਹੈ। ਜੇ ਗੁਰੂ ਨਾਨਕ ਸਾਹਿਬ ਹਿੰਦੂ ਧਰਮ ਜਾਂ ਉਨ੍ਹਾਂ ਤੋਂ ਪਹਿਲੇ ਧਰਮਾਂ (ਇਸਲਾਮ, ਬੁੱਧ, ਜੈਨ, ਯੋਗ ਆਦਿ) ਦੇ ਸਮਾਂ ਵਿਹਾ ਚੁੱਕੇ ਧਾਰਮਿਕ ਚਿੰਨ੍ਹਾਂ ਆਦਿ ਨੂੰ ਤਰਕ ਨਾਲ ਰੱਦ ਕਰ ਸਕਦੇ ਹਨ ਤਾਂ ਕੀ ਸਿੱਖਾਂ ਨੂੰ ਆਪਣੇ ਕਰਮਕਾਂਡਾਂ ਤੇ ਅਨੇਕਾਂ ਤਰ੍ਹਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਤਰਕ ਤੇ ਦਲੀਲ ਨਾਲ ਨਹੀਂ ਪਰਖਣਾ ਚਾਹੀਦਾ ਤਾਂ ਕਿ ਫੋਕਟ ਕਰਮਕਾਂਡਾਂ ਨੂੰ ਰੱਦ ਕਰਕੇ ਧਰਮ ਨੂੰ ਸਮੇਂ ਦੇ ਹਾਣ ਦਾ ਬਣਾਇਆ ਜਾ ਸਕੇ? ਸਮੇਂ ਅਨੁਸਾਰ ਧਰਮ ਨੂੰ ਨਵੀਨਤਮ ਰੂਪ ਦਿੱਤਾ ਜਾ ਸਕੇ।ਪਰ ਜਿਥੇ 21ਵੀਂ ਸਦੀ ਵਿੱਚ ਲੋਕ ਇਸ ਗੱਲ ਲਈ ਲੜ ਰਹੇ ਹੋਣ ਕਿ ਲੰਗਰ ਜਮੀਨ ਤੇ ਬੈਠ ਕੇ ਖਾਣਾ ਧਰਮ ਹੈ ਜਾਂ ਕੁਰਸੀਆਂ ਆਦਿ ਤੇ ਬੈਠ ਕੇ ਖਾਣਾ ਧਰਮ, ਉਨ੍ਹਾਂ ਲੋਕਾਂ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ? ਫਿਰ ਉਨ੍ਹਾਂ ਲੋਕਾਂ ਦੇ ਅਜਿਹੇ ਦਾਅਵਿਆਂ ਦਾ ਕੀ ਮਤਲਬ ਰਹਿ ਜਾਂਦਾ ਹੈ ਕਿ ਸਿੱਖ ਧਰਮ, ਨਵੇਂ ਯੁਗ ਦਾ ਵਿਗਿਆਨਕ ਧਰਮ ਹੈ?

-ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਅਨੇਕਾਂ ਸ਼ਬਦ ਅਜਿਹੇ ਮਿਲ ਜਾਂਦੇ ਹਨ, ਜਿਨ੍ਹਾਂ ਵਿੱਚ ਉਸ ਸਮੇਂ ਦੇ ਪ੍ਰਚਲਤ ਧਰਮਾਂ ਇਸਲਾਮ, ਬੁੱਧ, ਜੈਨ, ਯੋਗ ਆਦਿ ਦੇ ਨਾ ਸਿਰਫ ਧਾਰਮਿਕ ਚਿੰਨ੍ਹਾਂ ਨੂੰ ਨਕਾਰਿਆ ਗਿਆ ਹੈ, ਸਗੋਂ ਉਨ੍ਹਾਂ ਦੀਆਂ ਅਨੇਕਾਂ ਧਾਰਮਿਕ ਰਸਮਾਂ ਤੇ ਮਰਿਯਾਦਾਵਾਂ ਨੂੰ ਫੋਕਟ ਦੱਸਿਆ ਗਿਆ ਹੈ। ਜਿਵੇਂ ਕਿ ਇਸਲਾਮ ਵਿੱਚ ਸੁੰਨਤ (ਮਰਦ ਦੇ ਲਿੰਗ ਦੇ ਮੂਹਰਲੇ ਭਾਗ ਦੇ ਮਾਸ ਨੂੰ ਕੱਟਣਾ) ਬੜੀ ਮਹੱਤਵਪੂਰਨ ਧਾਰਮਿਕ ਰਸਮ ਹੈ, ਜਿਸ ਤੋਂ ਬਿਨਾਂ ਕੋਈ ਮਰਦ ਆਪਣੇ ਆਪ ਨੂੰ ਮੁਸਲਮਾਨ ਨਹੀਂ ਕਹਾ ਸਕਦਾ ਉਸ ਬਾਰੇ ਕਟਾਕਸ਼ ਕਰਦੇ ਹੋਏ ਗੁਰਬਾਣੀ ਵਿੱਚ ਕਿਹਾ ਗਿਆ ਹੈ ਕਿ ਜੇ ਸੁੰਨਤ ਨਾਲ ਮਰਦ ਮੁਸਲਮਾਨ ਬਣਦਾ ਹੈ ਤਾਂ ਔਰਤ ਦੀ ਸੁੰਨਤ ਕਿਵੇਂ ਕਰੋਗੇ ਕਿ ਉਹ ਵੀ ਮੁਸਲਮਾਨ ਬਣ ਜਾਵੇ? ਗੁਰਬਾਣੀ ਵਿੱਚ ਇਥੋਂ ਤੱਕ ਤਰਕ ਕੀਤਾ ਗਿਆ ਹੈ ਕਿ ਜੇ ਰੱਬ ਨੂੰ ਮੁਸਲਮਾਨ ਬਣਾਉਣ ਲਈ ਸੁੰਨਤ ਦੀ ਜਰੂਰਤ ਸੀ ਤਾਂ ਉਹ ਪਹਿਲਾਂ ਹੀ ਮਰਦਾਂ ਦੇ ਲਿੰਗ ਦਾ ਮਾਸ ਕੱਟ ਕੇ ਭੇਜਦਾ? ਗੁਰਬਾਣੀ ਫੁਰਮਾਨ: **'ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥** (ਪੰਨਾ: 477)। ਹੁਣ ਜੇ ਇਸ ਸ਼ਬਦ ਨੂੰ ਅੱਜ ਦੇ ਸਿੱਖ ਸਮਾਜ ਵਿੱਚ ਪ੍ਰਚਲਤ ਅਨੇਕਾਂ ਧਾਰਮਿਕ ਰੀਤਾਂ ਜਾਂ ਧਾਰਮਿਕ ਚਿੰਨ੍ਹਾਂ ਦੇ ਸੰਦਰਭ ਵਿੱਚ ਤਰਕ ਨਾਲ ਵਿਚਾਰਿਆ ਜਾਵੇ ਤਾਂ ਬਹੁਤੀਆਂ ਮਰਿਯਾਦਾਵਾਂ ਸਮਾਂ ਵਿਹਾਅ ਚੁੱਕੀਆਂ ਤੇ ਤਰਕਹੀਣ ਸਾਬਿਤ ਹੋਣਗੀਆਂ। ਜਿਨ੍ਹਾਂ ਨੂੰ ਛੱਡ ਕੇ ਅਗਾਂਹਵਧੂ ਤੇ ਵਿਗਿਆਨਕ ਹੋਣਾ ਹੀ ਸਿੱਖ ਧਰਮ ਦੀ ਫਿਲਾਸਫੀ ਹੈ।

-ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਿਤ ਇੱਕ ਹੋਰ ਘਟਨਾ ਸਿੱਖ ਇਤਿਹਾਸ ਵਿੱਚ ਕਾਫੀ ਪ੍ਰਚਲਤ ਹੈ ਕਿ ਹਿੰਦੂਆਂ ਦੇ ਵੱਡੇ ਤੀਰਥ ਅਸਥਾਨ ਹਰਿਦੁਆਰ ਵਿੱਚ ਲੋਕ ਸਰੋਵਰ ਵਿਚੋਂ ਪਾਣੀ ਸੂਰਜ ਵੱਲ ਉਛਾਲ ਰਹੇ ਸਨ ਤਾਂ ਗੁਰੂ ਨਾਨਕ ਸਾਹਿਬ ਨੇ ਪਾਣੀ ਦੂਜੇ ਪਾਸੇ ਨੂੰ ਉਛਾਲਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਲੋਕਾਂ ਨੇ ਇਸਦਾ ਕਾਰਨ ਪੁਛਿਆ ਤਾਂ ਗੁਰੂ ਨਾਨਕ ਸਾਹਿਬ ਨੇ ਮੋੜਵਾਂ ਸਵਾਲ ਕੀਤਾ ਕਿ ਤੁਸੀਂ ਸੂਰਜ ਵੱਲ ਪਾਣੀ ਕਿਉਂ ਉਛਾਲ ਰਹੇ ਹੋ ਤਾਂ ਉਨ੍ਹਾਂ ਦੇ ਜਵਾਬ ਕਿ ਅਸੀਂ ਪਿੱਤਰ ਲੋਕ ਵਿੱਚ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾ ਰਹੇ ਤਾਂ ਗੁਰੂ ਨਾਨਕ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਆਪਣੇ ਕਰਤਾਰਪੁਰ ਦੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ ਅਤੇ ਉਨ੍ਹਾਂ ਵਲੋਂ ਇਹ ਕਹਿਣ ਤੇ ਕਿ ਇਹ ਪਾਣੀ ਕਰਤਾਰਪੁਰ ਕਿਵੇਂ ਪਹੁੰਚ ਸਕਦਾ ਹੈ ਤਾਂ ਗੁਰੂ ਨਾਨਕ ਸਾਹਿਬ ਨੇ ਤਰਕ ਕੀਤਾ ਕਿ ਜੇ ਮੇਰਾ ਪਾਣੀ ਕੁਝ ਸੌ ਕਿਲੋਮੀਟਰਾਂ ਤੱਕ ਨਹੀਂ ਜਾ ਸਕਦਾ ਤਾਂ ਤੁਹਾਡਾ ਪਾਣੀ ਕਰੋੜਾਂ ਮੀਲ ਦੂਰ ਸੂਰਜ ਤੱਕ ਕਿਵੇਂ ਪਹੁੰਚ ਸਕਦਾ ਹੈ? ਪਰ ਅੱਜ ਦੇ ਸਿੱਖ ਸਮਾਜ ਵੱਲ ਝਾਤੀ ਮਾਰੀ ਜਾਵੇ ਤਾਂ ਗੁਰਦੁਆਰਿਆਂ ਤੇ ਸਿੱਖ ਘਰਾਂ ਵਿੱਚ ਅਨੇਕਾਂ ਧਰਮ ਦੇ ਨਾਮ ਤੇ ਕਰਮਕਾਂਡ ਕੀਤੇ ਜਾ ਰਹੇ ਹਨ, ਜਿਹੜੇ ਗੁਰੂ ਨਾਨਕ ਸਾਹਿਬ ਦੇ ਅਜਿਹੇ ਤਰਕਬਾਣਾਂ ਅੱਗੇ ਇੱਕ ਪਲ ਵੀ ਨਹੀਂ ਖੜ ਸਕਦੇ? ਪਰ ਅੱਜ ਜੇ ਕੋਈ ਸਿੱਖ ਵਿਦਵਾਨ ਅਜਿਹੀਆਂ ਮੂਰਖਤਾ ਪੂਰਨ ਮਰਿਯਾਦਾਵਾਂ ਤੇ ਤਰਕ ਕਰਦਾ ਹੈ ਤਾਂ ਉਸ ਤੇ ਨਾਸਤਿਕ ਹੋਣ ਦਾ ਲੇਬਲ ਝੱਟ ਲਗਾ ਦਿੱਤਾ ਜਾਂਦਾ ਹੈ। ਗੁਰਦੁਆਰਿਆਂ ਤੇ ਕਾਬਿਜ਼ ਇੱਕ ਖਾਸ ਧੜੇ ਤੇ ਟੋਲੇ ਵਲੋਂ ਤਰਕ, ਦਲੀਲ ਤੇ ਸਮਝਦਾਰੀ ਨੂੰ ਨਾਸਤਿਕਤਾ, ਕਾਮਰੇਡੀ, ਆਰ. ਐਸ. ਐਸ ਦੇ ਏਜੰਟ ਦੇ ਖਿਤਾਬਾਂ ਰਾਹੀਂ ਆਪਣੇ ਵਿਚਾਰਧਾਰਕ ਵਿਰੋਧੀਆਂ ਖਿਲਾਫ ਵਰਤਿਆ ਜਾਂਦਾ ਹੈ ਤਾਂ ਕਿ ਭੋਲੇ-ਭਾਲੇ ਸ਼ਰਧਾਲੂਆਂ ਨੂੰ ਆਪਣਾ ਕਬਜ਼ਾ ਜਮਾਈ ਰੱਖਣ ਲਈ ਵਰਤਿਆ ਜਾ ਸਕੇ।

-ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਹੀ ਇੱਕ ਹੋਰ ਘਟਨਾ ਬੜੀ ਮਹੱਤਵਪੂਰਨ ਹੈ ਕਿ ਜਦੋਂ ਉਹ ਹਰਿਦੁਆਰ ਗਏ ਹੋਏ ਸਨ ਤਾਂ ਇੱਕ ਪਾਖੰਡੀ ਸਾਧ ਦੇ ਪਾਖੰਡ ਦਾ ਪਾਜ ਉਘਾੜਨ ਲਈ ਉਨ੍ਹਾਂ ਨੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ ਇਹ ਸਾਧ ਜੋ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਾਉਂਦਾ ਹੈ ਤੇ ਲੋਕਾਂ ਨੂੰ ਇਹ ਕਹਿ ਕੇ ਲੁੱਟ ਰਿਹਾ ਹੈ ਕਿ ਉਸਨੂੰ ਤਿੰਨਾਂ ਲੋਕਾਂ (ਧਰਤੀ, ਆਕਾਸ਼ ਤੇ ਪਾਤਾਲ) ਦੀ ਜਾਣਕਾਰੀ ਹੈ ਤੇ ਸਭ ਦੇ ਦਿਲਾਂ ਦੀਆਂ ਜਾਣ ਲੈਂਦਾ ਹੈ ਤਾਂ ਜਦੋਂ ਉਹ ਅੱਖਾਂ ਮੀਟੇ ਤਾਂ ਉਸਦਾ ਮਾਇਆ ਵਾਲਾ ਲੋਟਾ ਚੁੱਕ ਕੇ ਉਸਦੇ ਪਿਛੇ ਲੁਕਾ ਦੇਵੇ, ਭਾਈ ਮਰਦਾਨਾ ਜੀ ਨੇ ਅਜਿਹਾ ਹੀ ਕੀਤਾ ਤੇ ਜਦੋਂ ਸਾਧ ਨੇ ਅੱਖਾਂ ਖੋਲ੍ਹੀਆਂ ਤਾਂ ਲੋਟਾ ਗਾਇਬ ਦੇਖ ਕੇ ਘਬਰਾ ਗਿਆ ਤੇ ਗੁੱਸੇ ਵਿੱਚ ਲੋਕਾਂ ਨੂੰ ਸਰਾਪ ਦੇਣ ਲੱਗਾ ਤਾਂ ਗੁਰੂ ਨਾਨਕ ਸਾਹਿਬ ਨੇ ਤਰਕ ਕੀਤਾ ਕਿ ਜੇ ਤੈਨੂੰ ਸਾਰੀ ਸ੍ਰਿਸ਼ਟੀ ਦਾ ਗਿਆਨ ਹੈ, ਤੈਨੂੰ ਤਿੰਨਾਂ ਲੋਕਾਂ ਦੀਆਂ ਖ਼ਬਰਾਂ ਹਨ ਤਾਂ ਆਪਣੀ ਦਿੱਬ ਦ੍ਰਿਸ਼ਟੀ ਨਾਲ ਲੋਟਾ ਲੱਭ ਕਿਉਂ ਨਹੀਂ ਲੈਂਦਾ? ਉਸਦਾ ਗੁੱਸਾ ਦੇਖ ਕੇ ਗੁਰੂ ਨਾਨਕ ਸਾਹਿਬ ਨੇ ਦਲੀਲ ਤੇ ਤਰਕ ਨਾਲ ਲੋਕਾਂ ਨੂੰ ਦੱਸਿਆ ਕਿ ਬ੍ਰਹਮ ਗਿਆਨੀ ਹੋਣ ਦਾ ਦਾਅਵਾ ਕਰਨ ਵਾਲੇ ਨੂੰ ਆਪਣੇ ਪਿਛੇ ਪਿਆ ਲੋਟਾ ਤੇ ਨਜ਼ਰ ਨਹੀਂ ਆ ਰਿਹਾ ਤੇ ਗੱਲਾਂ ਤਿੰਨ ਲੋਕਾਂ ਦੀਆਂ ਕਰ ਰਿਹਾ ਹੈ। ਹੁਣ ਜੇ ਇਹੀ ਤਰਕ ਅੱਜ ਦੇ ਸਮੇਂ ਵਿੱਚ ਗੁਰਦੁਆਰਿਆਂ ਜਾਂ ਡੇਰਿਆਂ ਵਿੱਚ ਬੈਠੇ ਭਾਂਤ-ਭਾਂਤ ਦੇ ਸਾਧਾਂ ਤੇ ਲਗਾਇਆ ਜਾਵੇ ਤਾਂ ਉਹ ਤੁਹਾਡੇ ਤੇ ਸ਼ਰਧਾ ਹੀਣੇ ਨਾਸਤਿਕ ਤੇ ਕਾਮਰੇਡ ਹੋਣ ਦਾ ਇਲਜ਼ਾਮ ਲਗਾਉਣਗੇ? ਜਿਵੇਂ ਕਾਮਰੇਡ ਹੋਣਾ ਕੋਈ ਗੁਨਾਹ ਹੋਵੇ? ਦੇਖਿਆ ਜਾਵੇ ਤਾਂ ਹਿੰਦੁਸਤਾਨ ਜਾਂ ਪੰਜਾਬ ਵਿੱਚ, ਜੇ ਆਮ ਕਿਰਤੀਆਂ ਤੇ ਮਜ਼ਦੂਰਾਂ ਲਈ ਕੋਈ ਲੜਦਾ ਹੈ, ਸੰਘਰਸ਼ ਕਰਦਾ ਹੈ ਤਾਂ ਉਹ ਤਰਕਸ਼ੀਲ ਤੇ ਮਾਰਕਸਵਾਦੀ ਵਿਚਾਰਧਾਰਾ ਦੇ ਲੋਕ ਹੀ ਹਨ। ਪਰ ਧਾਰਮਿਕ ਪਹਿਰਾਵੇ ਦੇ ਦੰਭ ਵਿੱਚਲੇ ਪਾਖੰਡੀਆਂ ਵਲੋਂ ਲੋਕਾਂ ਦੇ ਮਨਾਂ ਵਿੱਚ ਤਰਕਸ਼ੀਲਤਾ ਤੇ ਮਾਰਕਸਵਾਦ ਨੂੰ ਧਰਮ ਵਿਰੋਧੀ ਪੇਸ਼ ਕੀਤਾ ਜਾਂਦਾ ਹੈ। ਤਰਕਸ਼ੀਲਤਾ ਤੇ ਨਾਸਤਿਕਤਾ ਅੱਗੇ ਉਨ੍ਹਾਂ ਦੇ ਨਕਲੀ ਧਰਮ ਤੇ ਨਕਲੀ ਰੱਬ ਇੱਕ ਪਲ ਵੀ ਖੜ ਨਹੀਂ ਸਕਦੇ, ਇਸ ਲਈ ਉਨ੍ਹਾਂ ਕੋਲ ਕਾਰਗਰ ਹਥਿਆਰ, ਤਰਕਸ਼ੀਲਾਂ ਬਾਰੇ ਘਟੀਆ ਪ੍ਰਚਾਰ ਕਰਨਾ ਹੀ ਹੈ। ਅਜਿਹੇ ਲੋਕ, ਕੁਝ ਪੜ੍ਹੇ ਲਿਖੇ ਤੇ ਸੂਝਵਾਨ ਪ੍ਰਚਾਰਕ, ਜੋ ਲੋਕਾਂ ਨੂੰ ਵਹਿਮਾਂ-ਭਰਮਾਂ-ਪਾਖੰਡਾਂ-ਕਰਮਕਾਂਡਾਂ ਆਦਿ ਵਿਚੋਂ ਕੱਢਣ ਲਈ ਗੁਰਬਾਣੀ ਦਾ ਪ੍ਰਚਾਰ ਕਰਦੇ ਹਨ, ਤੇ ਵੀ ਨਾਸਤਿਕ ਅਤੇ ਤਰਕਸ਼ੀਲ ਹੋਣ ਦਾ ਇਲਜ਼ਾਮ ਲਗਾਉਣ ਤੱਕ ਜਾਂਦੇ ਹਨ।

-ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਇੱਕ ਹੋਰ ਮਹੱਤਵਪੂਰਨ ਘਟਨਾ ਦੇ ਜ਼ਿਕਰ ਨਾਲ ਉਨ੍ਹਾਂ ਦੀ ਤਰਕ, ਦਲੀਲ ਤੇ ਵਿਗਿਆਨਕ ਵਿਚਾਰਧਾਰਾ ਨੂੰ ਹੋਰ ਸੌਖੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ, ਜਦੋਂ ਉਹ ਇਸਲਾਮ ਦੇ ਗੜ੍ਹ ਮੱਕੇ ਗਏ ਤੇ ਉਥੇ ਉਹ ਕਾਅਬੇ ਵੱਲ ਪੈਰ ਕਰਕੇ ਲੇਟ ਗਏ ਤਾਂ ਲੋਕਾਂ ਨੇ ਇਤਰਾਜ਼ ਕੀਤਾ ਕਿ ਉਨ੍ਹਾਂ ਨੇ ਰੱਬ ਦੇ ਘਰ ਵੱਲ ਪੈਰ ਕਰਕੇ ਇਸਲਾਮ ਦੀ ਤੌਹੀਨ ਕੀਤੀ ਹੈ ਤਾਂ ਗੁਰੂ ਜੀ ਨੇ ਬੜੇ ਸਹਿਜ ਨਾਲ ਆਪਣਾ ਤਰਕਸ਼ੀਲ ਵਿਚਾਰ ਪੇਸ਼ ਕੀਤਾ ਕਿ ਜਿਧਰ ਰੱਬ ਦਾ ਘਰ ਨਹੀਂ ਉਧਰ ਪੈਰ ਕਰ ਦੇਵੋ, ਕਿਉਂਕਿ ਇਸਲਾਮ ਵੀ ਇਸ ਗੱਲ ਵਿੱਚ ਵਿਸ਼ਵਾਸ਼ ਕਰਦਾ ਹੈ ਕਿ ਅੱਲ੍ਹਾ ਸਭ ਜਗ੍ਹਾ ਮੌਜੂਦ ਹੈ। ਗੁਰੂ ਨਾਨਾਕ ਸਾਹਿਬ ਨੇ ਲੋਕਾਂ ਨੂੰ ਦਲੀਲ ਨਾਲ ਚੈਲਿੰਜ ਕੀਤਾ ਕਿ ਤੁਸੀਂ ਰੱਬ ਦੇ ਨਾਮ ਤੇ ਮਨੁੱਖਤਾ ਵਿੱਚ ਵੰਡੀਆਂ ਨਹੀਂ ਪਾ ਸਕਦੇ।

-ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਹਿੰਦੂਆਂ ਦੇ ਇਸ ਵਿਸ਼ਵਾਸ਼ ਨੂੰ ਦਲੀਲ ਨਾਲ ਨਕਾਰਿਆ, ਜਿਸ ਅਨੁਸਾਰ ਧਰਤੀ ਨੂੰ ਬਲਦ ਨੇ ਆਪਣੇ ਸਿੰਗਾਂ ਉੱਪਰ ਚੁੱਕਿਆ ਹੋਇਆ ਹੈ। ਉਨ੍ਹਾਂ ਤਰਕ ਕੀਤਾ ਕਿ ਜੇ ਧਰਤੀ ਨੂੰ ਬਲਦ ਨੇ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ ਤਾਂ ਫਿਰ ਬਲਦ ਕਿਸ ਧਰਤੀ ਤੇ ਖੜਾ ਹੈ? ਜੇ ਉਸ ਬਲਦ ਹੇਠਾਂ ਕੋਈ ਹੋਰ ਧਰਤੀ ਹੈ ਤਾਂ ਫਿਰ ਉਸ ਧਰਤੀ ਨੂੰ ਕਿਸਨੇ ਚੁੱਕਿਆ ਹੋਇਆ ਹੈ।ਉਨ੍ਹਾਂ ਆਪਣਾ ਵਿਚਾਰ ਪੇਸ਼ ਕੀਤਾ ਕਿ ਧਰਤੀਆਂ (ਭਾਵ ਗ੍ਰਹਿ) ਤਾਂ ਬੇਅੰਤ ਹਨ, ਉਹ ਕਿਸ ਆਸਰੇ ਖੜੀਆਂ ਹਨ? **'ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥'** (ਪੰਨਾ: 3)। ਅੱਜ ਦਾ ਸਿੱਖ ਗੁਰੂ ਨਾਨਕ ਸਾਹਿਬ ਵਰਗੀ ਵਿਗਿਆਨਕ ਤੇ ਦਲੀਲ ਵਾਲੀ ਵਿਚਾਰਧਾਰਾ ਤੋਂ ਦੂਰ ਭੱਜ ਕੇ ਵਹਿਮਾਂ-ਭਰਮਾਂ ਵਿੱਚ ਫਸ ਕੇ ਪਾਖੰਡੀ ਸਾਧਾਂ, ਤਾਂਤਰਿਕਾਂ, ਜੋਤਸ਼ੀਆਂ, ਪਾਂਡਿਆਂ ਆਦਿ ਹੱਥੋਂ ਲੁੱਟ ਹੋ ਰਿਹਾ ਹੈ ਤੇ ਤਰਕਵਾਦੀਆਂ ਨੂੰ ਧਰਮ ਵਿਰੋਧੀ ਦੱਸਦਾ ਹੈ।

-ਗੁਰਬਾਣੀ ਵਿੱਚ ਅਨੇਕਾਂ ਥਾਵਾਂ ਤੇ ਵੱਖ-ਵੱਖ ਪੁਰਾਤਨ ਵਿਸ਼ਵਾਸ਼ਾਂ ਨੂੰ ਦਲੀਲ ਤੇ ਤਰਕ ਨਾਲ ਰੱਦ ਕੀਤਾ ਗਿਆ ਹੈ। ਜਿਸ ਤਰ੍ਹਾਂ ਹਿੰਦੂਆਂ ਦਾ ਇੱਕ ਵਿਸ਼ਵਾਸ਼ ਸੀ ਜਾਂ ਹੁਣ ਵੀ ਹੈ, ਕਿ ਤੀਰਥ ਅਸਥਾਨਾਂ (ਵੱਡੇ ਹਿੰਦੂ ਧਾਰਮਿਕ ਮੰਦਰਾਂ) ਦੇ ਨਾਲ ਬਣੇ ਸਰੋਵਰਾਂ ਵਿੱਚ ਨਹਾਉਣ ਨਾਲ ਨਾ ਸਿਰਫ ਪਾਪ ਕੱਟੇ ਜਾਂਦੇ ਹਨ, ਸਗੋਂ ਮਨੋ ਕਾਮਨਾਮਾਂ ਵੀ ਪੂਰੀਆਂ ਹੁੰਦੀਆਂ ਹਨ, ਖਾਸਕਰ ਸੰਗਰਾਂਦ, ਮੱਸਿਆ, ਪੁੰਨਿਆ, ਕੁੰਭ ਦੇ ਮੇਲੇ, ਸੂਰਜ ਜਾਂ ਚੰਦ ਗ੍ਰਹਿਣਾਂ ਆਦਿ ਮੌਕਿਆਂ ਤੇ ਨਹਾਉਣ ਨਾਲ। ਉਨ੍ਹਾਂ ਦਾ ਇਹ ਵੀ ਵਿਸ਼ਵਾਸ਼ ਹੈ ਕਿ ਰੱਬ ਦੀ ਪ੍ਰਾਪਤੀ ਲਈ ਜਾਂ ਰੱਬ ਨੂੰ ਖੁਸ਼ ਕਰਨ ਲਈ ਖਾਸ ਮੌਕਿਆਂ ਤੇ ਸਰੋਵਰ ਇਸ਼ਨਾਨ ਬੜਾ ਮਹੱਤਵਪੂਰਨ ਹੈ। ਗੁਰਬਾਣੀ ਨੇ ਇਸ ਤੇ ਬੜਾ ਵਿਅੰਗਮਈ ਤਰਕ ਕੀਤਾ ਹੈ ਕਿ ਜੇ ਸਰੋਵਰਾਂ ਵਿੱਚ ਨਹਾਉਣ ਨਾਲ ਰੱਬ ਮਿਲਦਾ ਹੈ ਜਾਂ ਕੋਈ ਪ੍ਰਾਪਤੀ ਹੁੰਦੀ ਹੈ ਤਾਂ ਫਿਰ ਰੱਬ ਪਹਿਲਾਂ ਡੱਡੂਆਂ ਜਾਂ ਮੱਛੀਆਂ ਨੂੰ ਮਿਲਦਾ, ਜੋ ਹਮੇਸ਼ਾਂ ਪਾਣੀ ਵਿੱਚ ਹੀ ਰਹਿੰਦੇ ਹਨ। **'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥'** (ਪੰਨਾ: 484)। ਗੁਰਬਾਣੀ ਤਾਂ ਸਰੋਵਰਾਂ ਦੇ ਇਸ਼ਨਾਨ ਦਾ ਖੰਡਨ ਕਰਦੀ ਹੈ, ਪਰ ਲੋਕ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿੱਚ ਸੰਗਰਾਂਦ, ਮੱਸਿਆ ਜਾਂ ਖਾਸ ਮੌਕਿਆਂ ਤੇ ਹਿੰਦੂ ਸ਼ਰਧਾਲੂਆਂ ਵਰਗੀ ਭਾਵਨਾ ਨਾਲ ਇਸ਼ਨਾਨ ਕਰਦੇ ਹਨ। ਪਿਛੇ ਜਿਹੇ ਇੱਕ ਸਿੱਖ ਪ੍ਰਚਾਰਕ ਨੂੰ ਪੰਥ ਵਿਚੋਂ ਛੇਕਣ ਲਈ ਅਕਾਲ ਤਖਤ ਤੇ ਕੁਝ ਗੁਰਦੁਅਰਿਆਂ ਦੇ ਪ੍ਰਬੰਧਕਾਂ ਤੇ ਜਥੇਬੰਦੀਆਂ ਨੇ ਪਹੁੰਚ ਕੀਤੀ ਕਿਉਂਕਿ ਉਸਨੇ ਸਰੋਵਰਾਂ ਦੀ ਬੇਅਦਬੀ ਕਰ ਦਿੱਤੀ ਸੀ।ਭਾਵੇਂ ਕਿ ਉਸ ਪ੍ਰਚਾਰਕ ਨੇ ਗੁਰਬਾਣੀ ਦੀ ਹੀ ਵਿਆਖਿਆ ਕੀਤੀ ਸੀ। ਹੈਰਾਨੀ ਹੁੰਦੀ ਜਿਸ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ, ਪੂਜਦੇ ਹਨ, ਉਸੇ ਦੀ ਬਾਣੀ ਦੀ ਵਿਆਖਿਆ ਕਰਨ ਤੇ ਪੰਥ ਵਿਚੋਂ ਛੇਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ? ਕਾਰਨ ਸਿਰਫ ਇਹ ਹੈ ਕਿ ਅਸੀਂ ਬਾਣੀ ਨੂੰ ਵਪਾਰ ਬਣਾ ਲਿਆ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਪੂਜਣ ਦੀ ਵਸਤੂ। ਇਸ ਵਿੱਚ ਕੀ ਲਿਖਿਆ ਹੈ, ਇਸ ਨਾਲ ਸਾਡਾ ਕੋਈ ਸਬੰਧ ਨਹੀਂ ਹੈ।ਸਾਡੇ ਲਈ ਸੱਚ, ਸਾਡਾ ਪਾਖੰਡ ਹੈ, ਸਾਡੀਆਂ ਕਰਮਕਾਂਡੀ ਮਰਿਯਾਦਾਵਾਂ ਹਨ, ਸਾਡੀਆਂ ਸਮਾਂ ਵਿਹਾਅ ਚੁੱਕੀਆਂ ਅਖੌਤੀ ਪੁਰਾਤਨ ਪ੍ਰੰਪਰਾਵਾਂ ਹਨ। ਜਿਨ੍ਹਾਂ ਦਾ ਭਾਰ ਢੋਹਣਾ ਹੀ ਸਾਡੇ ਲਈ ਧਰਮ ਹੈ।

-ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਇੱਕ ਸਾਖੀ ਦਾ ਜ਼ਿਕਰ ਕਰਨਾ ਵੀ ਠੀਕ ਰਹੇਗਾ, ਜਿਸ ਅਨੁਸਾਰ ਜਦੋਂ ਕਿਸੇ ਸਿੱਖ ਨੇ ਕਿਹਾ ਕਿ ਮੈਂ ਪਾਠ ਤੇ ਰੋਜ਼ ਕਰਦਾ ਹਾਂ, ਪਰ ਜੀਵਨ ਵਿੱਚ ਕੋਈ ਤਬਦੀਲੀ ਨਹੀਂ ਹੋ ਰਹੀ, ਕੋਈ ਅਸਰ ਨਹੀਂ ਹੋ ਰਿਹਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਘਰ ਜਾ ਕੇ ਰੋਜ਼ਾਨਾ ਦੁੱਧ ਵਿੱਚ ਕਾਜੂ, ਬਦਾਮ ਤੇ ਹਰ ਮੇਵੇ ਪਾ ਕੇ ਸ਼ਰਦਾਈ ਬਣਾ ਲਈਂ, ਪਰ ਇਸਨੂੰ ਪੀਣਾ ਨਹੀਂ ਰੋਜ਼ਾਨਾ ਕਰੂਲੀਆਂ ਕਰਨੀਆਂ ਹਨ, ਫਿਰ ਕੁਝ ਦਿਨਾਂ ਬਾਅਦ ਦੇਖੀਂ ਕਿ ਤੇਰੇ ਸਰੀਰ ਨੂੰ ਕਿਤਨਾ ਲਾਭ ਹੋਇਆ ਹੈ, ਇਸਤੇ ਉਸ ਵਿਅਕਤੀ ਨੇ ਤਰਕ ਕੀਤਾ ਕਿ ਜਦੋਂ ਕੁਝ ਅੰਦਰ ਨਹੀਂ ਜਾਵੇਗਾ, ਸਿਰਫ ਕਰੂਲੀਆਂ ਹੀ ਕਰਨੀਆਂ ਹਨ ਤਾਂ ਸਿਹਤ ਤੇ ਕੀ ਅਸਰ ਹੋਵੇਗਾ? ਇਸ ਤੇ ਦਲੀਲ ਨਾਲ ਜਵਾਬ ਦਿੰਦੇ ਹੋਏ, ਗੁਰੂ ਜੀ ਨੇ ਕਿਹਾ ਕਿ ਜੇ ਅਸੀਂ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਾਂਗੇ ਨਹੀਂ, ਉਸਨੂੰ ਵਿਚਾਰਾਂਗੇ ਨਹੀਂ, ਉਸਤੇ ਕੋਈ ਅਮਲ ਨਹੀਂ ਕਰਾਂਗੇ ਤਾਂ ਫਿਰ ਜੀਵਨ ਵਿੱਚ ਕੋਈ ਤਬਦੀਲੀ ਕਿਵੇਂ ਹੋਵੇਗੀ? ਅੱਜ ਸਾਡੇ ਨਾਲ ਠੀਕ ਇਹੀ ਕੁਝ ਹੋ ਰਿਹਾ ਹੈ। ਅਸੀਂ ਘਰਾਂ ਵਿੱਚ ਜਾਂ ਗੁਰਦੁਆਰਿਆਂ ਵਿੱਚ ਪਾਠ ਰੱਖਦੇ ਹਾਂ, ਲੜੀਆਂ ਚਲਾਉਂਦੇ ਹਾਂ, ਪਰ ਸੁਣਨ ਵਾਲਾ ਕੋਈ ਨਹੀਂ ਹੁੰਦਾ? ਅਸੀਂ ਨਿਤਨੇਮ ਕਰਦੇ ਹਾਂ, ਪਰ ਸੁਣਨ ਵਾਲਾ ਸਾਡਾ ਮਨ ਕਿਤੇ ਹੋਰ ਭੱਜਾ ਫਿਰਦਾ ਹੈ। ਗੁਰਬਾਣੀ ਨੂੰ ਪਾਠਾਂ ਰਾਹੀਂ ਵੇਚਣਾ ਬਹੁਤੇ ਗੁਰਦੁਆਰਿਆਂ ਤੇ ਡੇਰਿਆਂ ਲਈ ਵਪਾਰ ਬਣ ਚੁੱਕਾ ਹੈ। ਭਾਈਆਂ ਤੇ ਪ੍ਰਚਾਰਕਾਂ ਲਈ ਇਹ ਇੱਕ ਰੁਜ਼ਗਾਰ ਦਾ ਸਾਧਨ ਹੈ।

ਸਿੱਖ ਇਤਿਹਾਸ ਤੇ ਗੁਰਬਾਣੀ ਵਿਚੋਂ ਇਹ ਕੁਝ ਕੁ ਉਦਾਹਰਣਾਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅੰਧ ਵਿਸ਼ਵਾਸ਼ੀ ਜਾਂ ਕਰਮਕਾਂਡੀ ਨਹੀਂ ਸੀ। ਗੁਰਬਾਣੀ ਤੇ ਸਿੱਖ ਇਤਿਹਾਸ ਵਿੱਚ ਅਜਿਹੀਆਂ ਅਨੇਕਾਂ ਹੋਰ ਉਦਾਹਰਣਾਂ ਇਸ ਗੱਲ ਨੂੰ ਸਾਬਿਤ ਕਰਨ ਲਈ ਲਈਆਂ ਜਾ ਸਕਦੀਆਂ ਹਨ, ਕਿ ਗੁਰੂ ਸਾਹਿਬਾਨ ਆਪਣੀ ਵਿਚਾਰ ਬੜੇ ਤਰਕ, ਦਲੀਲ ਤੇ ਵਿਗਿਆਨਕ ਢੰਗ ਨਾਲ ਦਿੰਦੇ ਸਨ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਕਿਸੇ ਵੀ ਧਰਮ ਦੀਆਂ ਸਮਾਂ ਵਿਹਾਅ ਚੁੱਕੀਆਂ, ਕਰਮਕਾਂਡੀ ਤੇ ਫੋਕਟ ਰੀਤਾਂ ਰਸਮਾਂ ਤੇ ਧਾਰਮਿਕ ਚਿੰਨ੍ਹਾਂ ਆਦਿ ਨੂੰ ਕੋਈ ਮਹੱਤਤਾ ਨਹੀਂ ਦਿੱਤੀ। ਉਨ੍ਹਾਂ ਨੇ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਦੀਆਂ ਫੋਕਟ ਮਰਿਯਾਦਾਵਾਂ ਦਾ ਖੰਡਨ ਕੀਤਾ। ਪੁਰਾਣੇ ਵਿਸ਼ਵਾਸ਼ਾਂ ਨੂੰ ਰੱਦ ਕਰਕੇ ਨਵੇਂ ਢੰਗ ਨਾਲ ਜੀਉਣ ਦਾ ਰਸਤਾ ਦਿਖਾਇਆ। ਪਰ ਅੱਜ ਸਿੱਖਾਂ ਦੇ ਗੁਰਦੁਆਰਿਆਂ ਤੇ ਕਾਬਿਜ਼ ਅੰਧ ਵਿਸ਼ਵਾਸ਼ੀ ਪ੍ਰਬੰਧਕਾਂ ਅਤੇ ਡੇਰਿਆਂ ਵਿੱਚ ਪੜ੍ਹੇ ਹੋਏ ਅਨਪੜ੍ਹ ਜਾਂ ਅਧਪੜ੍ਹ ਪ੍ਰਚਾਰਕਾਂ ਵਲੋਂ ਜਿਸ ਸ਼ਰਧਾ ਦੇ ਨਾਮ ਤੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ, ਅਜਿਹੀ ਸ਼ਰਧਾ ਨੂੰ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ ਹੈ। ਸਿੱਖ ਧਰਮ ਅਗਾਂਹਵਧੂ, ਤਰਕਸ਼ੀਲ ਤੇ ਵਿਗਿਆਨਕ ਧਰਮ ਹੈ, ਜਿਸ ਦੀਆਂ ਨੀਹਾਂ ਸੱਚ ਤੇ ਦਲੀਲ ਅਧਾਰਿਤ ਹਨ। ਜਥੇਬੰਧਕ ਧਰਮਾਂ ਵਿੱਚ 'ਸ਼ਰਧਾ' ਪੁਜਾਰੀਆਂ ਵਲੋਂ ਲੋਕਾਂ ਨੂੰ ਲੁੱਟਣ ਦਾ ਇੱਕ ਸਾਧਨ (ਟੂਲ) ਹੈ।ਸਾਨੂੰ ਚਾਹੀਦਾ ਹੈ ਕਿ ਅਸੀਂ ਜਿਥੇ ਗੁਰਬਾਣੀ ਨੂੰ ਪੜ੍ਹੀਏ, ਵਿਚਾਰੀਏ, ਉਥੇ ਹੋਰ ਤਰਕਸ਼ੀਲ, ਅਗਾਂਹਵਧੂ ਤੇ ਵਿਗਿਆਨਕ ਸਾਹਿਤ ਵੀ ਪੜ੍ਹੀਏ, ਜਿਸ ਨਾਲ ਸਾਡੀ ਸੋਚ ਦਾ ਵਿਕਾਸ ਹੋ ਸਕੇ। ਸਾਡੀ ਸੋਚ ਦਾ ਦਾਇਰਾ ਵਧ ਸਕੇ ਤੇ ਅਸੀਂ ਫਿਰਕਿਆਂ ਵਿਚੋਂ ਨਿਕਲ ਕੇ ਮਨੁੱਖਤਾਵਾਦੀ ਸੋਚ ਦੇ ਧਾਰਨੀ ਹੋਈਏ। ਜਿਸ ਫਿਰਕੇ, ਸਮਾਜ, ਕੌਮ, ਧਰਮ, ਜਾਤ, ਦੇਸ਼ ਆਦਿ ਵਿੱਚ ਅਸੀਂ ਜਨਮ ਲੈਂਦੇ ਹਾਂ, ਉਹ ਸ਼ੁਰੂਆਤ ਹੈ, ਮੰਜ਼ਿਲ ਨਹੀਂ। ਇਥੋਂ ਵਿਕਾਸ ਕਰਕੇ ਅਸੀਂ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿੱਚ ਲੈਣਾ ਹੈ। ਮਨੁੱਖ ਨੇ ਹਮੇਸ਼ਾਂ ਵਿਕਾਸ ਕੀਤਾ ਹੈ ਤੇ ਕਰਦਾ ਰਹੇਗਾ। ਪਰ ਜਥੇਬੰਧਕ ਨਕਲੀ ਧਰਮ ਮਨੁੱਖ ਨੂੰ ਪੁਰਾਤਨ ਮਰਿਯਾਦਾਵਾਂ ਤੇ ਧਾਰਮਿਕ ਚਿੰਨ੍ਹਾਂ ਰਾਹੀਂ ਨਾ ਸਿਰਫ ਬੰਦਨਾਂ ਵਿੱਚ ਪਾਉਂਦੇ ਹਨ, ਸਗੋਂ ਧਰਮ ਦੇ ਅਸਲੀ ਤੱਤ ਤੋਂ ਤੋੜ ਕੇ ਮਨੁੱਖ ਦਾ ਵਿਕਾਸ ਵੀ ਰੋਕਦੇ ਹਨ। ਸਾਨੂੰ ਇਨ੍ਹਾਂ ਪੁਜਾਰੀਆਂ ਤੋਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ।ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਉੱਚਾ ਚੁੱਕਣ ਲਈ ਗੁਰਬਾਣੀ ਸਮੇਤ ਚੰਗਾ ਸਾਹਿਤ ਪੜ੍ਹਨ ਦੀ ਲੋੜ ਹੈ ਤੇ ਇਨ੍ਹਾਂ ਕਰਮਕਾਂਡੀ ਲੋਕਾਂ ਨਾਲ ਗੁਰੂ ਨਾਨਕ ਸਾਹਿਬ ਜਾਂ ਗੁਰੂ ਸਾਹਿਬਾਨ ਵਾਂਗ ਤਰਕ, ਦਲੀਲ ਤੇ ਵਿਗਿਆਨਕ ਢੰਗ ਨਾਲ ਗੱਲ ਕਰਨ ਦੀ ਲੋੜ ਹੈ। ਅਸੀਂ ਉਥੇ ਰੁਕਣਾ ਨਹੀਂ, ਜਿਥੇ ਗੁਰੂ ਸਾਹਿਬਾਨ ਸਾਨੂੰ ਛੱਡ ਕੇ ਗਏ ਸਨ, ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਉਸ ਤੋਂ ਅੱਗੇ ਤੁਰਨਾ ਹੈ। ਆਪਣਾ ਸਫਰ ਆਪ ਕਰਨਾ ਹੈ ਤੇ ਆਪਣਾ ਅਤੇ ਸਮਾਜ ਦਾ ਵਿਕਾਸ ਕਰਨਾ ਹੈ ਤੇ ਵਿਕਾਸ ਵਿੱਚ ਸਹਾਈ ਹੋਣਾ ਹੈ। ਸਮੇਂ ਦੇ ਹਾਣੀ ਬਣਨਾ ਹੈ, ਨਾ ਕਿ ਅੰਧ ਵਿਸ਼ਵਾਸ਼ਾਂ, ਕਰਮਕਾਂਡਾਂ ਤੇ ਫੋਕਟ ਮਰਿਯਾਦਾਵਾਂ ਦਾ ਭਾਰ ਢੋਂਹਦੇ ਜੀਵਨ ਗੁਜ਼ਾਰਨਾ ਹੈ। ਸਮਾਂ ਮੰਗ ਕਰ ਰਿਹਾ ਹੈ ਅਸੀਂ ਵੀ ਇਨ੍ਹਾਂ ਪੁਜਾਰੀਆਂ, ਸਰਮਾਏਦਾਰਾਂ ਤੇ ਲੋਕ ਵਿਰੋਧੀ ਸ਼ਾਸਕਾਂ ਦੇ ਗੱਠਜੋੜ ਰੂਪੀ ਮਨੁੱਖਤਾ ਵਿੱਚ ਵੰਡੀਆਂ ਪਾ ਰਹੇ ਧਾਰਮਿਕ ਫਿਰਕਿਆਂ ਨੂੰ ਵੰਗਾਰੀਏ ਅਤੇ ਗੁਰੂ ਨਾਨਕ ਸਾਹਿਬ ਵਾਂਗ ਸਮੇਂ ਦੇ ਬਾਬਰਾਂ ਨੂੰ ਜਾਬਰ ਕਹਿਣ ਦੀ ਜੁਰਅਤ ਕਰੀਏ। ਸਾਨੂੰ ਵੀ ਗੁਰਬਾਣੀ ਦੇ ਰਚਨਹਾਰਿਆਂ ਵਾਂਗ ਇਨ੍ਹਾਂ ਪੁਜਾਰੀਆਂ ਨੂੰ ਕਹਿਣਾ ਪੈਣਾ ਹੈ: **'ਝੂਠੁ ਨ ਬੋਲਿ ਪਾਂਡੇ ਸਚੁ ਕਹੀਐ॥'** (ਪੰਨਾ: 904)। ਜਾਂ ਫਿਰ **'ਕਾਦੀ ਕੂੜੁ ਬੋਲਿ ਮਲੁ ਖਾਇ॥ਬ੍ਰਾਹਮਣੁ ਨਾਵੈ ਜੀਆ ਘਾਇ॥ਜੋਗੀ ਜੁਗਤਿ ਨ ਜਾਣੈ ਅੰਧੁ॥ਤੀਨੇ ਓਜਾੜੇ ਕਾ ਬੰਧੁ॥'** (ਪੰਨਾ: 662)। ਜਿਸ ਤਰ੍ਹਾਂ ਉਸ ਸਮੇਂ ਕਾਜ਼ੀਆਂ, ਬ੍ਰਾਹਮਣਾਂ ਤੇ ਯੋਗੀਆਂ ਆਦਿ ਨੇ ਰਲ਼ ਕੇ ਲੁੱਟ ਮਚਾਈ ਹੋਈ ਸੀ, ਅੱਜ ਉਨ੍ਹਾਂ ਨੇ ਨਵਾਂ ਰੂਪ ਧਾਰ ਲਿਆ ਹੈ, ਉਨ੍ਹਾਂ ਦੇ ਪਹਿਰਾਵੇ ਤੇ ਚਿੰਨ੍ਹ ਬਦਲ ਗਏ ਹਨ। ਅੱਜ ਇਹ ਪੁਜਾਰੀ, ਸਰਮਾਏਦਾਰ ਤੇ ਸ਼ਾਸਕ ਦੇ ਰੂਪ ਵਿੱਚ ਰਲ਼ ਕੇ ਲੁੱਟ ਰਹੇ ਹਨ। ਪਰ ਉਨ੍ਹਾਂ ਦੀ ਮਨੁੱਖਤਾ ਵਿਰੋਧੀ ਫਿਰਕੂ ਸੋਚ ਨਹੀਂ ਬਦਲੀ, ਜਿਸਨੂੰ ਪਛਾਨਣ ਤੇ ਪਛਾੜਨ ਦੀ ਲੋੜ ਹੈ।ਆਉ ਗੁਰੂ ਨਾਨਕ ਸਾਹਿਬ ਦੇ ਸੱਚੇ ਸਿੱਖ ਬਣੀਏ ਅਤੇ ਤਰਕਸ਼ੀਲ, ਵਿਗਿਆਨਕ ਤੇ ਅਗਾਂਹਵਧੂ ਸੋਚ ਦੇ ਧਾਰਨੀ ਹੋਈਏ।

*ਫ਼ਿਰੋਜ਼ਪੁਰ ਦੀ ਧਰਤੀ ਉੱਤੇ, ਰੁਲੇ ਵਿਰਾਸਤ ਤੁਸੀਂ ਕਿਉਂ ਸੁੱਤੇ?*

# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਅਹਿਮ ਇਤਿਹਾਸਕ ਟਿਕਾਣਾ ਬਚਾਉਣ ਲਈ 23 ਮਾਰਚ ਫ਼ਿਰੋਜ਼ਪੁਰ ਪੁੱਜੋ।

ਮਨੁੱਖ ਦਾ ਸਾਰਾ ਇਤਿਹਾਸ ਮਲਿਕ ਭਾਗੋ ਤੇ ਭਾਈ ਲਾਲੋ ਦੀ ਜਮਾਤ ਦੀ ਲੜਾਈ ਹੈ, ਹਰ ਦੌਰ ਵਿੱਚ ਮਲਿਕ ਭਾਗੋ, ਭਾਈ ਲਾਲੋ ਦੀ ਜਮਾਤ ਦੀ ਲੁੱਟ ਕਰਨ ਤੇ ਵਿਰੋਧ ਕਰਨ ਤੇ ਜਬਰ ਕਰਨ ਲਈ ਪੱਬਾਂ ਭਾਰ ਰਹੀ ਹੈ। ਲੁੱਟ ਤੇ ਜਬਰ ਖ਼ਿਲਾਫ਼ ਲੜਨ ਦੀ ਸ਼ਾਨਦਾਰ ਵਿਰਾਸਤ ਭਾਈ ਲਾਲੋ ਦੀ ਮਿਹਨਤਕਸ਼ ਜਮਾਤ ਕੋਲ ਹੈ। ਜਿਸ ਤੋਂ ਪ੍ਰੇਰਨਾ ਲੈ ਕੇ ਮਲਿਕ ਭਾਗੋਆਂ ਖ਼ਿਲਾਫ਼ ਉਹ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਦਾ ਹੈ। ਪਰ ਮਲਿਕ ਭਾਗੋ ਦੀ ਹਕੂਮਤ ਹਮੇਸ਼ਾ ਭਾਈ ਲਾਲੋ ਦੀ ਜਮਾਤ ਦੀ ਲੜਨ-ਜੂਝਣ ਦੀ ਵਿਰਾਸਤ ਨੂੰ ਖਤਮ ਕਰਨ ਲਈ ਯਤਨਸ਼ੀਲ ਰਹਿੰਦੀ ਹੈ।

ਇਸੇ ਕਰਕੇ ਸਾਡੇ ਮੁਲਕ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਗੁਰੂ ਤੇਗ ਬਹਾਦਰ ਬਾਰੇ ਗਲਤ ਜਾਣਕਾਰੀ ਪੇਸ਼ ਕਰਨਾ, ਪੰਜਾਬੀਆਂ ਬਾਰੇ ਇਹ ਲਿਖਣਾ ਕਿ ਇਹਨਾਂ 1857 ਦੀ ਆਜ਼ਾਦੀ ਦੀ ਲੜਾਈ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ, ਮਹਾਨ ਵਿਰਾਸਤ ਬੱਬਰ ਅਕਾਲੀ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗ਼ਦਰੀ ਬਾਬਿਆਂ ਦਾ ਕੁਰਬਾਨੀਆਂ ਭਰਿਆ ਸ਼ਾਨਦਾਰ ਸੰਘਰਸ਼ ਆਦਿ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਜ਼ਿਕਰ ਨਾ ਕਰਨਾ ਤੇ ਦੂਜੇ ਪਾਸੇ ਕੁਰਬਾਨੀ ਦੀ ਥਾਂ 'ਤੇ ਅੰਗਰੇਜ਼ਾਂ ਦੀ ਦਲਾਲੀ ਕਰਨ ਵਾਲੇ ਗਾਂਧੀ ਨੂੰ ਪੂਰੇ ਮੁਲਕ ਦਾ ਬਾਪੂ ਤੇ ਨਹਿਰੂ ਨੂੰ ਪੂਰੇ ਮੁਲਕ ਦਾ ਚਾਚਾ ਬਣਾ ਦਿੱਤਾ ਹੈ। ਹਕੂਮਤਾਂ ਨੇ ਹਮੇਸ਼ਾ ਹੀ ਕਿਰਤੀ ਲੋਕਾਂ ਦੀ ਮੁਕਤੀ ਲਈ ਜੂਝਣ ਵਾਲੇ ਨਾਇਕਾਂ ਨੂੰ ਲੋਕ-ਮਨਾਂ 'ਚੋਂ ਖਤਮ ਕਰਨ ਦਾ ਯਤਨ ਕੀਤਾ ਹੈ। ਮੋਦੀ ਦੀ ਆਰ.ਐਸ.ਐਸ. ਸਰਕਾਰ ਸਾਰੇ ਇਤਿਹਾਸ ਨੂੰ ਹੀ ਦੁਬਾਰਾ ਹਿੰਦੂਤਵੀ ਤਰੀਕੇ ਨਾਲ ਲਿਖਣ ਦਾ ਯਤਨ ਕਰ ਰਹੀ ਹੈ। ਸੋ ਸਪੱਸ਼ਟ ਹੈ ਕਿ ਸਾਡੇ ਇਤਿਹਾਸ ਦੇ ਯੋਧਿਆਂ ਦੀਆਂ ਕੁਰਬਾਨੀਆਂ ਤੇ ਵਿਚਾਰਾਂ 'ਤੇ ਘੱਟਾ ਪਾਇਆ ਜਾਵੇਗਾ ਅਤੇ ਅੰਗਰੇਜ਼ਾਂ ਦੇ ਝੋਲੀ ਚੁੱਕ ਸੰਘੀ ਟੋਲੇ ਨੂੰ ਦੇਸ਼ਭਗਤ ਸਾਬਤ ਕੀਤਾ ਜਾਵੇਗਾ।

ਮੋਦੀ ਲਾਣੇ ਨੇ ਇਹ ਕਾਰਜ ਤੇਜ਼ ਕੀਤਾ ਹੈ, ਜਾਰੀ ਪਹਿਲਾਂ ਤੋਂ ਹੀ ਹੈ। 2008 'ਚ ਜਲ੍ਹਿਆਂ ਵਾਲੇ ਬਾਗ਼ 'ਚੋਂ ਗੋਲੀਆਂ ਦੇ ਨਿਸ਼ਾਨ ਵਾਲੀ ਕੰਧ ਢਾਹੁਣ ਦਾ ਯਤਨ, ਟਿਕਟ ਲਾਉਣ ਤੇ ਜਲ੍ਹਿਆਂ ਵਾਲੇ ਬਾਗ਼ ਦੀ ਦਿੱਖ ਵਿਗਾੜਨ ਦਾ ਯਤਨ ਵੀ ਹੋਇਆ ਪਰ ਨੌਜਵਾਨ ਭਾਰਤ ਸਭਾ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਨੇ ਖਾੜਕੂ ਸੰਘਰਸ਼ ਕਰਕੇ ਜਲ੍ਹਿਆਂ ਵਾਲੇ ਬਾਗ਼ ਦੀ ਸਾਮਰਾਜ ਖ਼ਿਲਾਫ਼ ਜੂਝਣ ਵਾਲੀ ਸ਼ਾਨਦਾਰ ਵਿਰਾਸਤ ਨੂੰ ਬਚਾਇਆ। ਹੁਣ ਇਹ ਹੱਲਾ ਸ਼ਹੀਦ ਭਗਤ ਸਿੰਘ ਤੇ ਉਸ ਦੇ ਸ਼ਹੀਦ ਸਾਥੀਆਂ ਖ਼ਿਲਾਫ਼ ਵਿੱਢਿਆ ਹੋਇਆ ਹੈ। ਭਗਤ ਸਿੰਘ ਨੂੰ ਸਿਲੇਬਸ 'ਚ ਕਈ ਸੂਬਿਆਂ 'ਚ ਅੱਤਵਾਦੀ ਦੇ ਰੂਪ ਵਿੱਚ ਪੇਸ਼ ਕਰਨਾ, ਉਸ ਦੇ ਪਿਸਤੌਲ ਨੂੰ ਗੁੰਮ ਕਰਨ ਦਾ ਯਤਨ, ਸ਼ਹੀਦ ਭਗਤ ਸਿੰਘ ਜੋ ਕਿ ਇੱਕ ਮਹਾਨ ਵਿਚਾਰਕ ਸੀ ਜਿਸਨੇ ਵੱਖ-ਵੱਖ ਮਸਲਿਆਂ ਉੱਪਰ ਬਾਕਮਾਲ ਲਿਖਤਾਂ ਲਿਖੀਆਂ, ਪਰ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ, ਕਾਲਜ ਦੇ ਸਿਲੇਬਸ ਵਿੱਚ ਸ਼ਹੀਦ ਦੀ ਕੋਈ ਵੀ ਲਿਖਤ ਅੱਜ ਤੱਕ ਸ਼ਾਮਿਲ ਨਹੀਂ ਹੋਈ ਸਗੋਂ ਬਸਤੀਵਾਦੀ ਅੰਗਰੇਜ਼ਾਂ ਨੂੰ ਵਡਿਆਉਣਾ ਸ਼ਾਮਲ ਹੈ।

ਹੁਣ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਅਹਿਮ ਟਿਕਾਣਾ ਜੋ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਨੇ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਲੱਭਿਆ, ਇਹ ਟਿਕਾਣਾ ਫ਼ਿਰੋਜ਼ਪੁਰ ਦੇ ਤੂੜੀ ਬਾਜ਼ਾਰ 'ਚ ਹੈ। ਇਹ ਟਿਕਾਣਾ ਸ਼ਹੀਦ-ਏ-ਆਜ਼ਮ ਦੀ ਸ਼ਹਾਦਤ ਤੋਂ 86 ਸਾਲ ਬਾਅਦ ਲੱਭਾ ਹੈ। ਪਰ ਇਸ ਟਿਕਾਣੇ ਨੂੰ ਸੰਭਾਲ ਕੇ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਦੇ ਤੌਰ 'ਤੇ ਵਿਕਸਤ ਕੀਤਾ ਜਾਵੇ, ਇਹ ਕਾਰਜ ਕਰਨ ਤੋਂ ਸਰਕਾਰ ਟਾਲਾ ਵੱਟ ਰਹੀ ਹੈ। ਇਸ ਲਈ ਨੌਜਵਾਨ ਭਾਰਤ ਸਭਾ ਨੇ 8 ਜਨਵਰੀ ਨੂੰ ਹੁਸੈਨੀਵਾਲਾ ਸ਼ਹੀਦਾਂ ਦੀ ਸਮਾਧ 'ਤੇ ਜਾ ਕੇ ਸਹੁੰ ਚੁੱਕੀ ਕਿ ਉਹ ਇਸ ਵਿਰਾਸਤ ਨੂੰ ਬਚਾਉਣ ਲਈ ਸੰਘਰਸ਼ ਕਰਨਗੇ।

ਆਓ ਜਰਾ ਇਸ ਟਿਕਾਣੇ ਬਾਰੇ ਜਾਣੀਏ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਜ਼ਾਰਾਂ ਕ੍ਰਾਂਤੀਕਾਰੀਆਂ ਨੇ ਕੁਰਬਾਨੀਆਂ ਕੀਤੀਆਂ, ਇਸ ਕੌਮੀ ਮੁਕਤੀ ਘੋਲ ਵਿੱਚ ਫ਼ਿਰੋਜ਼ਪੁਰ ਵਿਚਲੇ ਇਸ ਗੁਪਤ ਟਿਕਾਣੇ ਦੀ ਆਪਣੀ ਇੱਕ ਇਤਿਹਾਸਕ ਮਹੱਤਤਾ ਹੈ। ਜੋ ਕ੍ਰਾਂਤੀਕਾਰੀ ਹਥਿਆਰਬੰਦ ਤਰੀਕੇ ਨਾਲ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣਾ ਚਾਹੁੰਦੇ ਸਨ ਅਤੇ ਬਰਾਬਰੀ ਵਾਲਾ ਪ੍ਰਬੰਧ ਸਿਰਜਣਾ ਚਾਹੁੰਦੇ ਸਨ, ਉਹਨਾਂ ਨੇ 8-9 ਸਤੰਬਰ 1928 ਨੂੰ ਗੁਪਤ ਪਾਰਟੀ ਬਣਾਉਣ, ਜਿਸ ਦਾ ਨਾਮ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਸੀ, ਦੇ ਗਠਨ ਲਈ ਪਹਿਲੀ ਮੀਟਿੰਗ ਦਿੱਲੀ ਦੇ ਫ਼ਿਰੋਜਸ਼ਾਹ ਕੋਟਲਾ ਮੈਦਾਨ 'ਚ ਕੀਤੀ, ਜਿਸ 'ਚ 6 ਉੱਘੇ ਕ੍ਰਾਂਤੀਕਾਰੀ ਸ਼ਾਮਿਲ ਹੋਏ। ਇਸ ਮੀਟਿੰਗ ਨੂੰ ਧਿਆਨ 'ਚ ਰੱਖਦੇ ਹੋਏ ਉਹਨਾਂ ਨੇ ਪਹਿਲਾਂ ਹੀ 10 ਅਗਸਤ 1928 ਨੂੰ ਫ਼ਿਰੋਜ਼ਪੁਰ ਵਿਚਲੇ ਇਸ ਟਿਕਾਣੇ ਨੂੰ ਗੁਪਤ ਸਰਗਰਮੀਆਂ ਲਈ ਵਰਤਣ ਲਈ ਚੁਣ ਲਿਆ ਸੀ। ਇਹ ਟਿਕਾਣਾ ਕ੍ਰਾਂਤੀਕਾਰੀ ਪਾਰਟੀ ਦੇ ਪੰਜਾਬ ਦੇ ਹੈੱਡਕੁਆਟਰ ਵਜੋਂ ਵਰਤਿਆ ਗਿਆ। ਸ਼ਹੀਦ ਸੁਖਦੇਵ ਪੰਜਾਬ ਦੀ ਪਾਰਟੀ ਦਾ ਹੈੱਡ ਸੀ, ਗਯਾ ਪ੍ਰਸ਼ਾਦ ਨੂੰ ਇਸ ਟਿਕਾਣੇ 'ਤੇ ਦਵਾਖਾਨਾ ਬਣਾਉਣ ਲਈ ਭੇਜਿਆ ਗਿਆ ਅਤੇ ਜੈ ਗੋਪਾਲ ਉਹਨਾਂ ਦੇ ਨੌਕਰ ਵਜੋਂ ਇੱਥੇ ਰਹਿਣ ਲੱਗਾ ਤਾਂ ਜੋ ਇਹਨਾਂ ਕ੍ਰਾਂਤੀਕਾਰੀਆਂ 'ਤੇ ਕਿਸੇ ਨੂੰ ਸ਼ੱਕ ਨਾ ਹੋਵੇ। ਜਦੋਂ ਪਾਰਟੀ ਦੀਆਂ ਸਰਗਰਮੀਆਂ ਅਤੇ ਹਥਿਆਰਾਂ ਲਈ ਪੈਸੇ ਦੀ ਜ਼ਰੂਰਤ ਸੀ ਤਾਂ ਪਾਰਟੀ ਨੇ ਬਿਹਾਰ ਵਿੱਚ ਸਰਕਾਰੀ ਖਜ਼ਾਨੇ 'ਤੇ ਡਾਕਾ ਮਾਰਨ ਦਾ ਪ੍ਰੋਗਰਾਮ ਬਣਾਇਆ। ਭਗਤ ਸਿੰਘ ਦਾਹੜੀ ਕੇਸ ਕਰਕੇ ਬਿਹਾਰ 'ਚ ਪਛਾਣਿਆ ਜਾ ਸਕਦਾ ਸੀ, ਇਸ ਕਰਕੇ ਪਾਰਟੀ ਦੀਆਂ ਹਿਦਾਇਤਾਂ ਅਨੁਸਾਰ ਭਗਤ ਸਿੰਘ ਦੇ ਦਾਹੜੀ ਕੇਸ ਇਸ ਗੁਪਤ ਟਿਕਾਣੇ 'ਤੇ ਕ੍ਰਾਂਤੀਕਾਰੀਆਂ ਨੇ ਖੁਦ ਕੱਟੇ ਸਨ। ਇਸ ਤੋਂ ਇਲਾਵਾ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਭਾਰਤੀਆਂ ਵੱਲੋਂ ਵੱਡਾ ਜਲੂਸ ਜੱਥੇਬੰਦ ਕੀਤਾ ਗਿਆ, ਜਿਸ ਵਿੱਚ ਲਾਠੀਚਾਰਜ ਦੌਰਾਨ ਲਾਲਾ ਲਾਜਪਤ ਰਾਏ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਥੋੜ੍ਹੇ ਚਿਰ ਬਾਅਦ ਉਹਨਾਂ ਦੀ ਮੌਤ ਹੋ ਗਈ। ਉਹਨਾਂ ਦੀ ਮੌਤ ਦਾ ਬਦਲਾ ਅਤੇ ਲੋਕਾਂ ਵਿੱਚ ਪਈ ਦਹਿਸ਼ਤ ਨੂੰ ਤੋੜਨ ਲੈਣ ਲਈ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਲਈ (ਮਾਰਿਆ ਸਾਂਡਰਸ) ਇਸੇ ਗੁਪਤ ਟਿਕਾਣੇ 'ਤੇ ਵਿਉਂਤਬੰਦੀ ਨੇਪਰੇ ਚਾੜ੍ਹੀ ਸੀ। ਕ੍ਰਾਂਤੀਕਾਰੀਆਂ ਏਅਰ ਪਿਸਟਲ ਨਾਲ ਇਸ ਜਗ੍ਹਾ ਨਿਸ਼ਾਨੇਬਾਜੀ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ ਇਲਾਹਾਬਾਦ ਤੋਂ ਨਿਕਲਦੇ ਰਸਾਲੇ ਚਾਂਦ ਵਿੱਚ ਸ਼ਹੀਦਾਂ ਦੀਆਂ ਜੀਵਨੀਆਂ ਛਪੀਆਂ ਸਨ, ਜਿਹਨਾਂ 'ਚੋਂ ਕਈ ਕ੍ਰਾਂਤੀਕਾਰੀਆਂ ਦੀਆਂ ਜੀਵਨੀਆਂ ਕ੍ਰਾਂਤੀਕਾਰੀ ਸ਼ਿਵ ਵਰਮਾ ਨੇ ਫ਼ਿਰੋਜ਼ਪੁਰ ਇਸੇ ਟਿਕਾਣੇ 'ਤੇ ਬੈਠ ਕੇ ਲਿਖੀਆਂ ਸਨ। ਇਸ ਦਾ ਜ਼ਿਕਰ ਸ਼ਿਵ ਵਰਮਾ ਨੇ ਆਪਣੀਆਂ ਯਾਦਾਂ ਨਾਲ ਸਬੰਧਿਤ ਲਿਖਤਾਂ 'ਚ ਕੀਤਾ ਹੈ। ਡਾ. ਗਯਾ ਪ੍ਰਸ਼ਾਦ ਇੱਥੇ ਬੰਬ ਬਣਾਉਣ ਦੀ ਸਮੱਗਰੀ ਇਕੱਠੀ ਕਰਦੇ ਸਨ। ਇਸ ਟਿਕਾਣੇ 'ਤੇ ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ, ਮਹਾਂਵੀਰ ਸਿੰਘ, ਸੁਖਦੇਵ, ਭਗਤ ਸਿੰਘ, ਸ਼ਿਵ ਵਰਮਾ, ਡਾ. ਗਯਾ ਪ੍ਰਸ਼ਾਦ ਕਈ ਮਹੀਨੇ ਰਹਿੰਦੇ ਰਹੇ। ਇਸ ਟਿਕਾਣੇ ਨੂੰ ਪੰਜਾਬ ਤੋਂ ਬਾਹਰ ਦੇ ਕ੍ਰਾਂਤੀਕਾਰੀ ਭੇਸ ਵਟਾਉਣ ਲਈ ਵਰਤਦੇ ਸਨ। ਅੰਗਰੇਜ਼ਾਂ ਵੱਲੋਂ ਭਗਤ ਸਿੰਘ ਹੋਰਾਂ 'ਤੇ ਚਲਾਏ ਅਦਾਲਤੀ ਮੁਕੱਦਮੇ ਵਿੱਚ ਇਸ ਜਗ੍ਹਾ ਤੋਂ 19 ਗਵਾਹਾਂ ਨੇ ਜਿਸ ਵਿੱਚ ਦੋ ਮੈਜਿਸਟਰੇਟ ਅਤੇ ਵਾਅਦਾ ਮੁਆਫ ਗਵਾਹ ਬਣੇ ਜੈ ਗੋਪਾਲ ਨੇ ਭਗਤ ਸਿੰਘ ਹੋਰਾਂ ਖ਼ਿਲਾਫ਼ ਗਵਾਹੀ ਦਿੱਤੀ ਅਤੇ ਇਸ ਜਗ੍ਹਾ ਹੀ ਨਿਸ਼ਾਨਦੇਹੀ ਕੀਤੀ। ਇਸ ਕਰਕੇ ਇਹ ਗੁਪਤ ਟਿਕਾਣਾ ਭਾਰਤੀ ਕ੍ਰਾਂਤੀਕਾਰੀ ਅੰਦੋਲਨ ਦੀ ਮਹਾਨ ਵਿਰਾਸਤ ਹੈ, ਜਿਸ ਨੂੰ ਹਕੂਮਤਾਂ ਅਣਗੌਲਿਆ ਕਰ ਰਹੀਆਂ ਹਨ।

**ਇਤਿਹਾਸਕ ਵਿਰਾਸਤ ਤੇ ਅਸੀਂ**

ਹਕੂਮਤਾਂ ਖ਼ਿਲਾਫ਼ ਸੰਘਰਸ਼ ਦਾ ਪ੍ਰੇਰਨਾ ਸਰੋਤ ਹਮੇਸ਼ਾ ਤੁਹਾਡਾ ਇਤਿਹਾਸ ਹੀ ਹੁੰਦਾ ਹੈ। ਅੱਜ ਕੇਂਦਰ ਤੇ ਰਾਜਾਂ ਦੀਆਂ ਹਕੂਮਤਾਂ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ ਕਿਉਂਕਿ ਜਿਸ ਆਜ਼ਾਦੀ ਦਾ ਸੁਪਨਾ ਸਾਡੇ ਇਨਕਲਾਬੀ ਯੋਧਿਆਂ ਨੇ ਦੇਖਿਆ, ਉਹ ਪੂਰਾ ਨਹੀਂ ਹੋਇਆ। 1947 'ਚ ਕਾਲੇ ਤੇ ਗੋਰੇ ਅੰਗਰੇਜ਼ਾਂ 'ਚ ਇੱਕ ਸਮਝੌਤਾ ਹੋਇਆ। ਗੋਰੇ ਪਰਦੇ ਪਿੱਛੇ ਹੋ ਗਏ, ਕਾਲੇ ਸਾਹਮਣੇ ਆ ਗਏ। ਪਰ ਗਰੀਬੀ, ਭੁੱਖ, ਧਨਾਢਾਂ ਤੋਂ ਕੋਈ ਆਜ਼ਾਦੀ ਨਾ ਮਿਲੀ। ਇਸ ਕਰਕੇ ਅੱਜ ਵੀ ਦੇਸ ਵਿੱਚ ਟਾਟੇ, ਬਿਰਲੇ, ਅੰਬਾਨੀ, ਅਡਾਨੀ ਤੇ ਵਿਦੇਸ਼ੀ ਕੰਪਨੀਆਂ ਲੋਕਾਂ ਦੀ ਲੁੱਟ ਕਰ ਰਹੀਆਂ ਹਨ। ਦੇਸ਼ ਦੇ ਜਲ, ਜੰਗਲ, ਜ਼ਮੀਨ, ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਨਿੱਜੀਕਰਨ ਦੀਆਂ ਨੀਤੀਆਂ ਅੰਨੇਵਾਹ ਲਾਗੂ ਕਰਕੇ ਸਿਹਤ, ਸਿੱਖਿਆ, ਬਿਜਲੀ, ਪਾਣੀ, ਰੁਜ਼ਗਾਰ ਵਰਗੀਆਂ ਸਹੂਲਤਾਂ ਆਮ ਲੋਕਾਂ ਤੋਂ ਦੂਰ ਕੀਤੀਆਂ ਜਾ ਰਹੀਆਂ ਹਨ। ਪ੍ਰਾਈਵੇਟ ਅਦਾਰੇ ਮਾਲੋਮਾਲ ਹੋ ਰਹੇ ਹਨ।

ਕਿਸਾਨਾਂ ਦੇ ਖੇਤਾਂ 'ਚ ਖ਼ੁਦਕਸ਼ੀਆਂ ਦੀ ਫ਼ਸਲ ਉੱਗ ਰਹੀ ਹੈ। ਪੰਜਾਬ ਵਿੱਚ ਹਰ ਰੋਜ਼ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪਦੀਆਂ ਹਨ। 85% ਤੋਂ ਉੱਪਰ ਕਿਸਾਨੀ ਕਰਜ਼ੇ ਦੇ ਮੱਕੜਜਾਲ 'ਚ ਫਸੀ ਹੋਈ ਹੈ। 21% ਕਿਸਾਨੀ ਆਪਣੀ ਜ਼ਮੀਨ, ਘਰ-ਬਾਰ ਡੰਗਰ-ਵੱਛਾ ਵੇਚ ਕੇ ਵੀ ਕਰਜ਼ਾ ਨਹੀਂ ਲਾਹ ਸਕਦੀ। ਹਰੇ ਇਨਕਲਾਬ ਦੇ ਸਾਮਰਾਜੀ ਖੇਤੀ ਮਾਡਲ ਨੇ ਖਾਦ, ਬੀਜ, ਤੇਲ, ਦਵਾਈਆਂ, ਟਰੈਕਟਰ ਕੰਪਨੀਆਂ ਨੂੰ ਮਾਲੋਮਾਲ ਕੀਤਾ ਤੇ ਕਿਸਾਨਾਂ ਨੂੰ ਬਰਬਾਦ ਕੀਤਾ। ਇਸ ਜ਼ਹਿਰੀਲੇ ਖੇਤੀ ਮਾਡਲ ਨੇ ਕੈਂਸਰ, ਕਾਲਾ ਪੀਲੀਆ, ਹੱਡਾਂ ਜੋੜਾਂ ਦੇ ਦਰਦ, ਦਿਲ, ਦਿਮਾਗ ਦੇ ਰੋਗ, ਸ਼ੂਗਰ, ਹਾਈਪਰਟੈਨਸ਼ਨ ਘਰ-ਘਰ ਦੀ ਕਹਾਣੀ ਬਣ ਚੁੱਕੀ ਹੈ।

ਇਸ ਹਰੇ ਇਨਕਲਾਬ ਦੇ ਮਾਡਲ ਨੇ ਪੰਜਾਬ ਦੇ ਪੇਂਡੂ ਮਜ਼ਦੂਰਾਂ ਨੂੰ ਵਿਹਲੇ ਕੀਤਾ। ਪੰਜਾਬ ਦੀ ਆਬਾਦੀ ਦਾ 33% ਦਲਿਤ ਆਬਾਦੀ ਬੁਰੀ ਤਰ੍ਹਾਂ ਮੰਦਹਾਲੀ ਦਾ ਸ਼ਿਕਾਰ ਹਨ। ਜਿਹਨਾਂ ਕੋਲ ਰੁਜ਼ਗਾਰ ਨਹੀਂ ਹੈ, ਖੇਤੀ ਦਾ ਮਸ਼ੀਨੀਕਰਨ ਹੋ ਗਿਆ, ਕਾਰਖਾਨੇ ਲੱਗੇ ਨਹੀਂ, ਦਲਿਤ ਛੋਟੀ-ਮੋਟੀ ਚੀਜ਼ ਲਈ ਹੱਥ ਅੱਡਣ ਲਈ ਮਜ਼ਬੂਰ ਹਨ। ਸਰਕਾਰਾਂ 20 ਕਿਲੋ ਆਟਾ ਦੇ ਕੇ ਵੀ ਅਹਿਸਾਨ ਜਤਾਉਂਦੀਆਂ ਹਨ। ਜਦੋਂ ਦਲਿਤ ਸਨਮਾਨਜਨਕ ਜ਼ਿੰਦਗੀ ਜਿਉਣ ਲਈ ਆਪਣੇ ਹਿੱਸੇ ਦੀ ਜ਼ਮੀਨ ਮੰਗਦੇ ਹਨ ਤਾਂ ਹਾਕਮ ਜਬਰ ਢਾਹੁੰਦੇ ਹਨ। ਸੰਗਰੂਰ ਜ਼ਿਲ੍ਹੇ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਸੰਘਰਸ਼ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਜਾਤ-ਪਾਤ ਦੇ ਨਾਮ 'ਤੇ ਵਿਤਕਰਾ ਜਾਰੀ ਹੈ। ਪੰਜਾਬ ਵਰਗੇ ਸੂਬੇ ਵਿੱਚ ਗੁਰੂ ਸਾਹਿਬਾਨਾਂ ਨੇ ਜਾਤ-ਪਾਤ ਖ਼ਿਲਾਫ਼ ਜੋਰਦਾਰ ਲੜਾਈ ਲੜੀ ਪਰ ਸਿੱਖ ਧਰਮ ਵਿੱਚ ਹੀ ਦਲਿਤਾਂ ਨੂੰ ਵੱਖਰੇ ਗੁਰਦੁਆਰੇ ਬਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਹੱਕਾਂ ਲਈ ਸੰਘਰਸ਼ ਕਰਨ ਤੇ ਗੁਰੂ ਘਰ ਦੀਆਂ ਨੀਹਾਂ ਬਣੇ ਦਲਿਤਾਂ ਦੇ ਸਮਾਜਿਕ ਬਾਈਕਾਟ ਦੇ ਹੋਕੇ ਗੁਰੂ ਘਰਾਂ ਵਿੱਚੋਂ ਹੀ ਆਉਂਦੇ ਹਨ। ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਚੁੱਕ ਕੇ ਸੜਕਾਂ 'ਤੇ ਧੱਕੇ ਖਾ ਰਹੇ ਹਨ। ਸਰਕਾਰ ਰੁਜ਼ਗਾਰ ਦੀ ਥਾਂ 'ਤੇ ਨੌਜਵਾਨਾਂ 'ਤੇ ਡਾਂਗਾਂ ਫੇਰਦੀ ਹੈ। ਜੇ ਰੁਜ਼ਗਾਰ ਹੈ ਤਾਂ ਤਨਖਾਹਾਂ ਇੰਨੀਆਂ ਘੱਟ ਨੇ ਕਿ ਜ਼ਿੰਦਗੀ ਦਾ ਗੁਜਾਰਾ ਨਹੀਂ ਹੁੰਦਾ।

ਇਸ ਤਰ੍ਹਾਂ ਛੋਟੇ ਦੁਕਾਨਦਾਰ, ਰੇਹੜੀਆਂ ਵਾਲੇ ਤੇ ਛੋਟੇ ਕਾਰੋਬਾਰੀਆਂ ਦੀ ਜ਼ਿੰਦਗੀ ਵੀ ਦੁੱਭਰ ਹੈ। ਉਧਰ ਮੋਦੀ ਹਕੂਮਤ ਨੇ ਪ੍ਰਚੂਨ ਦੇ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਲਈ ਰਾਹ ਖੋਲ ਦਿੱਤਾ ਹੈ। ਜਿਸ ਨਾਲ ਵੱਡੀਆਂ ਬਹੁਕੌਮੀ ਕੰਪਨੀਆਂ ਦੇ ਬਾਜ਼ਾਰ ਖੁੱਲਣਗੇ, ਛੋਟੇ ਦੁਕਾਨਦਾਰ ਕਾਰੋਬਾਰੀਆਂ ਦਾ ਉਜਾੜਾ ਤਹਿ ਹੈ। ਉਪਰੋਂ ਨੋਟਬੰਦੀ ਕਰਕੇ ਸੈਂਕੜੇ ਲੋਕਾਂ ਨੂੰ ਆਪਣਾ ਪੈਸਾ ਲੈਣ ਲਈ ਹੀ ਲਾਈਨਾਂ 'ਚ ਖੜ ਕੇ ਮਰਨ ਲਈ ਮਜਬੂਰ ਕੀਤਾ, ਕਾਲੇ ਧਨ ਵਾਲਿਆਂ ਨੂੰ ਤੱਤੀ ਵਾ ਨੀ ਲੱਗੀ।

ਦੇਸ਼ ਦੀ ਹਾਲਤ ਇਹ ਹੋਵੇ, ਜ਼ਰਾ ਸੋਚੋ ਕੀ ਇਸ ਲਈ ਸਾਡੇ ਇਨਕਲਾਬੀ ਯੋਧਿਆਂ ਨੇ ਕੁਰਬਾਨੀਆਂ ਕੀਤੀਆਂ ਸਨ? ਨਹੀਂ, ਹਰਗਿਜ਼ ਨਹੀਂ, ਜਿਸ ਕਾਰਜ ਲਈ ਸਾਡੇ ਸ਼ਹੀਦਾਂ ਨੇ ਕੁਰਬਾਨੀਆਂ ਕੀਤੀਆਂ, ਉਹ ਅਜੇ ਅਧੂਰਾ ਹੈ, ਜਿਸ ਨੂੰ ਪੂਰਾ ਕਰਨ ਲਈ ਸਾਡੀ ਜਵਾਨੀ ਨੂੰ ਅੱਗੇ ਆਉਣਾ ਪੈਣਾ ਹੈ। ਇਹ ਕਾਰਜ ਕਿਸੇ ਲੁਟੇਰੀ ਪਾਰਟੀ ਨੇ ਨਹੀਂ ਕਰਨਾ, ਉਹ ਭਾਵੇਂ ਕਾਂਗਰਸ, ਆਪ, ਭਾਜਪਾ-ਅਕਾਲੀ ਵਰਗਾ ਕੋਈ ਵੀ ਹੋਵੇ।

**ਸਾਡੀ ਜਵਾਨੀ ਤੇ ਸਾਡੇ ਸ਼ਹੀਦ**

ਪੰਜਾਬ ਦੀ ਜਵਾਨੀ ਖੰਡੇ ਦੀ ਧਾਰ 'ਤੇ ਨੱਚਣ ਦੀ ਬਜਾਇ ਹਨੀ ਸਿੰਘ ਤੇ ਜੈਜੀ ਬੀ ਦੇ ਘਟੀਆ ਗੀਤਾਂ 'ਤੇ ਨੱਚ ਰਹੀ ਹੈ। ਸ਼ਹੀਦਾਂ ਦੀਆਂ ਯਾਦਗਾਰਾਂ 'ਤੇ ਹੁੰਮ-ਹੁਮਾ ਕੇ ਪਹੁੰਚਣ ਦੀ ਬਜਾਇ ਗੈਂਗਸਟਰਾਂ ਦੀਆਂ ਤਰੀਕਾਂ, ਮਰਨ ਤੇ ਉਹਨਾਂ ਦੇ ਸੰਸਕਾਰਾਂ 'ਤੇ ਹੇੜਾਂ ਇਕੱਠੀਆਂ ਹੁੰਦੀਆਂ ਹਨ। ਕਿਹਾ ਜਾਂਦਾ ਜੋ ਵਿਕਦੇ ਨਹੀਂ, ਉਹਨਾਂ ਦੀਆਂ ਤਸਵੀਰਾਂ ਵਿਕਦੀਆਂ ਹਨ। ਪਰ ਜੋ ਲੁਟੇਰੇ ਰਾਜਸੀ ਲੀਡਰਾਂ ਦੀਆਂ ਰੈਲੀਆਂ 'ਚ ਭੀੜਾਂ ਬਣਦੇ ਹਨ, ਉਹਨਾਂ ਦੀ ਕੀਮਤ ਸਿਰਫ ਮੋਟਰਸਾਈਕਲ ਦੀ ਟੈਂਕੀ ਫੁੱਲ ਕਰਵਾਉਣ ਤੇ ਗੱਡੀ 'ਚ ਬੈਠਣਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਾਰਿਸ ਜਵਾਨੀ ਐਨੀ ਘੱਟ ਕੀਮਤ 'ਤੇ ਕਿਉਂ ਆ ਗਈ, ਇਹ ਸੋਚਣ ਦਾ ਮਾਮਲਾ ਹੈ। ਕੀ ਪੰਜਾਬ ਦੀਆਂ ਮਾਵਾਂ ਨਾ ਵਿਕਣ ਵਾਲੇ ਪੁੱਤ-ਧੀਆਂ ਪੈਦਾ ਨਹੀਂ ਕਰਦੀਆਂ ਜਾਂ ਮੰਡੀ ਦੀਆਂ ਕੀਮਤਾਂ ਸਾਡੀਆਂ ਸੱਭਿਆਚਾਰਕ ਕਦਰਾਂ 'ਤੇ ਭਾਰੀ ਪੈ ਗਈਆਂ ਹਨ।

ਹਰ ਸਮਾਜ ਦੀ ਇੱਕ ਬੁਨਿਆਦੀ ਕਦਰ ਹੁੰਦੀ ਹੈ, ਜਿਸ ਨੂੰ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ ਅਤੇ ਬਾਕੀ ਸਾਰੀਆਂ ਕਦਰਾਂ-ਕੀਮਤਾਂ ਉਸੇ ਇੱਕ ਬੁਨਿਆਦੀ ਕਦਰ ਦਾ ਪਸਾਰ ਹੁੰਦੀਆਂ ਹਨ। ਪੰਜਾਬੀ ਸੱਭਿਆਚਾਰ ਦੀ ਬੁਨਿਆਦੀ ਕਦਰ ਆਜ਼ਾਦੀ ਹੈ, 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ।'

ਸਿਰਫ ਜ਼ਿੰਦਗੀ ਜਿਉਣਾ ਆਪਣੀ ਥਾਂ 'ਤੇ ਕੋਈ ਮਹੱਤਤਾ ਨਹੀਂ ਰੱਖਦਾ, ਜਿਉਂ ਤਾਂ ਕੀੜੇ-ਮਕੌੜੇ ਵੀ ਲੈਂਦੇ ਹਨ। ਪਰ ਮੜਕ ਨਾਲ ਤੁਰਨਾ ਸਿਰਫ ਮਨੁੱਖ ਦੇ ਹਿੱਸੇ ਆਇਆ ਹੈ। ਆਜ਼ਾਦੀ ਤੋਂ ਬਿਨਾਂ ਮੜਕ ਨਾਲ ਜਿਉਣ ਦਾ ਕੋਈ ਮਤਲਬ ਨਹੀਂ। ਇਸੇ ਲਈ ਭਗਤ ਸਿੰਘ ਵਰਗੇ ਯੋਧੇ ਸਾਡੇ ਸਮਾਜ ਦੇ ਸਤਿਕਾਰਤ ਪਾਤਰ ਹਨ। ਪਰ ਅੱਜ ਪੰਜਾਬੀਆਂ ਦੀ ਇਹ ਮੜਕ ਖਾਸ ਕਰ ਜਵਾਨੀ ਦੀ ਮੜਕ ਗਹਿਰੇ ਹਮਲੇ ਦਾ ਸ਼ਿਕਾਰ ਹੈ। ਸੱਭਿਆਚਾਰਕ ਹਮਲੇ ਦੀ ਹਨੇਰੀ ਪੰਜਾਬੀਆਂ ਦੀ ਮੜਕ ਨੂੰ ਉਡਾ ਰਹੀ ਹੈ। ਜਦੋਂ ਮਿਸ ਪੂਜਾ ਕਹਿੰਦੀ ਹੈ ਕਿ 'ਗੱਭੂਰ ਹੋਵੇ ਤਾਂ ਤੇਰੇ ਜਿਹਾ, ਨਹੀਂ ਤਾਂ ਨਾ ਹੋਵੇ', ਮਿਸ ਪੂਜਾ ਉਸ ਗੱਭਰੂ ਦੀ ਗੱਲ ਕਰਦੀ ਹੈ ਜਿਸ ਕੋਲ ਬੁਲਟ ਮੋਟਰਸਾਈਕਲ, ਗੱਡੀਆਂ, ਬਰਾਂਡਡ ਕੱਪੜੇ ਹਨ, ਕੁੜੀਆਂ ਮਗਰ ਅਵਾਰਾਗਰਦੀ ਕਰਦਾ। ਪਰ ਉਹ ਸਮਾਜ ਵਿਚਲੇ ਧੱਕੇ ਖ਼ਿਲਾਫ਼ ਆਵਾਜ਼ ਨਹੀਂ ਉਠਾਉਂਦਾ। ਇਸ ਤਰ੍ਹਾਂ ਪੰਜਾਬੀ ਗੱਭਰੂ ਦੀ ਪਰਿਭਾਸ਼ਾ ਵਿੱਚੋਂ ਭਗਤ, ਸਰਾਭੇ ਦੀ ਸੀਰਤ ਕੱਢੀ ਜਾ ਰਹੀ ਹੈ। ਵਿਦੇਸ਼ੀ ਧਾੜਵੀਆਂ ਤੋਂ ਪੂਰੇ ਮੁਲਕ ਦੀਆਂ ਧੀਆਂ-ਭੈਣਾਂ ਬਚਾਉਣ ਵਾਲੇ ਪੰਜਾਬੀ, ਕੁੜੀਆਂ ਦੇ ਲੱਕ ਮਿਣਨ ਵਾਲੇ ਤੇ ਕੁੜੀਆਂ ਨੂੰ ਪੁਰਜੇ ਕਹਿਣ ਵਾਲੇ ਗੀਤਾਂ 'ਤੇ ਨੱਚਦੇ ਹਨ। ਸਾਡੀ ਜਵਾਨੀ ਇਹਨਾਂ ਗੀਤਾਂ 'ਤੇ ਨਹੀਂ ਸਗੋਂ ਬਜਾਰੂ ਕੀਮਤਾਂ 'ਤੇ ਨੱਚਦੀ ਹੈ ਅਤੇ ਉਸ ਦੇ ਪੈਰਾਂ ਹੇਠ ਡਾਂਸ-ਫਲੋਰ ਦੀ ਥਾਂ 'ਤੇ ਪੰਜਾਬੀਅਤ ਦੀ ਹਿੱਕ ਹੁੰਦੀ ਹੈ। ਕਾਲਜਾਂ, ਯੂਨੀਵਰਸਿਟੀਆਂ 'ਚ ਜਦੋਂ ਇਹ ਗਾਇਕ ਆਉਂਦੇ ਹਨ ਤਾਂ ਪੂਰਾ ਕਾਲਜ, ਯੂਨੀਵਰਸਿਟੀ ਇਹਨਾਂ ਦੇ ਦੁਆਲੇ ਹੋ ਜਾਂਦੇ ਹਨ। ਹੱਕਾਂ ਲਈ ਸੰਘਰਸ਼ ਦੀ ਗੱਲ ਆਉਂਦੀ ਹੈ ਤਾਂ ਇਕੱਠ ਛੋਟੇ ਪੈ ਜਾਂਦੇ ਹਨ।

ਮਾਲਵੇ ਦੇ ਇੱਕ ਕਾਲਜ ਦਾ ਪੋਸਟਰ ਪ੍ਰਧਾਨ ਜੋ ਇੱਕ ਸਮੇਂ ਸਾਡੇ ਸੰਘਰਸ਼ 'ਚ ਆਇਆ, ਕੁਝ ਦਿਨਾਂ ਬਾਅਦ ਹਾਕਮਾਂ ਦੀ ਪਾਰਟੀ ਦਾ ਵਿਦਿਆਰਥੀ ਆਗੂ ਬਣ ਗਿਆ। ਉਸ ਤੋਂ ਸਾਡੇ ਇੱਕ ਹਮਦਰਦ ਕਾਲਜ ਦੇ ਪ੍ਰੋਫੈਸਰ ਨੇ ਪੁੱਛਿਆ ਅੱਜ ਕੱਲ ਕਿਸ ਨਾਲ ਹੋ? ਤਾਂ ਉਸ ਦਾ ਜਵਾਬ ਸੀ ਜਿਸ ਦੀ ਸਰਕਾਰ ਬਣੂੰ। ਇਹ ਕਿਹੜੀ ਪੰਜਾਬੀਅਤ ਹੈ, ਹਕੂਮਤ ਦਾ ਝੋਲੀ ਚੁੱਕ ਬਣਨਾ ਤੇ ਫਿਰ ਹਕੂਮਤਾਂ ਨਾਲ ਟਕਰਾਉਣ ਵਾਲੇ ਕੌਣ ਹਨ? ਇਹ ਇੱਕ ਵਿਅਕਤੀ ਨਹੀਂ ਸਗੋਂ ਇੱਕ ਵੰਨਗੀ ਇਸ ਤਰ੍ਹਾਂ ਦੀ ਪੈਦਾ ਹੋ ਚੁੱਕੀ ਹੈ।

ਪੰਜਾਬ ਦੀ ਜਵਾਨੀ ਦਾ ਇੱਕ ਹਿੱਸਾ ਗੈਂਗਸਟਰਾਂ ਨੂੰ ਹੀਰੋ ਮੰਨਦਾ ਹੈ। ਉਹ ਵੀ ਪੰਜਾਬੀ ਸੱਭਿਆਚਾਰ ਦੀ ਮੂਲ ਕਦਰ ਤੋਂ ਕੋਹਾਂ ਦੂਰ ਹੈ, ਸਿਰਫ ਤੇਗਾਂ ਮਾਰਨੀਆਂ ਹੀ ਬਹਾਦਰੀ ਨਹੀਂ ਬਲਕਿ ਕਿਸ ਉਦੇਸ਼ ਲਈ ਤੇਗ ਵਾਹੀ ਗਈ, ਇਹ ਅਹਿਮ ਹੈ। ਉਦੇਸ਼ ਹੀ ਖਾਸਾ ਤੈਅ ਕਰਦਾ ਹੈ ਕਿ ਇਹ ਦਲੇਰੀ ਅਤੇ ਆਪਾ-ਵਾਰੂ ਭਾਵਨਾ ਦਾ ਪ੍ਰਗਟਾਅ ਹੈ ਜਾਂ ਜ਼ੁਲਮ ਅਤੇ ਗੁੰਡਾਗਰਦੀ। ਕਿਸੇ ਦੀ ਮੁਟਿਆਰ ਧੀ ਨੂੰ ਉਸ ਦੀ ਮਰਜੀ ਖ਼ਿਲਾਫ਼ ਹਥਿਆਰਾਂ ਦੇ ਜੋਰ ਨਾਲ ਘਰੋਂ ਚੁੱਕ ਲਿਜਾਣਾ ਬਹਾਦਰੀ ਨਹੀਂ, ਉਸ ਧੀ ਦੀ ਸਲਾਮਤੀ ਲਈ ਜੱਦੋਜਹਿਦ ਕਰਨਾ ਬਹਾਦਰੀ ਹੈ। ਲੜਾਈ ਭਾਵੇਂ ਬਿਨਾਂ ਹਥਿਆਰਾਂ ਦੇ ਹੋਵੇ, ਕਿਸੇ ਗਰੀਬ ਦੀ ਜ਼ਮੀਨ 'ਤੇ ਨਜਾਇਜ ਕਬਜਾ ਬਹਾਦਰੀ ਨਹੀਂ ਬਲਕਿ ਹਕੂਮਤਾਂ ਖ਼ਿਲਾਫ਼ ਲੜਦਿਆਂ ਜ਼ਮੀਨਾਂ ਕੁਰਕ ਕਰਵਾ ਲੈਣਾ ਬਹਾਦਰੀ ਹੈ।

ਜੇਤੂ ਹੀ ਬਹਾਦਰ ਨਹੀਂ ਹੁੰਦਾ, ਸਗੋਂ ਤੱਤੀਆਂ ਤਵੀਆਂ 'ਤੇ ਬੈਠਣਾ, ਬੰਦ-ਬੰਦ ਕਟਵਾਉਣਾ, ਚਰਖੜੀਆਂ 'ਤੇ ਚੜ੍ਹਨਾ, ਬੱਚੇ ਦਾ ਕਲੇਜਾ ਮੂੰਹ 'ਚ ਪਵਾਉਣਾ ਬਹਾਦਰੀ ਹੈ ਪਰ ਇਹ ਕਾਰਾ ਕਰਨ ਵਾਲੇ ਜ਼ਾਲਮ ਹਨ। ਭਾਵੇਂ ਵਕਤੀ ਤੌਰ 'ਤੇ ਉਹ ਭਾਰੂ ਹੀ ਹੋਣ, ਪਰ ਭਾਰੂ ਧਿਰ ਵੱਲ ਹੀ ਖੜਨਾ ਉਸ ਦਾ ਉਦੇਸ਼ ਵੇਖੇ ਬਿਨਾਂ ਪੰਜਾਬੀਅਤ ਨਹੀਂ ਹੈ। ਪਰ ਪੰਜਾਬ 'ਚ ਇਹ ਵਾਪਰ ਰਿਹਾ ਹੈ। ਚਮਕ-ਦਮਕ ਚੜ੍ਹਾਈ ਮਗਰ ਦੌੜਨਾ ਜਾਰੀ ਹੈ। ਕਦਰਾਂ-ਕੀਮਤਾਂ ਦਮ ਤੋੜ ਰਹੀਆਂ ਹਨ।

**ਪੰਜਾਬੀਅਤ ਦੀਆਂ ਅਹਿਮ ਕਦਰਾਂ-**ਕੀਮਤਾਂ 'ਚੋਂ ਅਧੀਨਗੀ ਦੀ ਥਾਂ ਬਰਾਬਰੀ ਪ੍ਰਮੁੱਖ ਹੈ। ਇਸ ਕਰਕੇ ਗੁਰੂ ਸਿੱਖ ਤੇ ਸਿੱਖ ਗੁਰੂ ਹੋ ਸਕਦਾ ਹੈ, ਲੰਗਰ-ਪੰਗਤ 'ਚ ਸਭ ਬਰਾਬਰ ਹਨ ਪਰ ਚਮਚਾਗਿਰੀ ਕਰਨਾ, ਲੀਡਰਾਂ ਮਗਰ ਲੱਗ ਕੇ ਉਹਨਾਂ ਤੇ ਤਲਵੇ ਚੱਟਣ ਤੱਕ ਜਾਣਾ, ਨਸ਼ੇ ਦੀ ਇੱਕ ਦਿਨ ਦੀ ਤੋਟ ਪੂਰੀ ਕਰਨ ਲਈ ਕਿਸੇ ਬਲੈਕੀਏ ਦੇ ਤਰਲੇ ਕਰਨੇ ਇਹ ਸਾਡੀ ਵਿਰਾਸਤ ਨਹੀਂ, ਵਿਰਸੇ ਤੋਂ ਬੇਮੁਖ ਹੋਣਾ ਹੈ।

ਪੰਜਾਬ ਦੀ ਜਵਾਨੀ ਦਾ ਇਹ ਹਸ਼ਰ ਇੱਕ ਗਿਣੀ-ਮਿਥੀ ਸਾਜਿਸ਼ ਤਹਿਤ ਹੋ ਰਿਹਾ ਹੈ। ਜਿਸ ਸਾਮਰਾਜਵਾਦ ਨੂੰ ਸ਼ਹੀਦ-ਏ-ਆਜ਼ਮ ਨੇ ਮੁਰਦਾਬਾਦ ਕਿਹਾ, ਉਸ ਸਾਮਰਾਜ ਦੀਆਂ ਕੰਪਨੀਆਂ ਸਾਡੇ ਦੇਸ਼ ਦਾ ਚੱਪਾ-ਚੱਪਾ ਲੁੱਟ ਰਹੀਆਂ ਹਨ। ਦੁਸ਼ਮਣ ਜਦੋਂ ਆਉਂਦਾ ਸਾਰੇ ਹਥਿਆਰ ਲੈ ਕੇ ਆਉਂਦਾ। ਉਹ ਜਦੋਂ ਸਾਡੇ ਮੁਲਕ ਦੀ ਲੁੱਟ ਕਰ ਰਹੇ ਹਨ, ਜਿਸ ਦੀ ਅੱਗੇ ਅਸੀਂ ਵਿਆਖਿਆ ਕਰਕੇ ਆਏ ਹਾਂ, ਲੁਟੇਰਿਆਂ ਨੂੰ ਪਤਾ ਹੈ ਕਿ ਜੇਕਰ ਮੁਲਕ ਨੂੰ ਲੁੱਟਾਂਗੇ ਤਾਂ ਜਵਾਨੀ ਇਸ ਖ਼ਿਲਾਫ਼ ਉੱਠੇਗੀ। ਇਸ ਲਈ ਇਸ ਨੂੰ ਉੱਠਣ ਜੋਗੀ ਨਾ ਛੱਡਿਆ ਜਾਵੇ, ਇਸ ਲਈ ਸੈਂਕੜੇ ਟੀ.ਵੀ. ਚੈਨਲ, ਇੰਟਰਨੈੱਟ 'ਤੇ ਅਸ਼ਲੀਲ ਫ਼ਿਲਮਾਂ ਪਰੋਸੀਆਂ ਜਾ ਰਹੀਆਂ ਹਨ। ਸਾਡੇ ਨਾਇਕ ਉਹ ਫ਼ਿਲਮੀ ਲੋਕ ਬਣਾ ਦਿੱਤੇ ਹਨ ਜੋ ਪਿਆਰ ਵੀ ਨਕਲੀ ਕਰਦੇ ਹਨ, ਲੜਾਈ ਵੀ ਨਕਲੀ ਕਰਦੇ ਹਨ, ਮਰਦੇ ਵੀ ਨਕਲੀ ਹਨ ਪਰ ਦੂਜੇ ਪਾਸੇ ਸਾਡੇ ਸ਼ਹੀਦ ਜੋ ਸਾਨੂੰ ਪਿਆਰ ਵੀ ਅਸਲੀ ਕਰਦੇ ਸਨ, ਲੜਾਈ ਵੀ ਅਸਲੀ ਲੜਦੇ ਸਨ ਤੇ ਸ਼ਹਾਦਤ ਵੀ ਦਿੱਤੀ, ਉਹ ਸਾਡੀ ਜਵਾਨੀ ਦੇ ਮਨਾਂ 'ਚੋਂ ਕੱਢੇ ਜਾ ਰਹੇ ਹਨ। ਨਕਲੀ ਨਾਇਕ ਜੋ ਚਾਹੁੰਦੇ ਹਨ, ਉਹ ਕਰਵਾ ਰਹੇ ਹਨ, ਕਦੀ ਮੋਰੀ ਵਾਲੀਆਂ ਪਾਟੀਆਂ ਪੈਂਟਾਂ ਫ਼ੈਸ਼ਨ ਦੇ ਨਾਮ 'ਤੇ ਪਵਾ ਦਿੰਦੇ ਹਨ, ਕਦੇ ਪੁੱਠੇ-ਸਿੱਧੇ ਵਾਲ ਕਟਵਾ ਦਿੰਦੇ ਹਨ।

ਪਰ ਦੋਸਤੋ, ਇਹਨਾਂ ਔਝੜੇ ਰਾਹਾਂ ਦੇ ਰਾਹੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦੇ। ਮੰਜ਼ਿਲ 'ਤੇ ਤਾਂ ਚਾਨਣ ਦਿਖਾਉਣ ਵਾਲੇ ਸਾਡੇ ਸ਼ਹੀਦ ਹੀ ਪਹੁੰਚਾ ਸਕਦੇ ਹਨ ਪਰ ਹਕੂਮਤਾਂ ਸ਼ਹੀਦਾਂ ਨੂੰ ਖਤਮ ਕਰਨਾ ਚਾਹੁੰਦੀਆਂ ਹਨ। ਅੰਗਰੇਜ਼ਾਂ ਸ਼ਹੀਦ ਭਗਤ ਸਿੰਘ ਨੂੰ ਇੱਕ ਵਾਰ ਫਾਹੇ ਟੰਗਿਆ ਤੇ ਸਾਡੇ ਹਾਕਮ ਸ਼ਹੀਦਾਂ ਦਾ ਕਈ-ਕਈ ਵਾਰ ਕਤਲ ਕਰ ਰਹੇ ਹਨ, ਕਦੇ ਉਸ ਨੂੰ ਅੱਤਵਾਦੀ ਦੱਸ ਕੇ, ਕਦੇ ਉਹਨਾਂ ਦੀਆਂ ਯਾਦਗਾਰਾਂ ਢਾਹ ਕੇ। ਦੇਸ਼ ਦੀ 80% ਜਨਤਾ ਨੂੰ ਕੰਗਾਲੀ ਵੱਲ ਧੱਕਣ ਵਾਲੀਆਂ ਸ਼ਕਤੀਆਂ ਸਾਮਰਾਜ ਤੇ ਦਲਾਲ ਹਾਕਮਾਂ ਖ਼ਿਲਾਫ਼ ਜੱਥੇਬੰਦ ਹੋਈਏ।

ਪਰ ਅਸੀਂ ਆਪਣੇ ਸ਼ਹੀਦਾਂ ਦਾ ਵਾਰ-ਵਾਰ ਫਾਹੇ ਟੰਗਣ ਵਾਲੀ ਹਕੂਮਤ ਨੂੰ ਸਿੱਧੇ ਮੱਥੇ ਟੱਕਰਾਂਗੇ। ਸੋ ਆਓ, ਫਿਰੋਜ਼ਪੁਰ ਦੀ ਧਰਤੀ 'ਤੇ ਤੂੜੀ ਬਾਜ਼ਾਰ 'ਚ ਸਾਡੇ ਕ੍ਰਾਂਤੀਕਾਰੀਆਂ ਦਾ ਅਹਿਮ ਟਿਕਾਣਾ, ਜਿੱਥੇ ਇਤਿਹਾਸ ਦਾ ਬਹੁਤ ਕੁਝ ਜੁੜਿਆ ਹੈ, ਉਸਨੂੰ ਬਚਾਉਣ ਲਈ ਉੱਥੇ ਸ਼ਹੀਦਾਂ ਦੀਆਂ ਨਿਸ਼ਾਨੀਆਂ ਰੱਖ ਕੇ ਅਜਾਇਬ ਘਰ ਤੇ ਲਾਇਬਰੇਰੀ ਬਣਵਾਉਣ ਤੱਕ ਜੱਦੋਜਹਿਦ ਜਾਰੀ ਰੱਖੀਏ ਕਿਉਂਕਿ ਸ਼ਹੀਦਾਂ ਦੇ ਸੁਪਨਿਆਂ ਦਾ ਮੁਲਕ ਅਜੇ ਬਣਾਉਣਾ ਹੈ, ਇਸ ਲਈ ਉਹਨਾਂ ਦੀ ਵਿਰਾਸਤ ਸਾਡੀ ਪ੍ਰੇਰਨਾ ਸਰੋਤ ਹੈ। ਇਸ ਵਿਰਾਸਤ ਨੂੰ ਬਚਾਉਣਾ ਉਨ੍ਹਾਂ ਨੌਜਵਾਨਾਂ, ਆਮ ਲੋਕਾਂ ਅੱਗੇ ਚੁਣੌਤੀ ਹੈ, ਜੋ ਸ਼ਹੀਦਾਂ ਨੂੰ ਪਿਆਰ ਕਰਦੇ ਹਨ ਤੇ ਉਨ੍ਹਾਂ ਅੰਦਰ ਹੱਕ-ਸੱਚ ਤੇ ਅਣਖ ਦੇ ਕਣ ਖਤਮ ਨਹੀਂ ਹੋਏ। ਕੀ ਤੁਹਾਡੇ ਅੰਦਰ ਇਹ ਕਣ ਹਨ? ਤਾਂ ਆਓ ਚੁਣੌਤੀ ਕਬੂਲ ਕਰਦੇ ਹੋਏ ਅੱਗੇ ਵਧੀਏ ਤੇ 23 ਮਾਰਚ ਦੇ ਇਤਿਹਾਸਕ ਦਿਹਾੜੇ ਫਿਰੋਜ਼ਪੁਰ ਪੁੱਜੀਏ।

ਸ਼ਹੀਦੋ ਤੁਹਾਡਾ ਕਰਜ ਹੈ,
ਲਾਹੁਣਾ ਸਾਡਾ ਫਰਜ ਹੈ।

ਪ੍ਰੋਗਰਾਮ :- 12 ਵਜੇ ਦੁਸਹਿਰਾ ਮੈਦਾਨ, ਨਜਦੀਕ ਸਿਵਲ ਹਸਪਤਾਲ ਇਕੱਠੇ ਹੋ ਕੇ ਸ਼ਹੀਦਾਂ ਦੀ ਵਿਰਾਸਤ ਤੱਕ ਮਾਰਚ ਕੀਤਾ ਜਾਵੇਗਾ।

23 ਮਾਰਚ ਨੂੰ ਫਿਰੋਜ਼ਪੁਰ ਪੁੱਜੋ

ਨੋਟ : ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਸਾਥੀ ਡਾ. ਗਯਾ ਪ੍ਰਸ਼ਾਦ ਦੇ ਬੇਟੇ ਕ੍ਰਾਂਤੀ ਕੁਮਾਰ (ਕਾਨਪੁਰ), ਮਹਾਂਵੀਰ ਸਿੰਘ ਦੇ ਛੋਟੇ ਬੇਟੇ ਅਸੀਮ ਰਾਠੌਰ (ਜੈਪੁਰ) ਤੇ ਸ਼ਹੀਦ ਰਾਜਗੁਰੂ ਦੇ ਭਤੀਜੇ ਸੱਤਿਆਸ਼ੀਲ ਰਾਜਗੁਰੂ (ਪੂਨਾ), ਬੀ.ਕੇ.ਦੱਤ ਜੋ ਅਸੈਂਬਲੀ 'ਚ ਬੰਬ ਸੁੱਟਣ ਵੇਲੇ ਭਗਤ ਸਿੰਘ ਨਾਲ ਸਨ ਉਹਨਾਂ ਦੀ ਬੇਟੀ ਭਾਰਤੀ ਬਾਗਚੀ (ਪਟਨਾ) ਪਹੁੰਚ ਰਹੇ ਹਨ।

**ਵੱਲੋਂ : ਪੰਜਾਬ ਸਟੂਡੈਂਟਸ ਯੂਨੀਅਨ,**
**ਨੌਜਵਾਨ ਭਾਰਤ ਸਭਾ**
**ਸੰਪਰਕ : 98554-39397, 84279-92567, 94630-53401, 94637-56635**

# There is a historical distortion being spread about 14th Feb.

## Fake history is fabricated by selfish people.



Shaheed Bhagat Singh, Sukhdev and Rajguru were hanged on 23rd March 1931 and that too in the night at 7 pm. This was not only against human ethics but was an inhuman crime of. British Imperialism . As a legal luminary A G Noorani said it was a judicial murder .

As the regular justice channels of magisterial trial to charge sheeting and then committing to Session cour...t for trial was bye passed by way of special court with direct power of HighCourt. It had three judges. It was to be reconstituted when Bhagat Singh exposed its being totally biased against the young revolutionaries. Though the chairman and one Indian Judge Justice Aga Hedar were replaced . Chairman for partition mind set and Justice Aga hedar being too fair minded and exposing the fabricated witnesses and unjudicial attitude of British Government.

Bhagat Singh and copatriots boycotted the next proceedings.

Let us be aware that the case was "waging war against British King " And not murder case that is why no pistol was ever presented as witness and was just based on approvers without collaborative witnesses.

Bhagat Singh said let injustice prevail our stead fast and courageously facing this injustice will awaken Indian masses and British will be forced out.

Before going this path to kiss death he wrote to Sukhdev "love is greatest force of life but provided it is free of selfishness"

But these days the Hindutav BhagWan Brigade which is only motivated by hatered .for which they don't leave any occasion for spreading hatred and taking law into there hand.

In this way they truly represent British Imperial mind set.

They shamelessly falsify History for this purpose.

One such falsehood is making the day of love 14th feb as martyrdom day of Bhagat singh Sukhdev And Rajgurunagar . It is 23rd March.

February is important but for other reasons.

On 2nd Feb Bhagat Singh completed his political tests.menr.

10000 British workers signed a petion against this injustice .four M P of Scottish Independent Labour Party registered their protest with P M

And England was awakened of injustice when on 11th Feb Privy council heard the arguments of mr ptitt of the arbitrariness of justice prevalent in British India.But judge RejectEd to listen to full arguments

**- Jagmohan Singh**

# ਦਿੱਲੀ ਯੂਨੀਵਰਸਿਟੀ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ 'ਤੇ ਹੋਏ ਫਾਸੀਵਾਦੀ ਹਮਲੇ ਦਾ ਵਿਰੋਧ ਕਰੋ!

21 ਫਰਵਰੀ ਮੰਗਲਵਾਰ ਨੂੰ ਦਿੱਲੀ ਯੂਨੀਵਰਸਿਟੀ ਅਧੀਨ ਆਉਂਦੇ ਰਾਮਜਸ ਕਾਲਜ ਵਿੱਚ ਹੋ ਰਹੇ ਇੱਕ ਪ੍ਰੋਗਰਾਮ ਨੂੰ ਆਰ. ਐੱਸ. ਐੱਸ ਦੀ ਵਿਦਿਆਰਥੀ ਜਥੇਬੰਦੀ ਏ. ਬੀ. ਵੀ. ਪੀ ਦੇ ਗੁੰਡਿਆਂ ਨੇ ਜਬਰੀ ਬੰਦ ਕਰਵਾ ਦਿੱਤਾ। ਇਸ ਮੌਕੇ ਇਹਨਾਂ ਗੁੰਡਿਆਂ ਵੱਲੋਂ ਹਾਲ ਵਿੱਚ ਬੈਠੇ ਸਰੋਤਿਆਂ ਉੱਪਰ ਬਾਹਰੋਂ ਪੱਥਰਬਾਜ਼ੀ ਵੀ ਕੀਤੀ ਗਈ। ਇਸ ਤੋਂ ਅਗਲੇ ਦਿਨ ਇਹਨਾਂ ਫਿਰਕੂ ਗੁੰਡਿਆਂ ਦੀ ਇਸ ਕਾਰਵਾਈ ਖ਼ਿਲਾਫ਼ ਵਿਦਿਆਰਥੀ ਜਥੇਬੰਦੀਆਂ ਐੱਸ. ਐੱਫ. ਆਈ. ਅਤੇ ਆਇਸ਼ਾ ਵੱਲੋਂ ਰੱਖੇ ਗਏ ਮੁਜ਼ਾਹਰੇ ਵਿੱਚ ਵੀ ਦੋਹਾਂ ਧਿਰਾਂ ਖਹਿਬੜ ਪਈਆਂ ਜਿਸ ਦੌਰਾਨ ਇਹਨਾਂ ਗੁੰਡਿਆਂ ਨੇ ਅਧਿਆਪਕਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਧੂਹ ਕੇ ਕੁੱਟਿਆ। ਮੌਕੇ ਉੱਤੇ ਮੌਜੂਦ ਪੁਲਸ ਨੇ ਵੀ ਇਹਨਾਂ ਗੁੰਡਿਆਂ ਦਾ ਹੀ ਸਾਥ ਦਿੰਦਿਆਂ ਪੱਤਰਕਾਰਾਂ ਅਤੇ ਵਿਦਿਆਰਥੀਆਂ ਉੱਪਰ ਜਬਰ ਕੀਤਾ।

ਇਸ ਪ੍ਰੋਗਰਾਮ ਵਿੱਚ ਏ.ਬੀ.ਵੀ.ਪੀ ਦਾ ਇਤਰਾਜ਼ ਇਹ ਸੀ ਕਿ ਇਸ ਪ੍ਰੋਗਰਾਮ ਲਈ ਜੇ.ਐੱਨ.ਯੂ ਦੇ ਵਿਦਿਆਰਥੀ ਆਗੂ ਉਮਰ ਖ਼ਾਲਿਦ ਨੂੰ ਸੱਦਿਆ ਗਿਆ ਸੀ ? ਪਰ ਅਸਲ ਵਿੱਚ ਸੱਚਾਈ ਇਹ ਹੈ ਕਿ ਇਸ ਪ੍ਰੋਗਰਾਮ ਦੇ ਵਿਸ਼ਿਆਂ ਨੂੰ ਲੈ ਕੇ ਹੀ ਇਹ ਸੰਘੀ ਗੁੰਡੇ ਭੜਕੇ ਸਨ। "ਪ੍ਰਤੀਰੋਧ ਦਾ ਸੱਭਿਆਚਾਰ" ਨਾਮ ਦੇ ਇਸ ਪ੍ਰੋਗਰਾਮ ਵਿੱਚ ਅਜਿਹੇ ਵਿਸ਼ਿਆਂ ਉੱਪਰ ਵਿਚਾਰ-ਚਰਚਾ ਕੀਤੀ ਜਾਣੀ ਸੀ- ਕਸ਼ਮੀਰ ਅਤੇ ਉੱਤਰ-ਪੂਰਬ ਵਿਚਲੇ ਇਲਾਕਿਆਂ ਵਿੱਚ ਲਾਗੂ ਅਫ਼ਸਪਾ ਕਾਨੂੰਨ ਉੱਪਰ ਚਰਚਾ, ਯੂਨੀਵਰਸਿਟੀਆਂ ਵਿੱਚ ਵੱਧ ਰਹੀ ਸਿਆਸੀ ਗੁੰਡਾਗਰਦੀ ਅਤੇ ਘਟਦਾ ਜਮਹੂਰੀ ਸਪੇਸ, ਭਾਰਤ ਵਿੱਚ ਜਾਤ, ਆਦਿ ਜਿਹੇ ਵਿਸ਼ੇ ਐਥੇ ਚਰਚਾ ਦਾ ਮੁੱਦਾ ਬਣਨੇ ਸਨ? ਇਸ ਤੋਂ ਇਲਾਵਾ ਉਮਰ ਖ਼ਾਲਿਦ ਦਾ ਭਾਰਤ ਦੇ ਕਬਾਇਲੀ ਖੇਤਰਾਂ ਵਿੱਚ ਸਰਕਾਰ ਵੱਲੋਂ ਛੇੜੇ ਗਏ ਯੁੱਧ ਉੱਪਰ ਇੱਕ ਪੇਪਰ ਸੀ? ਇਹਨਾਂ ਸਾਰੇ ਵਿਸ਼ਿਆਂ ਤੋਂ ਭੈਅ ਖਾਂਦਿਆਂ ਹੀ ਏ.ਬੀ.ਵੀ.ਪੀ ਦੇ ਗੁੰਡਿਆਂ ਵੱਲੋਂ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਇਸ ਨੂੰ ਬੰਦ ਕਰਵਾਇਆ ਗਿਆ।

ਇਹ ਪਹਿਲੀ ਵਾਰ ਨਹੀਂ ਹੈ ਕਿ ਆਰ. ਐੱਸ. ਐੱਸ. ਦੀ ਵਿਦਿਆਰਥੀ ਜਥੇਬੰਦੀ ਵੱਲੋਂ ਦੇਸ਼-ਭਗਤੀ ਦੇ ਨਾਮ ਉੱਤੇ ਅਜਿਹੀਆਂ ਘਟੀਆ, ਗੈਰ-ਜਮਹੂਰੀ ਹਰਕਤਾਂ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਦਿੱਲੀ ਯੂਨੀਵਰਸਿਟੀ ਵਿੱਚ ਹੀ ਪਿਛਲੇ ਸਾਲ ਮੁਜ਼ੱਫਰਨਗਰ ਦੰਗਿਆਂ ਉੱਪਰ ਬਣੀ ਫ਼ਿਲਮ 'ਮੁਜ਼ੱਫਰਨਗਰ ਬਾਕੀ ਹੈ' ਦੀ ਪਰਦਾਪੇਸ਼ੀ ਵੀ ਇਹਨਾਂ ਹੀ ਗੁੰਡਿਆਂ ਵੱਲੋਂ ਰੋਕੀ ਗਈ ਸੀ, ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿੱਚ ਹਮਲਾ, ਪ੍ਰੋ. ਜੀਲਾਨੀ ਅਤੇ ਡਾ. ਜੀ. ਐੱਨ. ਸਾਈਬਾਬਾ ਉੱਪਰ ਹਮਲਾ ਅਤੇ ਕੁੜੀਆਂ ਦੇ ਹੱਕਾਂ ਲਈ ਚੱਲੀ ਮੁਹਿੰਮ 'ਪਿੰਜਰਾਤੋੜ' ਦੇ ਕਾਰਕੁੰਨਾਂ ਉੱਪਰ ਹਮਲੇ - ਇਹ ਉਹ ਸਭ ਕਰਤੂਤਾਂ ਹਨ ਜੋ ਇਹਨਾਂ ਗੁੰਡਿਆਂ ਵੱਲੋਂ ਪਿਛਲੇ ਕੁੱਝ ਸਮੇਂ ਵਿੱਚ ਹੀ ਕੀਤੀਆਂ ਗਈਆਂ ਹਨ ?

ਕੇਂਦਰ ਵਿੱਚ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਆਉਣ ਤੋਂ ਮਗਰੋਂ ਲਗਾਤਾਰ ਮੁਲਕ ਵਿੱਚ ਇਸ ਤਰਾਂ ਦੇ ਗੈਰ-ਜਮਹੂਰੀ ਮਾਹੌਲ ਨੂੰ ਵਧਾਵਾ ਮਿਲ ਰਿਹਾ ਹੈ। ਵਿਚਾਰ-ਚਰਚਾਵਾਂ ਕਰਨ ਤੱਕ ਨੂੰ ਵੀ ਧੱਕੇ ਨਾਲ ਬੰਦ ਕਰਵਾਇਆ ਜਾ ਰਿਹਾ ਹੈ, ਦਹਿਸ਼ਤ ਦਾ ਇੱਕ ਮਾਹੌਲ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਗੁੰਡਾਗਰਦੀ ਖ਼ਿਲਾਫ਼ ਅੱਜ ਸਾਰੀਆਂ ਜਮਹੂਰੀ ਧਿਰਾਂ ਅਤੇ ਵਿਅਕਤੀਆਂ ਨੂੰ ਇੱਕ-ਜੁੱਟ ਹੋਣ ਦੀ ਲੋੜ ਹੈ। ਇਹਨਾਂ ਸੰਘੀਆਂ ਦੀ ਗੁੰਡਾਗਰਦੀ ਦਾ ਇੱਕੋ ਜਵਾਬ ਇਹਨਾਂ ਖ਼ਿਲਾਫ਼ ਖਾੜਕੂ ਢੰਗ ਨਾਲ ਸੰਘਰਸ਼ ਕਰਨਾ ਹੈ। ਅਜਿਹੇ ਕਰਕੇ ਹੀ ਅਸੀਂ ਆਪਣੇ ਕਾਲਜ-ਯੂਨੀਵਰਸਿਟੀ ਦੇ ਕੈਂਪਸਾਂ ਦੇ ਸ਼ਾਂਤਮਈ ਮਾਹੌਲ ਨੂੰ ਬਹਾਲ ਕਰ ਸਕਦੇ ਹਾਂ!

ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਏ.ਬੀ.ਵੀ.ਪੀ ਦੇ ਇਹਨਾਂ ਦੀ ਇਸ ਕਾਰਵਾਈ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ ਅਤੇ ਸਮੂਹ ਇਨਸਾਫ-ਪਸੰਦ ਵਿਦਿਆਰਥੀਆਂ, ਨੌਜਵਾਨਾਂ ਅਤੇ ਵਿਅਕਤੀਆਂ ਨੂੰ ਇਸ ਗੁੰਡਾਗਰਦੀ ਖ਼ਿਲਾਫ਼ ਲਾਮਬੰਦ ਹੋਣ ਦਾ ਸੱਦਾ ਦਿੰਦੀ ਹੈ।



ਦਿੱਲੀ ਯੂਨੀਵਰਸਿਟੀ ਦੀਆਂ ਘਟਨਾਵਾਂ ਉੱਤੇ ਕਿਸੇ "ਆਮ ਆਦਮੀ" ਜਾਂ "ਚੁਟਕਲੇਬਾਜ਼ ਇਨਕਲਾਬੀ" ਦੀ ਜੀਭ ਨੂੰ ਵੱਜਿਆ ਤੰਦੂਆ ਅਜੇ ਤੱਕ ਨਹੀਂ ਖੁੱਲ੍ਹਿਆ? ਪਾਰਲੀਮੈਂਟ ਵਿੱਚ ਮੋਦੀ ਉੱਤੇ ਪੈਰੋਡੀਆਂ ਜੋੜ-ਜੋੜ ਸੁਣਾਉਣ ਵਾਲ਼ੇ ਦੀ ਜ਼ੁਬਾਨ ਨੂੰ ਵਲ ਪੈ ਗਿਆ ਲੱਗਦਾ! "ਆਜ਼ਾਦੀ ਦੀ ਲੜਾਈ" ਦੀ "ਮੋਹਰੀ" ਤੇ "ਖਾਨਦਾਨੀ" ਪਾਰਟੀ ਕੋਲੋਂ, ਯੂਪੀ ਦੇ ਸਮਾਜਵਾਦੀਆਂ ਤੇ ਬਸਪਾ-ਮਾਰਕਾ "ਦਲਿਤ-ਰਾਖਿਆਂ", ਧਰਮ-ਨਿਰਪੱਖ ਨਿਤੀਸ਼ਿਆਂ ਤੋਂ ਵੈਸੇ ਹੀ ਕੋਈ ਉਮੀਦ ਕਰਨੀ ਬੇਮਾਅਨਾ ਹੈ? ਹੋਰ ਤਾਂ ਹੋਰ, ਅਜੇ ਤੱਕ ਭਾਰਤ ਵਿੱਚ ਘੱਟ-ਗਿਣਤੀਆਂ ਉੱਤੇ ਦਿੱਲੀ ਵੱਲੋਂ ਕੀਤੇ ਜ਼ੁਲਮਾਂ ਉੱਤੇ ਮਣ-ਮਣ "ਹੰਝੂ" ਬਹਾਉਣ ਵਾਲ਼ੇ ਵੀ ਚੁੱਪ ਹੀ ਹਨ? ਇੱਥੋਂ ਪਤਾ ਲੱਗਦਾ ਹੈ ਕਿ ਜਦੋਂ ਸੱਚਮੁਚ ਮਨੁੱਖੀ ਅਜ਼ਾਦੀ, ਪਿਛਾਖੜੀ ਢਾਂਚੇ ਖਿਲਾਫ਼ ਬੋਲਣ ਤੇ ਖੜਨ ਦਾ ਸਮਾਂ ਆਉਂਦਾ ਹੈ ਤਾਂ ਇਹ ਸਭ ਦੇ ਸਭ ਪਾਲੇ ਦੇ ਇੱਕੋ ਪਾਸੇ ਹੀ ਮਿਲਦੇ ਹਨ ਤੇ ਮਿਲਦੇ ਰਹਿਣਗੇ? 'ਅੰਮ੍ਰਿਤਪਾਲ



ਲਖਵਿੰਦਰ

*ਕੌਮਾਂਤਰੀ ਔਰਤ ਦਿਵਸ ਦਾ ਸੁਨੇਹਾ*

# ਔਰਤਾਂ ਦੀ ਗੁਲਾਮੀ ਦਾ ਖ਼ਾਤਮਾ ਵਿਸ਼ਾਲ ਔਰਤ ਮੁਕਤੀ ਲਹਿਰ ਤੋਂ ਬਿਨਾਂ ਸੰਭਵ ਨਹੀਂ




ਕੌਮਾਂਤਰੀ ਔਰਤ ਦਿਵਸ (8 ਮਾਰਚ) ਦਾ ਦਿਨ ਲੁੱਟ, ਦਾਬੇ, ਅਨਿਆਂ ਦਾ ਸਭ ਤੋਂ ਵੱਧ ਸ਼ਿਕਾਰ ਅਬਾਦੀ ਦੇ ਅੱਧੇ ਹਿੱਸੇ– ਔਰਤਾਂ ਦੇ ਹੱਕਾਂ, ਅਜ਼ਾਦੀ ਤੇ ਬਰਾਬਰੀ ਲਈ ਅਰੁੱਕ ਜਾਰੀ ਮਹਾਨ ਸੰਘਰਸ਼ ਦਾ ਪ੍ਰਤੀਕ ਦਿਨ ਹੈ। ਕੌਮਾਂਤਰੀ ਔਰਤ ਦਿਵਸ ਇਹ ਐਲਾਨ ਕਰਦਾ ਹੈ ਕਿ ਔਰਤਾਂ ਨੂੰ ਹਮੇਸ਼ਾਂ ਲਈ ਗੁਲਾਮ ਬਣਾ ਕੇ ਨਹੀਂ ਰੱਖਿਆ ਜਾ ਸਕਦਾ। ਇਸ ਦਿਨ ਦਾ ਇਹ ਸਬਕ ਹੈ ਕਿ ਔਰਤਾਂ ਦੀ ਬੇਹਤਰੀ ਖੁਦ ਔਰਤਾਂ ਦੀ ਜੁਝਾਰੂ ਲਹਿਰ ਤੋਂ ਬਿਨਾਂ ਸੰਭਵ ਨਹੀਂ ਹੈ ਅਤੇ ਇਹ ਕਿ ਜਦ ਤੱਕ ਸਮੁੱਚੀ ਮਨੁੱਖਤਾ ਨੂੰ ਲੁੱਟ ਅਧਾਰਿਤ ਸਰਮਾਏਦਾਰਾ ਪ੍ਰਬੰਧ ਤੋਂ ਛੁਟਕਾਰਾ ਹਾਸਲ ਨਹੀਂ ਹੋ ਜਾਂਦਾ ਉਦੋਂ ਤੱਕ ਔਰਤਾਂ ਵੀ ਪੂਰੀ ਤਰ੍ਹਾਂ ਅਜ਼ਾਦ ਨਹੀਂ ਹੋ ਸਕਣਗੀਆਂ। ਨਾਲ਼ ਹੀ ਇਸ ਦਿਨ ਦਾ ਇਹ ਵੀ ਸਬਕ ਹੈ ਕਿ ਔਰਤਾਂ ਦੀ ਗੁਲਾਮੀ ਦੇ ਖਾਤਮੇ ਤੋਂ ਬਿਨਾਂ ਮਰਦ ਕਿਰਤੀ ਵੀ ਸਰਮਾਏ ਦੀ ਗੁਲਾਮੀ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਣਗੇ। ਇਹ ਦਿਨ ਸਮੁੱਚੀ ਮਨੁੱਖਤਾ ਨੂੰ ਲੁੱਟ-ਖਸੁੱਟ ਦੇ ਬੋਝ ਤੋਂ ਮੁਕਤੀ ਲਈ ਜਾਰੀ ਸੰਘਰਸ਼ ਵਿੱਚ ਔਰਤਾਂ ਵੱਲੋਂ ਕੀਤੀ ਗਈ ਸ਼ਮੂਲੀਅਤ ਦਾ ਗਵਾਹ ਤੇ ਪ੍ਰਤੀਕ ਦਿਨ ਵੀ ਹੈ। ਇਸ ਦਿਨ ਦਾ ਇਹ ਸਬਕ ਹੈ ਕਿ ਕਿਰਤੀ ਜਮਾਤਾਂ ਦੀ ਸਰਮਾਏਦਾਰਾ ਪ੍ਰਬੰਧ ਖਿਲਾਫ਼ ਲਹਿਰ ਔਰਤਾਂ ਦੀ ਬਰਾਬਰ ਦੀ ਜੁਝਾਰੂ ਹਿਸੇਦਾਰੀ ਤੋਂ ਬਿਨਾਂ ਅੱਗੇ ਨਹੀਂ ਵੱਧ ਸਕਦੀ।

ਕੌਮਾਂਤਰੀ ਔਰਤ ਦਿਵਸ ਦੀ ਸ਼ੁਰੂਆਤ ਮਜ਼ਦੂਰ ਜਮਾਤੀ ਔਰਤਾਂ ਦੇ ਸੰਘਰਸ਼ ਨਾਲ਼ ਹੋਈ ਸੀ। 8 ਮਾਰਚ 1857 ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਔਰਤ ਕੱਪੜਾ ਮਜ਼ਦੂਰਾਂ ਨੇ 10 ਘੰਟੇ ਦੀ ਕੰਮ ਦਿਹਾੜੀ, ਬਿਹਤਰ ਮਜ਼ਦੂਰੀ, ਕੰਮ ਦੀਆਂ ਬਿਹਤਰ ਹਾਲਤਾਂ ਤੇ ਔਰਤਾਂ ਲਈ ਮਰਦਾਂ ਬਰਾਬਰ ਹੱਕਾਂ ਲਈ ਵਿਸ਼ਾਲ ਮੁਜ਼ਾਹਰੇ ਦਾ ਆਯੋਜਨ ਕੀਤਾ ਸੀ। ਸਰਕਾਰ ਨੇ ਪੁਲਿਸ ਰਾਹੀਂ ਔਰਤਾਂ ਦੇ ਇਸ ਸੰਘਰਸ਼ ’ਤੇ ਬਰਬਰ ਜ਼ਬਰ ਢਾਹਿਆ। ਦੋ ਸਾਲ ਬਾਅਦ ਔਰਤ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਲੜਨ ਵਾਸਤੇ ਆਪਣੀ ਪਹਿਲੀ ਯੂਨੀਅਨ ਕਾਇਮ ਕੀਤੀ। ਇਸਤੋਂ 51 ਸਾਲ ਬਾਅਦ 8 ਮਾਰਚ ਦੇ ਦਿਨ ਹੀ ਨਿਊਯਾਰਕ ਦੀਆਂ ਲੱਗਭੱਗ 20 ਹਜ਼ਾਰ ਮਜ਼ਦੂਰ ਔਰਤਾਂ ਨੇ ਕੰਮ ਦੀਆਂ ਬਿਹਤਰ ਹਾਲਤਾਂ, ਵੋਟ ਦੇਣ ਦੇ ਹੱਕ ਅਤੇ ਬਿਹਤਰ ਮਜ਼ਦੂਰੀ ਲਈ ਮੁਜ਼ਾਹਰਾ ਕੀਤਾ। ਦੋ ਸਾਲਾਂ ਬਾਅਦ 1910 ਵਿੱਚ ਕੋਪਨਹੇਗੇਨ ਵਿੱਚ ਸੰਸਾਰ ਭਰ ਦੀਆਂ ਮਜ਼ਦੂਰ ਜਮਾਤੀ ਪਾਰਟੀਆਂ ਦੇ ਕੌਮਾਂਤਰੀ ਮੰਚ ਨੇ ਕੌਮਾਂਤਰੀ ਔਰਤ ਸੰਮੇਲਨ ਦਾ ਆਯੋਜਨ ਕੀਤਾ। ਇਸ ਸੰਮੇਲਨ ਵਿੱਚ ਜਰਮਨ ਪਾਰਟੀ ਦੀ ਇਨਕਲਾਬੀ ਆਗੂ ਕਲਾਰਾ ਜੈਟਕਿਨ ਨੇ ਇਹ ਮਤਾ ਪੇਸ਼ ਕੀਤਾ ਕਿ 8 ਮਾਰਚ ਦਾ ਦਿਨ ਹਰ ਵਰ੍ਹੇ ਕੌਮਾਂਤਰੀ ਔਰਤ ਦਿਵਸ ਦੇ ਰੂਪ ਵਿੱਚ ਸਾਰੇ ਸੰਸਾਰ ਵਿੱਚ ਮਨਾਇਆ ਜਾਵੇ। ਇਸ ਮਤੇ ਨੂੰ ਸਰਬਸੰਮਤੀ ਨਾਲ਼ ਪਾਸ ਕੀਤਾ ਗਿਆ। ਉਦੋਂ ਤੋਂ ਹੀ ਸਾਰੇ ਸੰਸਾਰ ਵਿੱਚ ਕੌਮਾਂਤਰੀ ਔਰਤ ਦਿਵਸ ਮਨਾਇਆ ਜਾਂਦਾ ਹੈ।

ਸਾਡੇ ਦੇਸ਼ ਵਿੱਚ ਕੌਮਾਂਤਰੀ ਔਰਤ ਦਿਵਸ ਦੇ ਇਤਿਹਾਸ, ਇਸਦੇ ਇਤਿਹਾਸਕ ਮਹੱਤਵ ਅਤੇ ਵਰਤਮਾਨ ਸਮੇਂ ਵਿੱਚ ਇਸਦੀ ਅਸਲ ਪ੍ਰਸੰਗਿਕਤਾ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਇੱਕ ਗਿਣੀ-ਮਿਥੀ ਸਾਜਿਸ਼ ਤਹਿਤ ਲੁਟੇਰੀਆਂ ਜਮਾਤਾਂ ਨੇ ਆਪਣੇ ਵਿਸ਼ਾਲ ਪ੍ਰਚਾਰ-ਪ੍ਰਸਾਰ ਸਾਧਨਾਂ ਰਾਹੀਂ ਇਸ ਦਿਨ ਦੇ ਅਸਲ ਅਰਥਾਂ ਦੇ ਅਨਰਥ ਕਰ ਦਿੱਤੇ ਹਨ। ਇਸਨੂੰ ਮਹਿਜ ਧਨਾਢ-ਮੱਧਵਰਗੀ ਔਰਤਾਂ ਦੇ ਤਿਉਹਾਰ, ਪਾਰਟੀਆਂ, ਜਸ਼ਨਾਂ, ਖਰੀਦਦਾਰੀ ਕਰਨ, ਕਾਰਡ ਤੇ ਤੋਹਫੇ ਵੰਡਣ ਆਦਿ ਤਰ੍ਹਾਂ ਨਾਲ਼ ਬੋਰੀਅਤ-ਇਕੱਲਤਾ ਦੂਰ ਕਰਨ ਦੇ ਸਾਧਨ ਵਿੱਚ ਬਦਲ ਦਿੱਤਾ ਗਿਆ ਹੈ। ਕੌਸਮੈਟਿਕ ਕੰਪਨੀਆਂ ਇਸ ਦਿਨ ’ਤੇ ਔਰਤਾਂ ਲਈ ਵਿਸ਼ੇਸ਼ ਤੋਹਫਿਆਂ ਦਾ ਐਲਾਨ ਕਰਦੀਆਂ ਹਨ। ਅਜਿਹਾ ਹੀ ਹੋਰ ਬਹੁਤ ਕੁਝ ਕੌਮਾਂਤਰੀ ਔਰਤ ਦਿਵਸ ਦੇ ਮਹੱਤਵ ਨੂੰ ਧੁੰਦਲਾ ਕਰਨ ਲਈ ਕੀਤਾ ਜਾਂਦਾ ਰਿਹਾ ਹੈ। ਵੋਟ-ਵਟੋਰੂ ਪਾਰਟੀਆਂ (ਸਮੇਤ ਸੰਸਦਮਾਰਗੀ ਲਾਲ ਝੰਡੇ ਵਾਲ਼ੀਆਂ ਪਾਰਟੀਆਂ), ਇਹਨਾਂ ਨਾਲ਼ ਜੁੜੀਆਂ ਔਰਤਾਂ, ਨੌਜਵਾਨਾਂ, ਵਿਦਿਆਰਥੀਆਂ ਦੀਆਂ ਜੱਥੇਬੰਦੀਆਂ ਨੇ ਵੀ ਇਸ ਮਹਾਨ ਦਿਨ ਅਤੇ ਔਰਤਾਂ ਦੇ ਮੁਕਤੀ ਸੰਘਰਸ਼ ਨਾਲ਼ ਖਿਲ਼ਵਾੜ ਕਰਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ ਹੈ। ਆਪਣਾ ਵੋਟ ਬੈਂਕ ਅਤੇ ਅਧਾਰ ਮਜ਼ਬੂਤ ਕਰਨ ਲਈ ਇਹਨਾਂ ਪਾਰਟੀਆਂ-ਜੱਥੇਬੰਦੀਆਂ ਨੂੰ ਬਹੁਤ ਸਾਰੇ ਪਖੰਡ ਕਰਨੇ ਪੈਂਦੇ ਹਨ। ਕੌਮਾਂਤਰੀ ਔਰਤ ਦਿਵਸ ਦੇ ਦਿਨ ਇਹਨਾਂ ਵੱਲੋਂ ਕੀਤੀਆਂ ਜਾਂਦੀਆਂ ਰੈਲੀਆਂ, ਜਲਸੇ, ਮੋਟਰਸਾਈਕਲ-ਕਾਰ ਮਾਰਚ, ਮੀਟਿੰਗਾਂ, ਅਖਬਾਰਾਂ-ਟੀ.ਵੀ. ਚੈਨਲਾਂ ਰਾਹੀਂ ਦਿੱਤੇ ਜਾਂਦੇ ਔਰਤਾਂ ਦੇ ਨਾਂ ਵਧਾਈ ਸੰਦੇਸ਼ ਪਖੰਡ ਤੋਂ ਸਿਵਾ ਹੋਰ ਕੁਝ ਨਹੀਂ ਹੁੰਦੇ। ਅਜਿਹੀਆਂ ਪਾਰਟੀਆਂ-ਜੱਥੇਬੰਦੀਆਂ ਔਰਤਾਂ ਸਾਹਮਣੇ ਵੱਧ ਤੋਂ ਵੱਧ ਸੰਸਦ-ਵਿਧਾਨ ਸਭਾਵਾਂ ਵਿੱਚ ਰਿਜਰਵੇਸ਼ਨ ਹਾਸਲ ਕਰਨ ਦਾ ਟੀਚਾ ਪੇਸ਼ ਕਰਦੇ ਹੋਏ ਔਰਤਾਂ ਦੀ ਅਜ਼ਾਦੀ ਦੀ ਗੱਲ ਕਰਦੀਆਂ ਹਨ। ਇਹਨਾਂ ਦੀ ਕੋਸ਼ਿਸ਼ ਵੱਧ ਤੋਂ ਵੱਧ ਇਹੋ ਰਹਿੰਦੀ ਹੈ ਕਿ ਔਰਤਾਂ ਦੀ ਮੁਕਤੀ ਦੀ ਤਾਂਘ, ਉਹਨਾਂ ਦੇ ਸੰਘਰਸ਼ ਸਰਮਾਏਦਾਰਾ ਸੰਸਦੀ ਢਾਂਚੇ ਦੇ ਚੌਖਟੇ ਤੋਂ ਬਾਹਰ ਨਾ ਜਾਣ। ਦਿਨ-ਰਾਤ ਸਰਮਾਏਦਾਰਾ ਲੋਟੂ ਢਾਂਚੇ ਦੀ ਚਿੰਤਾ ਵਿੱਚ ਡੁੱਬੀਆਂ, ਭ੍ਰਿਸ਼ਟ, ਪਤਿਤ, ਗਰਕ ਚੁੱਕੀਆਂ, ਲੋਕ-ਵਿਰੋਧੀ ਇਹ ਸਾਰੀਆਂ ਪਾਰਟੀਆਂ-ਜੱਥੇਬੰਦੀਆਂ ਘੋਰ ਔਰਤ-ਵਿਰੋਧੀ ਵੀ ਹਨ। ਇਹਨਾਂ ਤੋਂ ਔਰਤ ਮੁਕਤੀ ਲਈ ਕਿਸੇ ਇਮਾਨਦਾਰ ਕਦਮ ਦੀ ਉਮੀਦ ਤੱਕ ਨਹੀਂ ਕੀਤੀ ਜਾ ਸਕਦੀ। ਸਮਾਜ ਵਿੱਚੋਂ ਲੁੱਟ-ਖਸੁੱਟ, ਦਾਬੇ, ਜ਼ਬਰ, ਅਨਿਆਂ, ਗੈਰਬਰਾਬਰੀ ਦੇ ਸਭ ਤਰ੍ਹਾਂ ਦੇ ਰੂਪਾਂ ਦੇ ਖਾਤਮੇ ਦੇ ਚਾਹਵਾਨ, ਇਸ ਮਕਸਦ ਨੂੰ ਪੂਰਾ ਕਰਨ ਲਈ ਅਮਲੀ ਪੱਧਰ ’ਤੇ ਸਰਗਰਮ ਅਗਾਂਹਵਧੂ, ਇਨਸਾਫ਼ਪਸੰਦ, ਇਨਕਲਾਬੀ ਜੱਥੇਬੰਦੀਆਂ ਤੇ ਕਾਰਕੁੰਨਾਂ ਸਾਹਮਣੇ ਕੌਮਾਂਤਰੀ ਔਰਤ ਦਿਵਸ ਦੇ ਅਸਲ ਇਤਿਹਾਸ, ਇਤਿਹਾਸਕ ਮਹੱਤਵ, ਇਸ ਦਿਨ ਦੇ ਅਸਲ ਅਰਥਾਂ ਨੂੰ ਲੋਕ ਮਨਾਂ, ਖਾਸ ਤੌਰ ’ਤੇ ਔਰਤਾਂ ਦੇ ਮਨਾਂ ਵਿੱਚ ਸਥਾਪਤ ਕਰਨਾ ਬੇਹੱਦ ਜ਼ਰੂਰੀ ਤੇ ਚੁਣੌਤੀ ਭਰਿਆ ਕਾਰਜ ਹੈ।

ਅੱਜ ਸਾਡੇ ਸਮਾਜ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਮਨੁੱਖ ਹੋਣ ਦਾ ਦਰਜਾ ਪ੍ਰਾਪਤ ਨਹੀਂ ਹੈ। ਅੱਜ ਸਾਡੇ ਸਮਾਜ ਵਿੱਚ ਕਿੰਨੀ ਵੀ ਆਧੁਨਿਕਤਾ ਆ ਗਈ ਹੋਵੇ, ਔਰਤ ਸਮੁੱਚ ਵਿੱਚ ਅੱਜ ਵੀ ਮਰਦ ਦੀ ਦਾਸੀ ਹੀ ਹੈ। ਉਹ ਮਹਿਜ ਬੱਚੇ (ਪੁੱਤਰ) ਪੈਦਾ ਕਰਨ ਤੇ ਪੀੜ੍ਹੀ ਅੱਗੇ ਵਧਾਉਣ ਦਾ ਸਾਧਨ ਹੈ। ਉਹ ਮਰਦ ਦੀ ਸਰੀਰਕ ਭੁੱਖ ਮਿਟਾਉਣ ਦਾ ਇੱਕ ਜ਼ਰੀਆ ਹੈ। ਬਾਪ ਹੋਵੇ ਜਾਂ ਭਰਾ, ਪਤੀ ਹੋਵੇ ਜਾਂ ਸਹੁਰਾ, ਹਰ ਮਰਦ ਦੀ ਉਹ ਗੁਲਾਮ ਹੈ। ਪਤੀ ਨੂੰ ਉਸ ਲਈ ਪ੍ਰਮੇਸ਼ਵਰ ਦੱਸਿਆ ਜਾਂਦਾ ਹੈ। ਉਸਦੀ ਆਪਣੀ ਕੋਈ ਮਰਜੀ ਨਹੀਂ ਹੈ। ਪ੍ਰੇਮ ਕਰਨਾ ਤਾਂ ਉਸ ਲਈ ਮੌਤ ਨੂੰ ਗਲ਼ੇ ਲਗਾਉਣਾ ਹੈ। ਸਰਮਾਏਦਾਰਾ ਵਿਕਾਸ ਨੇ ਔਰਤਾਂ ਦੇ ਇੱਕ ਵੱਡੇ ਹਿੱਸੇ ਨੂੰ ਘਰਾਂ ਤੋਂ ਬਾਹਰ ਕੱਢ ਕੇ ਕਿਰਤ ਸ਼ਕਤੀ ਦੀ ਮੰਡੀ ਵਿੱਚ ਲੈ ਆਂਦਾ ਹੈ। ਔਰਤਾਂ ਦੀ ਮਰਦ ਦੀ ਜਗੀਰੂ-ਮੱਧਯੁੱਗੀ ਢੰਗ ਦੀ ਗੁਲਾਮੀ ਵਿੱਚ ਇਸ ਨਾਲ਼ ਕਮੀ ਜ਼ਰੂਰ ਆਈ ਹੈ ਪਰ ਕੁੱਝ ਹੱਦ ਤੱਕ ਹੀ। ਔਰਤ ਦੀ ਸਸਤੀ ਕਿਰਤ ਸ਼ਕਤੀ ਤੇ ਉਸਦਾ ਸੁਹੱਪਣ ਸਰਮਾਏਦਾਰਾ ਜਮਾਤ ਲਈ ਮੁਨਾਫ਼ੇ ਦਾ ਇੱਕ ਵੱਡਾ ਸ੍ਰੋਤ ਬਣ ਗਿਆ ਹੈ। ਉਹ ਹੁਣ ਮਰਦ ਦੀ ਗੁਲਾਮੀ ਦੇ ਨਾਲ਼-ਨਾਲ਼ ਉਜ਼ਰਤੀ ਗੁਲਾਮੀ ਭਾਵ ਸਰਮਾਏ ਦੀ ਗੁਲਾਮੀ ਦਾ ਵੀ ਸ਼ਿਕਾਰ ਹੈ। ਸਰਮਾਏਦਾਰਾ ਮੰਡੀ ਵਿੱਚ ਹਰ ਮਜ਼ਦੂਰ ਹੀ, ਹਰ ਕਿਰਤੀ ਹੀ ਭਿਅੰਕਰ ਰੂਪ ਵਿੱਚ ਲੁੱਟ ਦਾ ਸ਼ਿਕਾਰ ਹੈ ਪਰ ਮਜ਼ਦੂਰ-ਕਿਰਤੀ ਔਰਤਾਂ ਮਰਦ ਮਜ਼ਦੂਰਾਂ ਤੋਂ ਕਿਤੇ ਵੱਧ ਇਸ ਲੁੱਟ ਦਾ ਸ਼ਿਕਾਰ ਹਨ। ਔਰਤਾਂ ਜੋ ਕਮਾਊ ਹਨ, ਉਹਨਾਂ ਨੂੰ ਘਰ ਦਾ ਵੀ ਕੰਮ ਕਰਨਾ ਪੈਂਦਾ ਹੈ। ਔਰਤਾਂ ਨੂੰ ਮਰਦਾਂ ਤੋਂ ਕਿਤੇ ਵੱਧ ਕਿਰਤ ਕਰਨੀ ਪੈਂਦੀ ਹੈ ਪਰ ਉਹਨਾਂ ਨੂੰ ਜੋ ਹਾਸਲ ਹੁੰਦਾ ਹੈ ਉਹ ਕਿਤੇ ਘੱਟ ਹੈ। ਕੰਮ ਦੀ ਥਾਂ ’ਤੇ ਔਰਤਾਂ ਨੂੰ ਸਰੀਰਕ ਛੇੜਛਾੜ, ਅਸ਼ਲੀਲ ਟਿੱਪਣੀਆਂ ਅਤੇ ਇੱਥੋਂ ਤੱਕ ਕਿ ਬਲਾਤਕਾਰ ਜਿਹੇ ਅਪਰਾਧਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਔਰਤਾਂ ਖਿਲਾਫ਼ ਅਪਰਾਧਾਂ ਵਿੱਚ ਪਿਛਲੇ ਸਮੇਂ ਵਿੱਚ ਜੋ ਵੱਡੇ ਪੱਧਰ ’ਤੇ ਵਾਧਾ ਹੋਇਆ ਹੈ ਉਸਦਾ ਕਾਰਨ ਪ੍ਰਤੱਖ ਰੂਪ ਵਿੱਚ ਸਰਮਾਏਦਾਰਾ ਪ੍ਰਬੰਧ ਹੈ। ਔਰਤਾਂ ਨੂੰ ਉਤਪਾਦਾਂ ਦੀ ਵੱਧ ਤੋਂ ਵੱਧ ਵਿਕਰੀ ਲਈ ਇਸ਼ਤਿਹਾਰਾਂ ਵਿੱਚ ਅਸ਼ਲੀਲ ਢੰਗ ਨਾਲ਼ ਪੇਸ਼ ਕੀਤਾ ਜਾ ਰਿਹਾ ਹੈ। ਮੁਨਾਫ਼ੇ ਖਾਤਰ ਹੀ ਔਰਤਾਂ ਦੀ ਅਖਬਾਰਾਂ, ਰਸਾਲਿਆਂ, ਟੀ.ਵੀ. ਚੈਨਲਾਂ, ਇੰਟਰਨੈਟ ਆਦਿ ਥਾਵਾਂ ’ਤੇ ਅਸ਼ਲੀਲ ਪੇਸ਼ਕਾਰੀ ਹੋ ਰਹੀ ਹੈ। ਵੱਧ ਤੋਂ ਵੱਧ ਮੁਨਾਫ਼ੇ ਲਈ ਨੰਗੇਜ਼ਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਨੰਗੇਜ਼ਵਾਦੀ-ਖਪਤਵਾਦੀ ਸਰਮਾਏਦਾਰਾ-ਸਾਮਰਾਜਵਾਦੀ ਗਲੇ-ਸੜੇ ਸੱਭਿਆਚਾਰ ਅਤੇ ਸਮਾਜ ਵਿੱਚ ਵੱਡੇ ਪੱਧਰ ’ਤੇ ਮੌਜੂਦ ਜਗੀਰੂ ਪ੍ਰਬੰਧ ਦੀ ਰਹਿੰਦ ਖੂੰਹਦ ਰੂੜੀਵਾਦੀ, ਪਿਛਾਖੜੀ, ਘੋਰ ਔਰਤ-ਵਿਰੋਧੀ ਮੱਧਯੁੱਗੀ, ਪਿੱਤਰਸੱਤ੍ਹਾਵਾਦੀ ਸੱਭਿਆਚਾਰ ਦੇ ਆਪਸ ਵਿੱਚ ਘਿਉ-ਖਿਚੜੀ ਹੋਣ ਨਾਲ਼ ਜੋ ਜ਼ਹਿਰੀਲੀਆਂ ਕਦਰਾਂ-ਕੀਮਤਾਂ ਸਮਾਜ ਵਿੱਚ ਫੈਲੀਆਂ ਹਨ ਉਹਨਾਂ ਦਾ ਹੀ ਨਤੀਜਾ ਹੈ ਕਿ ਅੱਜ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਘਰ-ਪਰਿਵਾਰ ਤੋਂ ਲੈ ਕੇ ਪੂਰੇ ਸਮਾਜਿਕ ਤਾਣੇ ਬਾਣੇ ਵਿੱਚ ਹਰ ਥਾਂ ’ਤੇ ਔਰਤਾਂ ਭਿਅੰਕਰ ਰੂਪ ਵਿੱਚ ਅਸੁਰੱਖਿਅਤ ਹਨ। ਔਰਤਾਂ ਨਾਲ਼ ਛੇੜਖਾਨੀ, ਅਗਵਾ, ਬਲਾਤਕਾਰ, ਤੇਜ਼ਾਬ ਸੁੱਟਣ ਆਦਿ ਜਿਹੇ ਭਿਆਨਕ ਅਪਰਾਧ ਲਗਾਤਾਰ ਵੱਧਦੇ ਜਾ ਰਹੇ ਹਨ।

ਜੇਕਰ ਅੰਕੜਿਆਂ ’ਤੇ ਨਜ਼ਰ ਮਾਰੀ ਜਾਵੇ ਤਾਂ ਔਰਤਾਂ ਦੀ ਹਾਲਤ ਦੀ ਇੱਕ ਬੇਹੱਦ ਭਿਅੰਕਰ ਤਸਵੀਰ ਸਾਹਮਣੇ ਆਉਂਦੀ ਹੈ। ਕੌਮੀ ਜ਼ੁਰਮ ਰਿਕਾਰਡ ਬਿਊਰੋ ਵੱਲੋਂ ਜਾਰੀ ਹੋਈ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ 3.5 ਮਿੰਟ ਵਿੱਚ ਔਰਤਾਂ ਖਿਲਾਫ਼ ਇੱਕ ਜ਼ੁਰਮ ਹੁੰਦਾ ਹੈ। ਔਰਤਾਂ ਖਿਲਾਫ਼ ਹੁੰਦੇ ਜ਼ੁਰਮਾਂ ਵਿੱਚ ਘਰੇਲੂ ਹਿੰਸਾ ਦਾ ਹਿੱਸਾ 33.3 ਫੀਸਦੀ ਹੈ। 1997 ਤੋਂ 2002 ਵਿਚਕਾਰ ਘਰੇਲੂ ਹਿੰਸਾ ਵਿੱਚ 34.5 ਫੀਸਦੀ ਵਾਧਾ ਹੋਇਆ ਹੈ। ‘ਦ ਸਟੇਟ ਆਫ਼ ਵਰਲਡ ਪਾਪੂਲੇਸ਼ਨ ਰਿਪੋਰਟ’ ਮੁਤਾਬਕ ਭਾਰਤ ਵਿੱਚ ਹਰ 54 ਮਿੰਟ ਵਿੱਚ ਇੱਕ ਬਲਾਤਕਾਰ, ਹਰ 26 ਮਿੰਟ ਵਿੱਚ ਛੇੜਛਾੜ, 43 ਮਿੰਟ ਵਿੱਚ ਇੱਕ ਔਰਤ ਅਗਵਾ, ਇੱਕ ਘੰਟਾ 42 ਮਿੰਟ ਬਾਅਦ ਦਾਜ ਕਾਰਨ ਮੌਤ ਅਤੇ ਹਰ 7 ਮਿੰਟ ਬਾਅਦ ਔਰਤਾਂ ਨਾਲ਼ ਕਿਸੇ ਨਾ ਕਿਸੇ ਕਿਸਮ ਦੀ ਅਪਰਾਧਕ ਘਟਨਾ ਵਾਪਰਦੀ ਹੈ। ਇੱਕ ਹੋਰ ਰਿਪੋਰਟ ਮੁਤਾਬਕ ਦੇਸ਼ ਵਿੱਚ ਹਰ ਰੋਜ਼ ਬਲਾਤਕਾਰ ਦੀਆਂ 19 ਘਟਨਾਵਾਂ ਵਾਪਰ ਰਹੀਆਂ ਹਨ। ਇਹਨਾਂ ਅੰਕੜਿਆਂ ਵਿੱਚ ਜੋ ਵਿਖਾਈ ਦੇ ਰਿਹਾ ਹੈ ਉਹ ਤਾਂ ਅਸਲ ਤਸਵੀਰ ਦਾ ਇੱਕ ਅੰਸ਼ ਹੀ ਹੈ। ਔਰਤਾਂ ਨੂੰ ਹਰ ਪਲ ਜੋ ਲੁੱਟ, ਦਾਬਾ, ਗੁਲਾਮੀ ਝੱਲਣੀ ਪੈਂਦੀ ਹੈ ਉਹ ਸ਼ਬਦਾਂ ਵਿੱਚ ਜਾਂ ਅੰਕੜਿਆਂ ਵਿੱਚ ਜ਼ਾਹਰ ਨਹੀਂ ਹੋ ਸਕਦੀ। ਨਾਲ਼ੇ ਔਰਤਾਂ ਨਾਲ਼ ਹੁੰਦੇ ਜ਼ੁਰਮਾਂ ਦੇ ਇਹ ਅੰਕੜੇ ਬਹੁਤ ਹੀ ਅਧੂਰੇ ਹਨ। ਜਿਆਦਾਤਰ ਮਾਮਲੇ ਬੇਇੱਜਤੀ, ਡਰ, ਦਾਬੇ, ਖੱਜਲ-ਖੁਆਰੀ, ਇਨਸਾਫ਼ ਦੀ ਨਾਉਮੀਦੀ ਆਦਿ ਅਨੇਕਾਂ ਕਾਰਨਾਂ ਕਰਕੇ ਦਬ ਕੇ ਰਹਿ ਜਾਂਦੇ ਹਨ। ਉਂਝ ਔਰਤਾਂ ਦੀ ਭਿਅੰਕਰ ਹਾਲਤ ਨੂੰ ਜਾਨਣ, ਸਮਝਣ, ਮਹਿਸੂਸ ਕਰਨ ਲਈ ਕਿਸੇ ਵੀ ਇਨਸਾਫ਼ਪਸੰਦ, ਸੰਵੇਦਨਸ਼ੀਲ ਵਿਅਕਤੀ ਨੂੰ ਅੰਕੜਿਆਂ ਦੀ ਬਹੁਤੀ ਲੋੜ ਹੈ ਵੀ ਨਹੀਂ। ਸਮਾਜ ਵਿੱਚ ਵਿਚਰਦੇ ਹੋਏ ਔਰਤਾਂ ਦੀ ਹਾਲਤ ਨੂੰ ਕਾਫ਼ੀ ਹੱਦ ਤੱਕ ਜਾਣਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਔਰਤਾਂ ਖਿਲਾਫ਼ ਜ਼ੁਰਮਾਂ ਬਾਰੇ ਅਸੀਂ ਜੋ ਅੰਕੜੇ ਇੱਥੇ ਦਿੱਤੇ ਹਨ, ਇਹ ਭਾਰਤ ਬਾਰੇ ਹਨ। ਪਰ ਔਰਤਾਂ ਨੂੰ ਪੂਰੇ ਸੰਸਾਰ ਵਿੱਚ ਹੀ ਇਹਨਾਂ ਜ਼ੁਰਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਧੁਨਿਕ ਤੋਂ ਆਧੁਨਿਕ ਦੇਸ਼ ਵਿੱਚ ਵੀ ਔਰਤਾਂ ਦੀ ਸਥਿਤੀ ਦੋਮ ਦਰਜੇ ਦੀ ਹੀ ਹੈ ਭਾਵ ਉਹ ਮਰਦ ਪ੍ਰਧਾਨਤਾ ਦਾ ਸ਼ਿਕਾਰ ਹਨ। ਵੱਖ ਵੱਖ ਦੇਸ਼ਾਂ ਦੇ ਸਮਾਜਾਂ ਦੇ ਪਿਛੋਕੜ, ਲੋਕਾਂ ਦੀ ਜਮਹੂਰੀ ਚੇਤਨਾ ਆਦਿ ਵਜੋਂ ਮਰਦ ਪ੍ਰਧਾਨਤਾ ਅਤੇ ਔਰਤਾਂ ਖਿਲਾਫ਼ ਹੁੰਦੇ ਜ਼ੁਰਮਾਂ ਦੇ ਰੂਪਾਂ ਅਤੇ ਪੱਧਰ ਵਿੱਚ ਫ਼ਰਕ ਜ਼ਰੂਰ ਆਏ ਹਨ ਪਰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਔਰਤਾਂ ਅਜ਼ਾਦ ਨਹੀਂ ਹਨ। ਸਮੁੱਚੇ ਸੰਸਾਰ ਵਿੱਚ ਔਰਤਾਂ ਦੀ ਸਥਿਤੀ ਬਾਰੇ ਕੁਝ ਅੰਕੜੇ ਵੀ ਸਾਡੇ ਸਾਹਮਣੇ ਹਨ। ਸਭ ਤੋਂ ਗਰੀਬ 120 ਕਰੋੜ ਲੋਕਾਂ ਵਿੱਚ 70 ਫ਼ੀਸਦੀ ਔਰਤਾਂ ਹਨ। ਸੰਸਾਰ ਵਿੱਚ ਕੁੱਲ ਕੀਤੀ ਜਾਂਦੀ ਕਿਰਤ (ਘੰਟਿਆਂ ਵਿੱਚ) ਦਾ 67 ਫੀਸਦੀ ਔਰਤਾਂ ਦੇ ਹਿੱਸੇ ਆਉਂਦਾ ਹੈ ਪਰ ਕੁਲ ਆਮਦਨ ਵਿੱਚ ਉਹਨਾਂ ਦਾ ਹਿੱਸਾ ਮਹਿਜ 10 ਫੀਸਦੀ ਹੀ ਹੈ। ਸੰਸਾਰ ਦੀ ਕੁੱਲ ਸੰਪੱਤੀ ਵਿੱਚ ਤਾਂ ਉਨ੍ਹਾਂ ਦਾ ਹਿੱਸਾ ਸਿਰਫ਼ 1 ਫੀਸਦੀ ਹੀ ਹੈ। ਸੰਸਾਰ ਵਿੱਚ ਬਿਨਾਂ ਭੁਗਤਾਨ ਤੋਂ ਕੀਤੇ ਜਾਣ ਵਾਲ਼ੇ ਕੰਮ ਦੀ ਕਦਰ ਲਗਭਗ 1600 ਕਰੋੜ ਡਾਲਰ ਹੈ ਜਿਸ ਵਿੱਚ ਔਰਤਾਂ ਵੱਲੋਂ ਪਾਇਆ ਜਾਂਦਾ ਹਿੱਸਾ 1100 ਕਰੋੜ ਡਾਲਰ ਹੈ। ਔਰਤਾਂ ਨੂੰ ਮਰਦਾਂ ਨਾਲ਼ੋਂ 30-40 ਫੀਸਦੀ ਘੱਟ

ਤਨਖਾਹ ਦਿੱਤੀ ਜਾਂਦੀ ਹੈ। ਇੱਥੇ ਵੀ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਹ ਅੰਕੜੇ ਅਧੂਰੇ ਹਨ, ਹਕੀਕਤ ਇਸ ਤੋਂ ਕਿਤੇ ਵੱਧ ਦਿਲ ਕੰਬਾਊ ਹੋਵੇਗੀ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਔਰਤਾਂ ਦੀ ਇਹ ਮਾੜੀ ਹਾਲਤ ਕਿਵੇਂ ਬਦਲੀ ਜਾ ਸਕਦੀ ਹੈ? ਉਹ ਕਿਹੜੇ ਢੰਗ-ਤਰੀਕੇ, ਉਹ ਕਿਹੜਾ ਰਾਹ ਹੋ ਸਕਦਾ ਹੈ ਜਿਸ ਰਾਹੀਂ ਮਰਦ ਪ੍ਰਧਾਨਤਾ ਖਤਮ ਹੋਵੇਗੀ? ਭਾਰਤ ਵਿੱਚ ਇਹ ਆਮ ਧਾਰਨਾ ਹੈ ਕਿ ਔਰਤਾਂ ਦੇ ਪੜ੍ਹ-ਲਿਖ ਜਾਣ ਨਾਲ਼ ਅਤੇ ਕਮਾਊ ਬਣ ਜਾਣ ਨਾਲ਼ ਔਰਤਾਂ ਸਮਾਜ ਵਿੱਚ ਮਰਦਾਂ ਦੇ ਬਰਾਬਰ ਦਾ ਦਰਜਾ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਣਗੀਆਂ। ਇਹ ਸਹੀ ਹੈ ਕਿ ਇਸ ਨਾਲ਼ ਔਰਤਾਂ ਦੀ ਸਥਿਤੀ ਵਿੱਚ ਬਦਲਾਅ ਆਉਂਦਾ ਹੈ। ਪਰ ਇਹ ਵੀ ਸੋਚਣਾ ਬਣਦਾ ਹੈ ਕਿ ਯੂਰਪ-ਅਮਰੀਕਾ ਦੇ ਵਿਕਸਿਤ ਸਰਮਾਏਦਾਰਾ ਦੇਸ਼ਾਂ ਵਿੱਚ ਜਿੱਥੇ ਔਰਤਾਂ ਦੀ ਸਾਖਰਤਾ ਅਤੇ ਕਮਾਊ ਹੋਣ ਦੀ ਦਰ ਬਹੁਤ ਉੱਚੀ ਹੈ ਉੱਥੇ ਵੀ ਔਰਤਾਂ ਮਰਦ ਪ੍ਰਧਾਨਤਾ ਦਾ ਸ਼ਿਕਾਰ ਕਿਉਂ ਹਨ? ਉੱਥੇ ਵੀ ਕਿਉਂ ਔਰਤਾਂ ਨੂੰ ਬਰਾਬਰ ਦੀ ਸਮਾਜਿਕ, ਆਰਥਿਕ ਤੇ ਸਿਆਸੀ ਹੈਸੀਅਤ ਹਾਸਲ ਨਹੀਂ ਹੋ ਸਕੀ ਹੈ? ਸਾਡੇ ਦੇਸ਼ ਵਿੱਚ ਵੀ ਔਰਤਾਂ ਦਾ ਜੋ ਹਿੱਸਾ ਸਾਖ਼ਰ ਹੋ ਚੁੱਕਾ ਹੈ ਤੇ ਕਮਾਊ ਹੈ ਉਹ ਮਰਦਾਂ ਦੀ ਗੁਲਾਮੀ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਿਆ। ਔਰਤਾਂ ਦੀ ਹਾਲਤ ਸੁਧਾਰਨ ਲਈ ਔਰਤਾਂ ਨੂੰ ਪਾਰਲੀਮੈਂਟ-ਵਿਧਾਨ ਸਭਾਵਾਂ ਵਿੱਚ 33 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਨੀਮ ਹਕੀਮੀ ਨੁਸਖਾ ਵੀ ਬਹੁਤ ਪ੍ਰਚਾਰਿਆ ਜਾਂਦਾ ਹੈ। ਕਹਿਣ ਦੀ ਲੋੜ ਨਹੀਂ ਕਿ ਜੇਕਰ ਔਰਤਾਂ ਲਈ ਰਿਜਰਵੇਸ਼ਨ ਦਾ ਅਜਿਹਾ ਕਨੂੰਨ ਬਣ ਜਾਂਦਾ ਹੈ ਉਸਦਾ ਵਿਰੋਧ ਨਹੀਂ ਕੀਤਾ ਜਾਣਾ ਚਾਹੀਦਾ, ਪਰ

ਸੋਚਣਾ ਇਹ ਬਣਦਾ ਹੈ ਕਿ ਜੇਕਰ ਕੁਝ ਔਰਤਾਂ ਪਾਰਲੀਮੈਂਟ ਵਿਧਾਨ ਸਭਾਵਾਂ ਵਿੱਚ ਬੈਠੇ ਲੁਟੇਰੇ ਟੋਲੇ ਵਿੱਚ ਸ਼ਾਮਲ ਹੋ ਵੀ ਜਾਂਦੀਆਂ ਹਨ ਤਾਂ ਉਸ ਨਾਲ਼ ਦੇਸ਼ ਦੀਆਂ ਔਰਤਾਂ ਦੀ ਗੁਲਾਮੀ ਦੀ ਹਾਲਤ ਵਿੱਚ ਕੀ ਸੁਧਾਰ ਹੋ ਜਾਵੇਗਾ? ਇਸ ਨਾਲ਼ ਦੇਸ਼ ਦੇ ਕਾਰਖਾਨਿਆਂ, ਖੇਤਾਂ, ਦੁਕਾਨਾਂ, ਸ਼ੋ-ਰੂਮਾਂ, ਸਕੂਲਾਂ, ਘਰਾਂ, ਉਸਾਰੀ ਕੰਮਾਂ 'ਚ ਬੇਹੱਦ ਘੱਟ ਆਮਦਨ ਅਤੇ ਬੇਹੱਦ ਭੈੜੀਆਂ ਹਾਲਤਾਂ ਵਿੱਚ ਕੰਮ ਕਰ ਰਹੀ ਔਰਤਾਂ ਦੀ ਅਬਾਦੀ ਦੀ ਹਾਲਤ ਵਿੱਚ ਕੀ ਸੁਧਾਰ ਹੋ ਜਾਵੇਗਾ? ਇਸ ਤਰ੍ਹਾਂ ਘਰੇਲੂ ਹਿੰਸਾ ਕਿਵੇਂ ਖਤਮ ਹੋ ਜਾਵੇਗੀ? ਇਸ ਨਾਲ਼ ਜਗੀਰੂ ਸੱਭਿਆਚਾਰ ਅਤੇ ਨੰਗੇਜ਼ਵਾਦੀ, ਕਾਮੁਕਤਾਵਾਦੀ, ਖਪਤਵਾਦੀ ਗਲੇ-ਸੜੇ ਸਰਮਾਏਦਾਰਾ ਸੱਭਿਆਚਾਰ ਦਾ ਖਾਤਮਾ ਕਿਵੇਂ ਹੋ ਜਾਵੇਗਾ ਜਾਂ ਔਰਤਾਂ ਖਿਲਾਫ਼ ਵੱਡੇ ਪੱਧਰ 'ਤੇ ਹੋ ਰਹੇ ਅਪਰਾਧ ਕਿਵੇਂ ਬੰਦ ਹੋ ਜਾਣਗੇ? ਔਰਤਾਂ ਖਿਲਾਫ਼ ਜ਼ੁਰਮਾਂ ਦੀਆਂ ਪਿਛਲੇ ਸਮੇਂ ਵਿੱਚ ਹੋਈਆਂ ਤਾਜ਼ਾ ਘਟਨਾਵਾਂ ਤੋਂ ਬਾਅਦ ਔਰਤਾਂ ਖਿਲਾਫ਼ ਜ਼ੁਰਮ ਕਰਨ ਵਾਲ਼ਿਆਂ ਖਿਲਾਫ਼ ਸਖਤ ਕਨੂੰਨੀ ਕਦਮ ਚੁੱਕੇ ਜਾਣ, ਪ੍ਰਖਤਾ ਕਾਰਵਾਈ ਲਈ ਪੁਲਸ-ਪ੍ਰਸ਼ਾਸਨਿਕ ਢਾਂਚਾ ਚੁਸਤ-ਦਰੁਸਤ ਕੀਤੇ ਜਾਣ ਅਤੇ ਬਲਾਤਕਾਰ ਦੇ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀਆਂ ਮੰਗਾਂ ਜ਼ੋਰਦਾਰ ਢੰਗ ਨਾਲ਼ ਉੱਠੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੇ ਸਾਰੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਇਸ ਵਾਸਤੇ ਜ਼ੋਰਦਾਰ ਸੰਘਰਸ਼ ਛੇੜਿਆ ਜਾਣਾ ਚਾਹੀਦਾ ਹੈ। ਪਰ ਇਸ ਨਾਲ਼ ਔਰਤਾਂ ਦੀ ਸਥਿਤੀ ਵਿੱਚ ਬਹੁਤ ਜ਼ਿਆਦਾ ਫਰਕ ਨਹੀਂ ਆਉਣ ਵਾਲਾ। ਪਹਿਲਾਂ ਵੀ ਗਰੀਬਾਂ, ਔਰਤਾਂ, ਬੱਚਿਆਂ ਦੇ ਹੱਕ ਵਿੱਚ ਜੋ ਕਨੂੰਨ ਮੌਜੂਦ ਹਨ ਉਹ ਕਿੰਨੇ ਕੁ ਲਾਗੂ ਹੋ ਰਹੇ ਹਨ? ਸੰਸਦ-ਵਿਧਾਨ ਸਭਾਵਾਂ, ਪੰਚਾਇਤਾਂ, ਨਗਰ ਪਾਲਿਕਾਵਾਂ, ਅਦਾਲਤਾਂ, ਅਫ਼ਸਰਸ਼ਾਹੀ, ਪੁਲਸ, ਫ਼ੌਜ - ਇਹ ਪੂਰਾ ਤਾਣਾ-ਬਾਣਾ ਹੀ ਲੋਕ-ਵਿਰੋਧੀ, ਅਤੇ ਇਸ ਤੋਂ ਵੀ ਕਿਤੇ ਵਧਕੇ ਔਰਤ-ਵਿਰੋਧੀ ਹੈ। ਦੇਸ਼ ਦਾ ਸਾਰਾ ਸਿਆਸੀ-ਪ੍ਰਸ਼ਾਸਨਿਕ ਪ੍ਰਬੰਧ ਏਨਾ ਗਲ਼ ਸੜ ਚੁੱਕਾ ਹੈ ਕਿ ਇਸ ਨੂੰ ਲੋਕ ਹਿੱਤਾਂ ਮੁਤਾਬਕ ਢਾਲਣ ਦੀ ਗੱਲ ਸੋਚਣਾ, ਇਸ ਤੋਂ ਔਰਤਾਂ ਦੀ ਸੁਰੱਖਿਆ, ਹੱਕਾਂ, ਅਜ਼ਾਦੀ, ਬਰਾਬਰੀ, ਇਨਸਾਫ਼ ਦੀ ਉਮੀਦ ਕਰਨਾ ਸਿਰੇ ਦੀ ਮੂਰਖਤਾ ਹੋਵੇਗੀ।

ਮਨੁੱਖੀ ਸਮਾਜ ਵਿੱਚ ਹਜ਼ਾਰਾਂ ਸਾਲ ਪਹਿਲਾਂ ਜਦ ਕਿਰਤ ਵੰਡ ਦੇ ਨਤੀਜੇ ਵਜੋਂ ਨਿੱਜੀ ਜਾਇਦਾਦ ਦੀ ਉਤਪਤੀ ਹੋਈ ਉਦੋਂ ਸਮਾਜ ਲੋਟੂ ਅਤੇ ਲੁਟੀਂਦੀਆਂ ਜਮਾਤਾਂ ਵਿੱਚ ਵੰਡਿਆ ਗਿਆ ਸੀ। ਨਿੱਜੀ ਜਾਇਦਾਦ ਹੀ ਸਮਾਜ ਵਿੱਚ ਔਰਤਾਂ ਦੇ ਦੋਮ ਦਰਜੇ ਦਾ ਕਾਰਨ ਬਣੀ। ਹੁਣ ਨਿੱਜੀ ਜਾਇਦਾਦ ਦੇ ਖਾਤਮੇ ਨਾਲ਼ ਹੀ ਔਰਤਾਂ ਦੀ ਗੁਲਾਮੀ ਦਾ ਖਾਤਮਾ ਹੋਵੇਗਾ। ਜਦੋਂ ਤੱਕ ਕਿਰਤ ਵੰਡ, ਨਿੱਜੀ ਜਾਇਦਾਦ, ਜਿਣਸ ਪੈਦਾਵਾਰ ਅਤੇ ਮੁਨਾਫ਼ੇ ਖਾਤਰ ਕਿਰਤ ਦੀ ਲੁੱਟ 'ਤੇ ਅਧਾਰਤ ਇਹ ਲੋਟੂ ਸਰਮਾਏਦਾਰਾ ਪ੍ਰਬੰਧ ਕਾਇਮ ਰਹੇਗਾ ਉਦੋਂ ਤੱਕ ਮਰਦ ਪ੍ਰਧਾਨਤਾ ਵੀ ਕਾਇਮ ਰਹੇਗੀ। ਇਸ ਲਈ ਸਰਮਾਏਦਾਰਾ ਪ੍ਰਬੰਧ ਦੇ ਇਨਕਲਾਬੀ ਢੰਗ ਨਾਲ਼ ਖਾਤਮੇ ਅਤੇ ਇਸਦੀ ਥਾਂ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਅਤੇ ਸਮਾਜਵਾਦੀ ਪ੍ਰਬੰਧ ਵਿੱਚੋਂ ਹੁੰਦੇ ਹੋਏ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ, ਜਮਾਤ ਰਹਿਤ ਸਮਾਜ—ਕਮਿਊਨਿਜ਼ਮ—ਦੀ ਕਾਇਮੀ ਦਾ ਰਾਹ ਹੀ ਔਰਤ ਦੀ ਗੁਲਾਮੀ ਦੇ ਖਾਤਮੇ ਦਾ ਰਾਹ ਹੋਵੇਗਾ। ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਕਮਿਊਨਿਜ਼ਮ ਸਥਾਪਿਤ ਹੋਣ ਤੱਕ ਔਰਤਾਂ ਹੱਥ 'ਤੇ ਹੱਥ ਧਰ ਕੇ ਬੈਠੀਆਂ ਰਹਿਣਗੀਆਂ। ਨਿੱਜੀ ਮਾਲਕੀ ਦੇ ਖਾਤਮੇ ਦੇ ਇਨਕਲਾਬੀ ਸੰਘਰਸ਼ ਵਿੱਚ ਬਰਾਬਰ ਦੀ ਹਿੱਸੇਦਾਰੀ ਤਾਂ ਹੋਵੇਗੀ ਹੀ ਪਰ ਇਸ ਸੰਘਰਸ਼ ਦੇ ਇੱਕ ਅੰਗ ਦੇ ਤੌਰ 'ਤੇ ਔਰਤਾਂ ਨੂੰ ਆਪਣੀ ਲੁੱਟ-ਦਾਬੇ ਦੇ ਹਰ ਰੂਪ ਖਿਲਾਫ਼, ਅਜ਼ਾਦੀ, ਬਰਾਬਰੀ, ਹੱਕਾਂ ਲਈ ਔਰਤਾਂ ਦੀ ਖੁਦਮੁਖਤਾਰ ਜੁਝਾਰੂ ਲਹਿਰ ਵੀ ਉਸਾਰਨੀ ਹੋਵੇਗੀ। ਔਰਤਾਂ ਨੂੰ ਵੱਡੇ ਪੱਧਰ 'ਤੇ ਆਪਣੇ ਹੱਕਾਂ, ਅਜ਼ਾਦੀ, ਬਰਾਬਰੀ ਲਈ ਜਾਗਰੂਕ ਹੋਣਾ ਹੋਵੇਗਾ ਅਤੇ ਜੁਝਾਰੂ ਸੰਘਰਸ਼ ਚਲਾਉਣੇ ਹੋਣਗੇ। ਅੱਜ ਸੰਸਾਰ ਵਿੱਚ ਔਰਤਾਂ ਨੂੰ ਜਿਸ ਹੱਦ ਤੱਕ ਵੀ ਹੱਕ ਹਾਸਲ ਹਨ ਉਹ ਕਿਸੇ ਨੇ ਤੋਹਫੇ ਵਿੱਚ ਨਹੀਂ ਦਿੱਤੇ। ਸੰਸਾਰ ਭਰ ਵਿੱਚ ਔਰਤਾਂ ਨੇ ਇਹ ਹੱਕ ਲੋਕ ਲਹਿਰਾਂ ਵਿੱਚ ਜੁਝਾਰੂ ਹਿੱਸੇਦਾਰੀ ਕਰਦੇ ਹੋਏ ਅਤੇ ਆਪਣੀਆਂ ਖੁਦਮੁਖਤਾਰ ਲਹਿਰਾਂ ਉਸਾਰਨ ਰਾਹੀਂ ਹੀ ਹਾਸਲ ਕੀਤੇ ਹਨ। ਇਹ ਭਾਵੇਂ ਜਗੀਰੂ ਦਾਬਾ ਹੋਵੇ ਜਾਂ ਸਰਮਾਏ ਦਾ ਦਾਬਾ, ਔਰਤਾਂ ਨੇ ਇਸ ਤੋਂ ਜਿਸ ਹੱਦ ਤੱਕ ਵੀ ਰਾਹਤ ਹਾਸਲ ਕੀਤੀ ਹੈ ਉਹ ਵਿਆਪਕ, ਜਾਗਰੂਕ ਅਤੇ ਜਨਤਕ ਸੰਘਰਸ਼ਾਂ ਰਾਹੀਂ ਹੀ ਹਾਸਲ ਕੀਤੀ ਹੈ।

ਇਸ ਰਾਹ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਹੈ ਜੋ ਔਰਤਾਂ ਨੂੰ ਮੁਕੰਮਲ ਰੂਪ ਵਿੱਚ ਲੁੱਟ, ਦਾਬੇ, ਗੁਲਾਮੀ ਤੋਂ ਮੁਕਤ ਕਰ ਸਕੇ। ਔਰਤ ਮੁਕਤੀ ਦੇ ਇਸ ਰਾਹ ਨੂੰ ਸਮਝਣ ਅਤੇ ਅਪਣਾਉਣ ਦਾ ਹੀ ਸੰਸਾਰ ਭਰ ਦੀਆਂ ਅਜ਼ਾਦੀ-ਬਰਾਬਰੀ-ਨਿਆਂ ਦੀ ਤਾਂਘ ਰੱਖਣ ਵਾਲੀਆਂ ਔਰਤਾਂ ਨੂੰ ਕੌਮਾਂਤਰੀ ਔਰਤ ਦਿਵਸ ਇਨਕਲਾਬੀ ਸੱਦਾ ਦਿੰਦਾ ਹੈ। ਉੱਠੋ! ਜਾਗੋ!! ਹੱਕ, ਬਰਾਬਰੀ ਤੇ ਅਜ਼ਾਦੀ ਲਈ, ਲੁੱਟ, ਦਾਬੇ ਤੇ ਗੁਲਾਮੀ ਦੇ ਹਰ ਰੂਪ ਖਿਲਾਫ਼ ਲਹਿਰਾਂ ਬਣ ਅੱਗੇ ਵਧੋ! ਕੌਮਾਂਤਰੀ ਔਰਤ ਦਿਵਸ ਦਾ ਇਹੋ ਸੁਨੇਹਾ ਹੈ।

# ਵਿਦੇਸ਼ਾਂ 'ਚ ਗੁਲਾਮੀ ਦਾ ਸੰਤਾਪ ਹੰਢਾ ਰਹੀਆਂ ਭਾਰਤੀ ਔਰਤਾਂ

**ਰੌਸ਼ਨ**



ਹੁਣੇ ਜਿਹੇ ਕਨੇਡਾ ਵਿੱਚ ਪੈਦਾ ਹੋਣ ਵਾਲ਼ੇ ਬੱਚਿਆਂ ਵਿੱਚ ਮੁੰਡਿਆਂ ਤੇ ਕੁੜੀਆਂ ਦੀ ਜਨਮ ਦਰ ਬਾਰੇ ਅਧਿਐਨ ਕੀਤਾ ਗਿਆ ਜਿਸ ਵਿੱਚ ਕਨੇਡਾ ਵਿੱਚ ਰਹਿੰਦੇ ਭਾਰਤੀ ਪਰਿਵਾਰਾਂ ਬਾਰੇ ਜੋ ਅੰਕੜੇ ਸਾਹਮਣੇ ਆਏ ਹਨ ਉਹ ਪ੍ਰੇਸ਼ਾਨ ਕਰਨ ਵਾਲ਼ੇ ਹਨ। ਇਹ ਅਧਿਐਨ 1990 ਤੋਂ 2011 ਦੇ 20 ਸਾਲਾਂ ਦਰਮਿਆਨ ਜੰਮੇ ਬੱਚਿਆਂ ਦੇ ਰਿਕਾਰਡ ਤੋਂ ਕੀਤਾ ਗਿਆ ਹੈ ਜਿਸ ਵਿੱਚ ਇਸ ਅਰਸੇ ਦੌਰਾਨ ਜੰਮੇ 58 ਲੱਖ ਬੱਚਿਆਂ ਦਾ ਅਧਿਐਨ ਕੀਤਾ ਗਿਆ। ਇਸ ਅਰਸੇ ਵਿੱਚ ਭਾਰਤੀ ਮਾਵਾਂ ਨੇ 1,78,000 ਬੱਚਿਆਂ ਨੂੰ ਜਨਮ ਦਿੱਤਾ ਹੈ ਅਤੇ ਇਹਨਾਂ ਬੱਚਿਆਂ ਵਿੱਚ ਮੁੰਡਿਆਂ ਦੇ ਮੁਕਾਬਲੇ 4,472 ਕੁੜੀਆਂ ਘੱਟ ਜੰਮੀਆਂ ਹਨ। ਸੰਸਾਰ ਭਰ ਵਿੱਚ ਆਮ ਤੌਰ 'ਤੇ 103 ਤੋਂ 107 ਮੁੰਡਿਆਂ ਪਿੱਛੇ 100 ਕੁੜੀਆਂ ਦੀ ਜਨਮ ਦਰ ਹੈ। ਕਨੇਡਾ ਵਿੱਚ ਇਹ ਦਰ ਕਰੀਬ 105 ਮੁੰਡਿਆਂ ਪਿੱਛੇ 100 ਕੁੜੀਆਂ ਹਨ। ਪਰ ਕਨੇਡਾ ਰਹਿ ਭਾਰਤੀ ਪਰਿਵਾਰਾਂ ਵਿੱਚ ਇਹ ਪਾੜਾ ਕਾਫੀ ਜ਼ਿਆਦਾ ਹੈ। ਦੋ ਬੱਚਿਆਂ ਵਾਲ਼ੀਆਂ ਭਾਰਤੀ ਮਾਵਾਂ ਵਿੱਚ 138 ਮੁੰਡਿਆਂ ਪਿੱਛੇ 100 ਕੁੜੀਆਂ ਹਨ। ਤਿੰਨ ਬੱਚਿਆਂ ਵਾਲ਼ੇ ਪਰਿਵਾਰਾਂ ਵਿੱਚ 166 ਮੁੰਡਿਆਂ ਪਿੱਛੇ 100 ਕੁੜੀਆਂ ਹਨ। ਕਨੇਡਾ ਦੇ ਓਨਟਾਰੀਓ ਸੂਬੇ ਵਿੱਚ ਦੋ ਕੁੜੀਆਂ ਵਾਲ਼ੀਆਂ ਮਾਵਾਂ ਵਿੱਚ 196 ਮੁੰਡਿਆਂ ਪਿੱਛੇ 100 ਕੁੜੀਆਂ ਹਨ। ਦੋ ਬੱਚਿਆਂ ਦੀਆਂ ਮਾਵਾਂ ਵਿੱਚ ਪਹਿਲੇ ਗਰਭਪਾਤ ਮਗਰੋਂ 326 ਮੁੰਡਿਆਂ ਪਿੱਛੇ 100 ਕੁੜੀਆਂ ਜੰਮਦੀਆਂ ਹਨ ਅਤੇ ਦੂਜੇ ਗਰਭਪਾਤ ਮਗਰੋਂ 409 ਮੁੰਡਿਆਂ ਪਿੱਛੇ 100 ਕੁੜੀਆਂ ਜੰਮਦੀਆਂ ਹਨ। ਜੇ ਗਰਭਪਾਤ 15 ਹਫਤਿਆਂ ਤੋਂ ਬਾਅਦ ਹੁੰਦਾ ਹੈ, ਭਾਵ ਜਦੋਂ ਬੱਚੇ ਦੇ ਲਿੰਗ ਦਾ ਅਲਟ੍ਰਾਸਾਊਂਡ ਰਾਹੀਂ ਪਤਾ ਲੱਗ ਜਾਂਦਾ ਹੈ ਤਾਂ 663 ਮੁੰਡਿਆਂ ਦੇ ਜੰਮਣ ਪਿੱਛੋਂ ਹੀ 100 ਕੁੜੀਆਂ ਨੂੰ ਜੰਮਣ ਦਾ ਮੌਕਾ ਮਿਲਦਾ ਹੈ। ਇਸ ਅਧਿਐਨ ਦੇ ਅੰਕੜਿਆਂ ਤੋਂ ਕਨੇਡਾ ਵਿਚਲੇ ਭਾਰਤੀ ਪਰਿਵਾਰਾਂ ਵਿੱਚ ਭਰੂਣ ਹੱਤਿਆ ਅਤੇ ਮੁੰਡੇ ਤੇ ਕੁੜੀ ਵਿਚਕਾਰ ਵਿਤਕਰੇ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਕਨੇਡਾ ਸਮੇਤ ਹੋਰ ਯੂਰਪੀ ਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਵਿੱਚ ਜੋ ਮਰਦ ਪ੍ਰਧਾਨ ਤੇ ਔਰਤ ਵਿਰੋਧੀ ਮਾਨਸਿਕਤਾ ਹੈ ਉਸਦਾ ਇਹ ਭਰੂਣ ਹੱਤਿਆ ਹੀ ਇੱਕੋ-ਇੱਕ ਰੂਪ ਨਹੀਂ ਹੈ। ਯੂਰਪੀ ਦੇਸ਼ਾਂ ਵਿੱਚ ਭਾਰਤੀ ਸਮਾਜ ਵਾਲ਼ੀ ਸਭ ਔਰਤ ਵਿਰੋਧੀ ਮਾਨਸਿਕਤਾ ਉਸੇ ਰੂਪ ਵਿੱਚ ਹੀ ਮਿਲ਼ਦੀ ਹੈ। ਕੁੱਝ ਸਮਾਂ ਪਹਿਲਾਂ ਕਨੇਡਾ ਤੋਂ ਸੁਖਵੰਤ ਹੁੰਦਲ ਦਾ ਵੀ ਇੱਕ ਲੇਖ ਛਪਿਆ ਸੀ ਜਿਸ ਵਿੱਚ ਉਹਨਾਂ ਨੇ ਇੰਡੋ-ਕਨੇਡੀਅਨ ਪਰਿਵਾਰਾਂ ਵਿੱਚ ਹੁੰਦੇ ਔਰਤਾਂ ਦੇ ਕਤਲਾਂ ਦੀਆਂ ਕਈ ਘਟਨਾਵਾਂ ਦਾ ਵੇਰਵਾ ਦਿੱਤਾ ਸੀ। ਉਹ ਲਿਖਦੇ ਹਨ, ਕੈਨੇਡਾ ਦੇ ਭਾਰਤੀ ਸਮਾਜ ਵਿੱਚ ਔਰਤਾਂ ਵਿਰੁੱਧ ਹਿੰਸਾ ਦਾ ਵਰਤਾਰਾ ਇੱਕ ਗੰਭੀਰ ਸਮੱਸਿਆ ਹੈ। ਬੇਸ਼ੱਕ ਸਮੇਂ ਸਮੇਂ ਇਸ ਸਮੱਸਿਆ ਬਾਰੇ ਕਮਿਊਨਿਟੀ ਵਿੱਚ ਗੱਲਬਾਤ ਚਲਦੀ ਆਈ ਹੈ, ਪਰ ਇਹ ਗੱਲਬਾਤ ਉਨੀ ਸ਼ਿੱਦਤ, ਗੰਭੀਰਤਾ ਅਤੇ ਲਗਾਤਾਰਤਾ ਨਾਲ਼ ਨਹੀਂ ਚੱਲ ਸਕੀ ਜਿੰਨੀ ਸ਼ਿੱਦਤ, ਗੰਭੀਰਤਾ ਅਤੇ ਲਗਾਤਾਰਤਾ ਨਾਲ਼ ਇਸ ਬਾਰੇ ਗੱਲ ਕਰਨ ਦੀ ਲੋੜ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਕੈਨੇਡੀਅਨ ਭਾਰਤੀ ਸਮਾਜ ਇਸ ਸਮੱਸਿਆ ਨੂੰ ਸਮੁੱਚਤਾ ਵਿੱਚ ਦੇਖਣ ਤੋਂ ਅਸਮਰੱਥ ਰਿਹਾ ਹੈ। ਜਦੋਂ ਕੈਨੇਡੀਅਨ ਭਾਰਤੀ ਪਰਿਵਾਰਾਂ ਵਿੱਚ ਇਹ ਸਮੱਸਿਆ ਆਪਣੇ ਅੰਤਿਮ ਚਰਮ 'ਤੇ ਪਹੁੰਚ ਜਾਂਦੀ ਹੈ, ਭਾਵ ਪਰਿਵਾਰ ਦੇ ਕਿਸੇ ਮਰਦ ਮੈਂਬਰ ਵੱਲੋਂ ਕਿਸੇ ਔਰਤ ਦਾ ਕਤਲ ਹੋ ਜਾਂਦਾ ਹੈ, ਤਾਂ ਉਸ ਸਮੇਂ ਕਮਿਊਨਿਟੀ ਵੱਲੋਂ ਇਸ ਬਾਰੇ ਸਦਮੇ ਵਾਲ਼ਾ ਪ੍ਰਤੀਕਰਮ ਹੁੰਦਾ ਹੈ। ਇਹਨਾਂ ਕਤਲਾਂ ਬਾਰੇ ਹਾਅ ਦਾ ਨਾਹਰਾ ਮਾਰਿਆ ਜਾਂਦਾ ਹੈ। ਪਰ ਕਤਲ ਵਾਪਰਨ ਤੋਂ ਕੁਝ ਸਮਾਂ ਬਾਅਦ ਹੀ ਕਮਿਊਨਿਟੀ ਇਸ ਸਮੱਸਿਆ ਦੀ ਚਿੰਤਾ ਨੂੰ ਭੁੱਲ ਭੁਲਾ ਜਾਂਦੀ ਹੈ ਅਤੇ ਸਭ ਅੱਛਾ ਹੈ ਦੇ ਆਲਮ ਹੇਠ ਜਿਉਣ ਲੱਗਦੀ ਹੈ। ਇਸ ਲੇਖ ਵਿੱਚ ਕਨੇਡਾ ਵਿੱਚ ਹੋਏ ਕਤਲਾਂ ਦੇ ਦਿੱਤੇ ਵੇਰਵੇ ਇਹ ਗੱਲ ਸਾਫ ਕਰਦੇ ਹਨ ਕਿ ਇਹਨਾਂ ਕਤਲਾਂ ਦਾ ਕਾਰਨ ਵੀ ਭਾਰਤੀ ਸਮਾਜ ਵਾਲ਼ੀ ਔਰਤ ਵਿਰੋਧੀ ਮਾਨਸਿਕਤਾ ਹੀ ਹੈ। ਇਹਨਾਂ ਕਤਲਾਂ ਦੇ ਕਾਰਨਾਂ ਵਿੱਚ ਪਤਨੀ ਵੱਲੋਂ ਬੋਝਲ ਰਿਸ਼ਤਿਆਂ ਨੂੰ ਝੱਲਦੇ ਰਹਿਣ ਦੀ ਥਾਂ ਦੇ ਵੱਖ ਹੋ ਜਾਣਾ, ਸਿਰਫ ਕਿਸੇ ਹੋਰ ਨਾਲ ਸਬੰਧ ਦਾ ਸ਼ੱਕ ਹੋਣਾ, ਵਿਆਹ ਤੋਂ ਬਾਹਰੀ ਸਬੰਧ ਹੋਣਾ, ਪਰਿਵਾਰ ਵਿੱਚ ਵਧੇਰੇ ਕੁੜੀਆਂ ਦਾ ਜਨਮ ਲੈਣਾ, ਆਪਣਾ ਪ੍ਰੇਮੀ ਜਾਂ ਜੀਵਨਸਾਥੀ ਚੁਣਨਾ ਜਾਂ ਪਹਿਰਾਵੇ, ਸੱਭਿਆਚਾਰ ਤੋਂ ਇਨਕਾਰੀ ਹੋਣਾ ਆਦਿ ਹਨ। ਸਾਫ ਹੈ ਕਿ ਇਹਨਾਂ ਕਤਲਾਂ ਦੇ ਕਾਰਨ ਪੂਰੇ ਭਾਰਤੀ ਸਮਾਜ ਵਿੱਚ ਪਸਰੀ ਮਰਦ ਪ੍ਰਧਾਨ ਮਾਨਸਿਕਤਾ ਹੀ ਹੈ ਜੋ ਔਰਤਾਂ ਨੂੰ ਆਪਣੀ ਜਾਇਦਾਦ ਸਮਝਦੀ ਹੈ, ਉਸ ਨਾਲ ਇੱਜ਼ਤ ਦੇ ਅਖੌਤੀ ਸੰਕਲਪਾਂ ਨੂੰ ਜੋੜਦੀ ਹੈ ਤੇ ਸੱਭਿਆਚਾਰ ਦੇ ਨਾਮ 'ਤੇ ਗਲ਼-ਸੜ ਚੁੱਕੀਆਂ ਕਦਰਾਂ-ਕੀਮਤਾਂ ਉਹਨਾਂ ਉੱਪਰ ਥੋਪਦੀ ਹੈ। ਆਪਣੀ ਪਤਨੀ ਦੇ ਵੱਖ ਹੋਕੇ ਰਹਿਣ ਕਾਰਨ ਕਤਲ ਦੇ ਇੱਕ ਮਾਮਲੇ ਸਬੰਧੀ ਉਕਤ ਲੇਖ ਦਾ ਇਹ ਹਿੱਸਾ ਇਸ ਮਾਨਸਿਕਤਾ ਬਾਰੇ ਕਾਫੀ ਕੁੱਝ ਸਾਫ ਕਰਦਾ ਹੈ, ਅਦਾਲਤ ਵਿੱਚ ਇਸ ਕਤਲ ਬਾਰੇ ਗੱਲ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਅਸਾਧਾਰਨ ਕਤਲ ਤਾਂ ਹੋਇਆ ਕਿਉਂਕਿ ਮਨਮੀਤ ਵਿਸ਼ਵਾਸ ਕਰਦਾ ਸੀ ਕਿ ਉਸ ਨੂੰ ਛੱਡ ਕੇ ਜਾਣ ਬਦਲੇ ਆਪਣੀ ਪਤਨੀ ਤੋਂ ਬਦਲਾ ਲੈਣ ਦਾ ਹੱਕ ਹੈ। ਮਨਮੀਤ ਦੇ ਵਕੀਲ ਨੇ ਕਿਹਾ ਕਿ ਭਾਵੇਂ ਇਹ ਗੱਲ ਕਿਸੇ ਵੀ ਤਰ੍ਹਾਂ ਮਨਮੀਤ ਦੇ ਕਾਰੇ ਨੂੰ ਠੀਕ ਨਹੀਂ ਠਹਿਰਾਉਂਦੀ, ਫਿਰ ਵੀ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਨਮੀਤ ਅਜਿਹੇ ਔਰਤ ਵਿਰੋਧੀ ਸਮਾਜ ਦੀ ਪੈਦਾਵਾਰ ਹੈ, ਜਿਸ ਸਮਾਜ ਵਿੱਚ ਔਰਤ ਨੂੰ ਮਰਦ ਦੀ ਜਾਇਦਾਦ ਸਮਝਿਆ ਜਾਂਦਾ ਹੈ।

ਕਨੇਡਾ ਸਮੇਤ ਯੂਰਪੀ ਦੇਸ਼ਾਂ ਵਿੱਚ ਰਹਿੰਦੇ ਭਾਰਤੀ ਪਰਿਵਾਰਾਂ 'ਚ ਔਰਤ ਵਿਰੋਧੀ ਮਾਨਸਿਕਤਾ ਦੇ ਉਹ ਰੂਪ ਵੀ ਮੌਜੂਦ ਹਨ ਕਿਸੇ ਜੁਰਮ ਦੀ ਆਮ ਕਨੂੰਨੀ ਪਰਿਭਾਸ਼ਾ ਹੇਠ ਨਹੀਂ ਆਉਂਦੇ ਜਿਵੇਂ ਘਰਾਂ 'ਚ ਮੁੰਡੇ ਤੇ ਕੁੜੀ ਵਿਚਾਕਰ ਵਿਤਕਰਾ, ਅਹਿਮ ਮਾਮਲਿਆਂ ਵਿੱਚ ਔਰਤਾਂ ਦੀ ਕੋਈ ਰਾਇ ਨਾ ਲੈਣਾ, ਧੱਕੇ ਨਾਲ ਚੁੱਪ ਕਰਵਾ ਦੇਣਾ, ਰਸੋਈ-ਸਫਾਈ ਦੇ ਕੰਮ ਸਿਰਫ ਔਰਤਾਂ 'ਤੇ ਪਾਉਣੇ ਆਦਿ। ਕਈ ਸਾਲ ਵਿਦੇਸ਼ਾਂ ਵਿੱਚ ਰਹਿਣ ਵਾਲ਼ਿਆਂ ਵਿੱਚ ਅਜਿਹੇ ਮਰਦਾਂ ਦੀ ਵੀ ਕਮੀ ਨਹੀਂ ਹੈ ਜੋ ਸਿਰਫ ਇਸ ਕਰਕੇ ਹੀ ਭਾਰਤੀ ਔਰਤ ਨਾਲ ਵਿਆਹ ਕਰਵਾਉਣ ਦੀ ਇੱਛਾ ਰੱਖਦੇ ਹਨ ਕਿਉਂਕਿ ਯੂਰਪੀ ਔਰਤਾਂ ਦਾ ਮੂਹਰੇ ਬੋਲਣਾ ਜਾਂ ਉਹਨਾਂ ਨੂੰ ਬਰਾਬਰ ਦੀ ਅਜ਼ਾਦੀ ਤੇ ਖੁੱਲ੍ਹ ਦੇਣ ਲਈ ਉਹ ਤਿਆਰ ਨਹੀਂ ਹਨ, ਜਦਕਿ ਭਾਰਤ ਵਿੱਚ ਪਤਨੀ ਦੇ ਨਾਂ 'ਤੇ ਗੁਲਾਮ ਸੌਖਾ ਮਿਲ਼ ਜਾਂਦਾ ਹੈ। ਭਾਰਤ ਵਿੱਚ ਯੂਰਪੀ ਦੇਸ਼ਾਂ ਵਿੱਚ ਵੀ ਮਰਦ ਪ੍ਰਧਾਨਤਾ ਚਲਦੀ ਹੈ, ਪਰ ਫਿਰ ਵੀ ਭਾਰਤ ਤੇ ਯੂਰਪ ਦੀ ਇਸ ਮਰਦ ਪ੍ਰਧਾਨਤਾ ਵਿੱਚ ਵੀ ਜ਼ਮੀਨ-ਅਸਮਾਨ ਦਾ ਅੰਤਰ ਹੈ। ਯੂਰਪ ਵਿੱਚ ਔਰਤਾਂ ਨੂੰ ਆਪਣਾ ਪਹਿਰਾਵਾ, ਸੱਭਿਆਚਾਰ, ਧਰਮ, ਕਿੱਤਾ, ਜੀਵਨ-ਸਾਥੀ ਆਦਿ ਚੁਣਨ ਦਾ ਪੂਰਾ ਹੱਕ ਹੈ, ਔਰਤਾਂ ਦੇ ਸਿਰ ਇੱਜ਼ਤਾਂ ਦੇ ਠੀਕਰ ਨਹੀਂ ਰੱਖੇ ਜਾਂਦੇ ਤੇ ਭਾਰਤ ਵਾਲ਼ੀਆਂ ਹੋਰ ਵੀ ਮੱਧਯੁਗੀ ਕਦਰਾਂ-ਕੀਮਤਾਂ ਦੀ ਉੱਥੇ ਅਣਹੋਂਦ ਹੈ। ਇਸ ਕਰਕੇ ਕੁੜੀ ਹੋਣ ਕਾਰਨ ਕਿਸੇ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦੇਣ ਦੇ ਮਾਮਲੇ ਵੀ ਉੱਥੇ ਨਾਂਹ ਬਰਾਬਰ ਹੀ ਹਨ। ਯੂਰਪ ਕੋਲ਼ ਨਵ-ਜਾਗਰਣ, ਗਿਆਨ ਪ੍ਰਸਾਰ ਤੇ ਇਨਕਲਾਬਾਂ ਦੀ ਕਾਫੀ ਅਰਸਾ ਲੰਬੀ ਵਿਰਾਸਤ ਹੈ ਜਿਸ ਵਿੱਚ ਉੱਥੇ ਬਹੁਤ ਸਾਰੀਆਂ ਮੱਧਯੁਗੀ ਕਦਰਾਂ-ਕੀਮਤਾਂ ਨੂੰ ਹੂੰਝ ਦਿੱਤਾ ਗਿਆ। ਪਰ ਨਿੱਜੀ ਜਾਇਦਾਦ ਅਧਾਰਿਤ ਢਾਂਚੇ ਦੀ ਮੌਜੂਦਗੀ ਹੋਣ ਕਾਰਨ ਉੱਥੇ ਜਾਇਦਾਦ ਦੀ ਮਾਲਕੀ ਮੁੱਖ ਤੌਰ 'ਤੇ ਮਰਦਾਂ ਦੇ ਹੱਥ ਵਿੱਚ ਹੋਣ, ਔਰਤਾਂ ਦੇ ਜਿਸਮ ਤੇ ਕਿਰਤ-ਸ਼ਕਤੀ ਨੂੰ ਮੰਡੀ ਦੀ ਵਸਤ ਬਣਾ ਦੇਣ ਦੇ ਦਾਬੇ ਦੇ ਰੂਪਾਂ ਤੋਂ ਲੈ ਕੇ ਬਲਾਤਕਾਰ, ਔਰਤਾਂ ਵਿਰੁੱਧ ਹਿੰਸਾ, ਛੇੜ-ਛਾੜ ਆਦਿ ਜਿਹੇ ਜੁਰਮਾਂ ਦੇ ਰੂਪ ਵਿੱਚ ਉੱਥੇ ਔਰਤਾਂ ਦੀ ਹਾਲਤ ਮਾੜੀ ਵੀ ਹੈ। ਪਰ ਭਾਰਤੀ ਸਮਾਜ ਵਿੱਚ ਔਰਤ ਵਿਰੋਧੀ ਜਬਰ ਦੇ ਇਹ ਆਧੁਨਿਕ ਰੂਪ ਵੀ ਹਨ ਤੇ ਮੱਧਯੁਗ ਦੇ ਜਗੀਰੂ ਦਾਬੇ ਵਾਲ਼ੇ ਰੂਪ ਵੀ ਮੌਜੂਦ ਹਨ।

ਕਈ ਸਾਲਾਂ ਤੋਂ ਯੂਰਪ ਵਿੱਚ ਰਹਿ ਰਹੇ ਭਾਰਤੀ ਪਰਿਵਾਰਾਂ, ਜਿਨ੍ਹਾਂ ਵਿੱਚ ਪੰਜਾਬੀਆਂ ਦਾ ਬਹੁਤ ਵੱਡਾ ਹਿੱਸਾ ਹੈ, ਵਿੱਚ ਇੱਕ ਬਦਲੇ ਮਹੌਲ ਵਿੱਚ ਕੰਮ ਕਰਨ, ਰਹਿਣ, ਉੱਥੋਂ ਦੇ ਲੋਕਾਂ ਵਿੱਚ ਘੁਲਣ-ਮਿਲਣ ਦੇ ਬਾਵਜੂਦ ਉਸ ਸਮਾਜ ਦੀਆਂ ਉੱਨਤ ਕਦਰਾਂ-ਕੀਮਤਾਂ ਦੀ ਰਸਾਈ ਬਹੁਤ ਘੱਟ ਹੈ। ਭਾਰਤੀ ਸਮਾਜ ਦੀ ਔਰਤ ਵਿਰੋਧੀ ਮਾਨਸਿਕਤਾ ਤੋਂ ਲੈ ਕੇ ਗੈਰ-ਤਰਕਸ਼ੀਲਤਾ, ਗੈਰ-ਜਮਹੂਰੀਪੁਣਾ, ਪੜ੍ਹਨ-ਲਿਖਣ ਦੇ ਸੱਭਿਆਚਾਰ ਦੀ ਅਣਹੋਂਦ ਜਿਹੀਆਂ ਚੀਜ਼ਾਂ ਭਾਰਤੀ ਮਨਾਂ ਵਿੱਚ ਯੂਰਪ ਵਿੱਚ ਜਾ ਕੇ ਘਰ ਕਰੀ ਰੱਖਦੀਆਂ ਹਨ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਭਾਰਤੀ ਸਮਾਜ ਦੀਆਂ ਇਹਨਾਂ ਮੱਧਯੁਗੀ, ਜਮਹੂਰੀਅਤ ਵਿਰੋਧੀ, ਔਰਤ ਵਿਰੋਧੀ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ ਤੇ ਇਹਨਾਂ ਨੂੰ ਬਦਲੇ ਜਾਣ ਲਈ ਕਿੰਨਾ ਤਰੱਦਦ ਕਰਨ ਦੀ ਲੋੜ ਹੈ। ਭਾਰਤੀ ਸਮਾਜ ਦੇ ਅੰਦਰ ਅਤੇ ਯੂਰਪ ਵਿੱਚ ਰਹਿ ਰਹੇ ਭਾਰਤੀਆਂ ਅੰਦਰ ਕੁੱਝ-ਕੁੱਝ ਸੱਭਿਆਚਾਰਕ ਤਬਦੀਲੀਆਂ ਤਾਂ ਆ ਰਹੀਆਂ ਹਨ ਪਰ ਇਹਨਾਂ ਤਬਦੀਲੀਆਂ ਸਮਾਜਿਕ ਵਿਕਾਸ ਨੇ ਆਪ-ਮੁਹਾਰੇ ਢੰਗ ਨਾਲ਼ ਲਿਆਂਦੀਆਂ ਹਨ। ਮਿਸਾਲ ਵਜੋਂ ਭਾਰਤੀ ਸਮਾਜ ਨੂੰ ਮੰਡੀ ਦੀਆਂ ਲੋੜਾਂ ਨੇ ਪਹਿਲਾਂ ਇਸ ਗੱਲ ਲਈ ਮਜਬੂਰ ਕੀਤਾ ਕਿ ਔਰਤਾਂ ਨੂੰ ਘਰੋਂ ਕੱਢ ਕੇ ਪੜ੍ਹਨ-ਲਿਖਣ ਦਾ ਮੌਕਾ ਦਿੱਤਾ ਜਾਵੇ ਤੇ ਫਿਰ ਉਸੇ ਲੋੜ ਨੇ ਉਹਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਦੇ ਵੀ ਮੌਕੇ ਦਿੱਤੇ। ਇਸ ਤਰ੍ਹਾਂ ਔਰਤਾਂ ਦੀ ਹਾਲਤ ਵਿੱਚ ਜੋ ਰੱਤੀ-ਮਾਸਾ ਵੀ ਸੁਧਾਰ ਆਇਆ ਹੈ ਉਹ ਸਮਾਜਿਕ ਵਿਕਾਸ ਦੀ ਆਪ-ਮੁਹਾਰੀ ਤੋਰ ਨੇ ਲਿਆਂਦਾ ਹੈ ਨਾ ਕਿ ਕਿਸੇ ਸੱਭਿਆਚਾਰ ਲਹਿਰ ਜਾਂ ਪੁਰਾਣੀਆਂ ਕਦਰਾਂ-ਕੀਮਤਾਂ ਉੱਪਰ ਸੁਚੇਤ ਢੰਗ ਨਾਲ ਸੱਟ ਮਾਰਨ ਦੇ ਯਤਨਾਂ ਵਿੱਚੋਂ ਆਇਆ ਹੈ। ਭਾਰਤ ਵਿੱਚ ਔਰਤਾਂ ਦੀ ਗੁਲਾਮੀ ਵਾਲ਼ੀ ਹਾਲਤ ਨੂੰ ਖਤਮ ਕਰਨ ਲਈ ਜਿੱਥੇ ਇਸ ਗੁਲਾਮੀ ਦੀ ਬੁਨਿਆਦ ਨਿੱਜੀ ਜਾਇਦਾਦ ਵਾਲ਼ੇ ਸਰਮਾਏਦਾਰਾ ਢਾਂਚੇ ਨੂੰ ਤਬਾਹ ਕਰਨ ਦੀ ਲੋੜ ਹੈ ਉੱਥੇ ਹੀ ਵਿਚਾਰਾਂ, ਆਦਤਾਂ ਤੇ ਸੱਭਿਆਚਾਰ ਦੇ ਖੇਤਰ ਵਿੱਚੋਂ ਇਹਨਾਂ ਨੂੰ ਖਤਮ ਕਰਨ ਲਈ ਵਿਆਪਕ ਸਮਾਜਿਕ-ਸੱਭਿਆਚਾਰਕ ਲਹਿਰਾਂ ਚਲਾਏ ਜਾਣ ਦੀ ਵੀ ਲੋੜ ਹੈ।

### ਕੌਮਾਂਤਰੀ ਔਰਤ ਦਿਵਸ ਮੌਕੇ

# ਹਰ ਧੜਕਨ ਪਰ ਖ਼ੌਫ ਕੇ ਪਹਿਰੇ, ਹਰ ਆਂਸੂ ਪਰ ਪਾਬੰਦੀ !

## *ਫਿਰਕੂ-ਫਾਸੀਵਾਦੀਆਂ ਦੀ ਔਰਤਾਂ ਵਿਰੋਧੀ ਆਮ ਨੀਤੀ*



**ਕੁਲਦੀਪ**

ਇਤਿਹਾਸ ਗਵਾਹ ਹੈ ਕਿ ਸੰਸਾਰ ਦੇ ਭਾਵੇਂ ਕਿਸੇ ਵੀ ਹਿੱਸੇ 'ਤੇ ਫਿਰਕੂ-ਫਾਸੀਵਾਦੀ ਤਾਕਤਾਂ ਜਦ ਵੀ ਉੱਭਰੀਆਂ ਹਨ ਤਾਂ ਉਹਨਾਂ ਨੇ ਆਮ ਕਿਰਤੀ ਲੋਕਾਂ ਤੇ ਅਗਾਂਹਵਧੂ ਲੋਕਾਂ ਦੇ ਨਾਲ਼ ਹੀ ਮੁੱਖ ਤੌਰ 'ਤੇ ਔਰਤਾਂ ਨੂੰ ਵੀ ਲਾਜ਼ਮੀ ਹੀ ਆਪਣਾ ਨਿਸ਼ਾਨਾ ਬਣਾਇਆ ਹੈ। ਪੂਰੇ ਸੰਸਾਰ ਵਿੱਚ ਲਗਪਗ ਹਰ ਫਾਸੀਵਾਦੀ ਤਾਕਤ ਜਦ ਵੀ ਉਭਾਰ ਜਾਂ ਸੱਤਾ ਵਿੱਚ ਆਈ ਤਾਂ ਉਸਨੇ ਆਪਣੇ ਸਮੇਂ ਦੇ ਹਲਾਤਾਂ ਅਨੁਸਾਰ ਔਰਤ (ਖ਼ਾਸ ਤੌਰ 'ਤੇ ਆਮ ਕਿਰਤੀ ਔਰਤਾਂ) ਦੀ ਅਜ਼ਾਦੀ, ਖ਼ੁਸ਼ੀ, ਇੱਛਾਵਾਂ, ਜਜ਼ਬੇ, ਅਰਮਾਨਾਂ ਆਦਿ ਦਾ ਗਲ਼ ਘੁੱਟਣ ਤੋਂ ਕਦੇ ਵੀ ਗੁਰੇਜ਼ ਨਹੀਂ ਕੀਤਾ ਅਤੇ ਪੁਰਾਤਨ ਰਸਮ-ਰਿਵਾਜ ਉਹਨਾਂ 'ਤੇ ਥੋਪਦੇ ਹੋਏ ਤਰ੍ਹਾਂ-ਤਰ੍ਹਾਂ ਦੇ ਫ਼ਤਵੇ ਜਾਰੀ ਕੀਤੇ ਹਨ ਜਿਹਨਾਂ ਦਾ ਉਦੇਸ਼ ਔਰਤ ਦੀ ਅਜ਼ਾਦੀ 'ਤੇ ਰੋਕਾਂ ਲਾ ਕੇ ਉਸਨੂੰ ਘਰ ਦੀ ਚਾਰਦੀਵਾਰੀ 'ਚ ਬੰਦ ਰੱਖਣਾ ਸੀ। ਇਟਲੀ ਦੇ ਫਾਸੀਵਾਦੀ ਉਭਾਰ ਤੋਂ ਲੈ ਕੇ ਅਜੋਕੇ ਭਾਰਤੀ ਸੰਘੀ ਲਾਣੇ ਅਤੇ ਇਸਲਾਮਿਕ ਸਟੇਟ ਵਰਗੇ ਕੱਟੜਪੰਥੀ ਫਾਸੀਵਾਦੀਆਂ ਵਿੱਚ ਅਸੀਂ ਇਹ ਗੱਲ ਬਾਖ਼ੂਬੀ ਦੇਖ ਸਕਦੇ ਹਾਂ। ਕਹਿ ਸਕਦੇ ਹਾਂ ਕਿ ਔਰਤ ਨੂੰ ਦਬਾਉਣਾ ਫਾਸੀਵਾਦੀਆਂ ਦੀ ਇੱਕ ਆਮ ਨੀਤੀ ਰਹੀ ਹੈ। ਹੁਣ ਅਸੀਂ ਥੋੜ੍ਹਾ ਤੱਥਾਂ ਸਹਿਤ ਇਸ ਵਿਸ਼ੇ 'ਤੇ ਆਪਣੀ ਗੱਲ ਰੱਖਾਂਗੇ।

ਮੁਸੋਲਿਨੀ, ਹਿਟਲਰ, ਸਾਲਾਜ਼ਾਰ, ਫਰੈਂਕੋ ਆਦਿ ਦੇ ਸਮੇਂ ਤੋਂ ਲੈ ਕੇ ਅਜੋਕੇ ਭਾਰਤੀ ਸੰਘੀਆਂ ਤੱਕ ਔਰਤ ਦੇ ਮਾਮਲੇ ਵਿੱਚ ਸਾਰੇ ਫਾਸਿਸਟਾਂ ਦੀ ਇਹ 'ਮਾਨਕ' (Standared) ਨੀਤੀ ਰਹੀ ਹੈ ਕਿ ਔਰਤ ਨੂੰ ਰਵਾਇਤੀ ਮਰਿਆਦਾ 'ਚ ਰਹਿੰਦੇ ਹੋਏ, ਪਤੀ ਦੀ ਸੇਵਾ ਕਰਦੇ ਹੋਏ, ਬੱਚੇ ਪੈਦਾ ਕਰਨੇ ਤੇ ਘਰ ਦੀ ਸਾਂਭ-ਸੰਭਾਲ਼ ਕਰਨੀ ਚਾਹੀਦੀ ਹੈ। ਭਾਵੇਂ ਵੱਖ-ਵੱਖ ਫਿਰਕੂ ਫਾਸੀਵਾਦੀਆਂ ਨੇ ਇਹ ਗੱਲ ਵੱਖਰੇ-ਵੱਖਰੇ ਢੰਗ ਨਾਲ਼ ਕਹੀ ਪਰ ਸਾਰਿਆਂ ਦਾ ਸਾਰਤੱਤ ਇਹੀ ਸੀ। ਭਾਵੇਂ ਕਿ ਗ਼ੁਲਾਮਦਾਰੀ ਜਾਂ ਜਗੀਰਦਾਰੀ ਸਮਾਜ ਵਿੱਚ ਔਰਤ ਦੀ ਹਾਲਤ ਬਹੁਤ ਹੀ ਭਿਅੰਕਰ ਤੇ ਤਰਸਯੋਗ ਸੀ ਜਿੱਥੇ ਵੱਖ-ਵੱਖ ਸਮਾਜਾਂ ਵਿੱਚ ਧਰਮਾਂ ਰਾਹੀਂ ਜਾਂ ਹੋਰ ਕਈ ਰਸਮੀ ਬੰਧੇਜਾਂ ਨਾਲ਼ ਔਰਤਾਂ 'ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਸਨ, ਪਰ ਸਰਮਾਏਦਾਰੀ ਸਮਾਜ ਮਨੁੱਖੀ ਇਤਿਹਾਸ ਦਾ ਪਹਿਲਾ ਅਜਿਹਾ ਪ੍ਰਬੰਧ ਸੀ ਜਿਸਨੇ ਪਹਿਲੀ ਵਾਰ (ਨਵ-ਜਾਗਰਨ, ਗਿਆਨ ਪ੍ਰਸਾਰ ਦੌਰਾਨ) ਔਰਤ ਦੀ ਅਜ਼ਾਦੀ (ਜਿਸਦੇ ਤਹਿਤ ਪਿਆਰ ਕਰਨ ਦੀ ਅਜ਼ਾਦੀ, ਵਿਆਹ ਕਰਵਾਉਣ ਤੇ ਤਲਾਕ ਦੇਣ ਦੀ ਅਜ਼ਾਦੀ), ਨਿੱਜਤਾ ਆਦਿ ਦਾ ਮਸਲਾ ਉਠਾਇਆ ਸੀ। ਪਰ ਸਰਮਾਏਦਾਰਾ ਪ੍ਰਬੰਧ ਨੇ ਵੀ ਔਰਤ ਦੀ ਅਜ਼ਾਦੀ ਦੀ ਜੋ ਗੱਲ ਕੀਤੀ ਉਹ ਉੱਥੋਂ ਤੱਕ ਕੀਤੀ ਜਿਸ ਨਾਲ਼ ਕਿ ਔਰਤ ਦੀ ਸਸਤੀ ਕਿਰਤ ਸ਼ਕਤੀ ਨੂੰ ਲੁੱਟਿਆ ਜਾ ਸਕੇ ਤੇ ਉਸਦੇ ਸਰੀਰ ਨੂੰ ਮੰਡੀ ਦੇ ਹਿੱਤਾਂ ਲਈ ਵਰਤਿਆ ਜਾ ਸਕੇ, ਇਸ ਤੋਂ ਵੱਧ ਸਰਮਾਏਦਾਰਾ ਸਮਾਜ ਵਿੱਚ ਔਰਤ ਦੀ ਅਜ਼ਾਦੀ ਦਾ ਕੋਈ ਮਤਲਬ ਨਹੀਂ ਜਿਸਦੇ ਤਹਿਤ ਉਹ ਮੰਡੀ ਵਿੱਚ ਵਿਕਣ ਲਈ ਅਜ਼ਾਦ ਹੋ ਗਈ, ਭਾਵੇਂ ਕਿ ਉਪ-ਉਤਪਾਦ ਵਜੋਂ ਔਰਤ ਸਰਮਾਏਦਾਰਾ ਸਮਾਜ ਵਿੱਚ ਜਗੀਰਦਾਰੀ ਦੇ ਮੁਕਾਬਲਤਨ ਕੁਝ ਖੁੱਲ੍ਹਾਂ ਵੀ ਮਾਣ ਰਹੀ ਹੈ।

ਆਧੁਨਿਕ ਸਰਮਾਏਦਾਰਾ ਸਮਾਜ ਵਿੱਚ ਔਰਤ 'ਤੇ ਮੱਧਯੁਗੀ ਪਾਬੰਦੀਆਂ ਥੋਪਣ ਦਾ ਸਿਲਸਿਲਾ ਯੋਜਨਾਬੱਧ ਤੇ ਜਥੇਬੰਦਕ ਢੰਗ ਨਾਲ਼ ਸਭ ਤੋਂ ਪਹਿਲਾਂ ਇਟਲੀ ਵਿੱਚ ਫਾਸੀਵਾਦੀ ਤਾਨਾਸ਼ਾਹ ਮੁਸੋਲਿਨੀ (1922 'ਚ ਸੱਤਾ 'ਚ ਆਉਣ ਤੋਂ ਬਾਅਦ) ਨੇ ਲਾਗੂ ਕੀਤਾ ਸੀ, ਬਾਅਦ ਵਿੱਚ ਸੰਸਾਰ ਭਰ ਵਿੱਚ ਜਿੱਥੇ ਵੀ ਫਾਸੀਵਾਦੀ ਤਾਕਤਾਂ ਸੱਤਾ 'ਚ ਆਈਆਂ ਤਾਂ ਉਹਨਾਂ ਨੇ ਆਪਣੀ ਇਸ ਔਰਤ ਵਿਰੋਧੀ ਨੀਤੀ ਨੂੰ ਸਮੇਂ-ਸਮੇਂ 'ਤੇ ਲਾਗੂ ਕੀਤਾ। ਪਰ ਇਸਦਾ ਮਤਲਬ ਇਹ ਵੀ ਨਾ ਲਿਆ ਜਾਵੇ ਕਿ ਇਸ ਗੱਲ ਨੂੰ ਸਾਰੇ ਸੰਸਾਰ ਦੇ ਫਾਸੀਵਾਦੀਆਂ ਨੇ ਮੁਸੋਲਿਨੀ ਤੋਂ ਲੈ ਲਿਆ ਤੇ ਉਦੋਂ ਤੋਂ ਹੁਣ ਤੱਕ ਆਪਣੀ ਵਿਰਾਸਤ ਸਮਝਦੇ ਹੋਏ ਲਾਗੂ ਕਰਦੇ ਆ ਰਹੇ ਹਨ। ਨਹੀਂ ਇਹ ਵਿਗਿਆਨਕ ਵਿਸ਼ਲੇਸ਼ਣ ਨਹੀਂ ਹੈ, ਇਸਦਾ ਮਤਲਬ ਹੋਵੇਗਾ ਸਮਾਜ ਦੀਆਂ ਸਮਾਜਿਕ-ਆਰਥਿਕ ਵਿਰੋਧਤਾਈਆਂ ਦੇ ਵਿਸ਼ਲੇਸ਼ਣ ਨੂੰ ਦਰਕਿਨਾਰ ਕਰਕੇ ਇਤਿਹਾਸਕ ਗਤੀ ਦੀ ਲਗਾਮ ਕੁਝ ਮਨੁੱਖਾਂ ਦੀਆਂ ਇੱਛਾਵਾਂ ਦੇ ਹੱਥ ਫੜਾਉਣੀ। ਇਸ ਸਵਾਲ ਦੇ ਵਿਸ਼ਲੇਸ਼ਣ ਲਈ ਸਾਨੂੰ ਇਤਿਹਾਸ 'ਚ ਜਾਣਾ ਪਵੇਗਾ। ਸੰਸਾਰ ਵਿੱਚ ਮੁੱਖ ਤੌਰ 'ਤੇ ਸਰਮਾਏਦਾਰਾ ਵਿਕਾਸ ਦੋ ਢੰਗਾਂ ਨਾਲ਼ ਹੋਇਆ ਹੈ : ਇੱਕ ਇਨਕਲਾਬੀ ਢੰਗ ਜਿਸਨੇ ਮੱਧਯੁਗੀ ਕਦਰਾਂ-ਕੀਮਤਾਂ ਨਾਲ਼ ਸਮਝੌਤਾਹੀਣ ਤੇ ਬੇਕਿਰਕ ਘੋਲ਼ ਚਲਾਇਆ ਅਤੇ ਇਤਿਹਾਸ ਦੇ ਰਾਹ 'ਚੋਂ ਹਰ ਮੱਧਯੁਗੀ ਕਰੂਪਤਾ ਤੇ ਬਰਬਰਤਾ ਨੂੰ ਹੂੰਝ ਕੇ ਕੂੜੇਦਾਨ ਵਿੱਚ ਵਗ੍ਹਾ ਮਾਰਿਆ (ਜਿਵੇਂ ਫਰਾਂਸ ਵਿੱਚ), ਦੂਜਾ ਢੰਗ ਸੁਧਾਰਾਂ ਰਾਹੀਂ ਉੱਪਰੋਂ ਥੋਪਿਆ ਹੋਇਆ ਯੁੰਕਰੀ ਢੰਗ ਸੀ ਜਿਸ ਵਿੱਚ ਜਗੀਰਦਾਰੀ ਨਾਲ਼ ਸਰਮਾਏਦਾਰੀ ਨੇ ਗੰਢ-ਤੁੱਪ ਕੀਤੀ ਅਤੇ ਅਜਿਹੇ ਦੇਸ਼ਾਂ ਵਿੱਚ ਸਰਮਾਏਦਾਰਾ ਵਿਕਾਸ ਹੋਣ ਦੇ ਬਾਵਜੂਦ ਮੱਧਯੁਗੀ ਜਗੀਰੂ ਕਦਰਾਂ-ਕੀਮਤਾਂ ਘੱਟ-ਵੱਧ ਰੂਪ ਵਿੱਚ ਮੌਜੂਦ ਰਹੀਆਂ (ਜਰਮਨੀ, ਸਪੇਨ ਅਤੇ ਏਸ਼ੀਆ, ਅਫ਼ਰੀਕਾ ਤੇ ਲਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼)। ਸੋ ਜਿਹਨਾਂ ਦੇਸ਼ਾਂ ਵਿੱਚ ਦੂਜੇ ਢੰਗ ਨਾਲ ਸਰਮਾਏਦਾਰਾ ਵਿਕਾਸ ਹੋਇਆ ਉੱਥੇ ਸੰਕਟਾਂ ਦੇ ਸਮੇਂ ਵਿੱਚ ਫਾਸੀਵਾਦ ਦੇ ਪਣਪਣ ਲਈ ਜ਼ਮੀਨ ਜ਼ਿਆਦਾ ਜ਼ਰਖ਼ੇਜ਼ ਸੀ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਸਰਮਾਏਦਾਰਾ ਵਿਕਾਸ ਬੁਰਜੂਆ ਜਮਹੂਰੀ ਇਨਕਲਾਬਾਂ ਰਾਹੀਂ ਨਾ ਹੋ ਕੇ ਸੁਧਾਰਾਂ ਰਾਹੀਂ ਹੋਇਆ ਸੀ ਅਤੇ ਜਿੱਥੇ ਬੀਤੇ ਦੀ ਹਰੇਕ ਮਰਿਆਦਾ ਤੇ ਕਦਰਾਂ-ਕੀਮਤਾਂ ਨੂੰ ਇਨਕਲਾਬਾਂ ਰਾਹੀਂ ਬੇਰਹਿਮੀ ਤੇ ਬੇਕਿਰਕੀ ਨਾਲ਼ ਪੁੱਟ ਕੇ ਨਹੀਂ ਸੁੱਟਿਆ ਗਿਆ ਸੀ ਤੇ ਜਗੀਰੂ ਰਹਿੰਦ-ਖੂਹੰਦ ਬਚੀ ਰਹੀ। ਇਸ ਕਰਕੇ ਸੰਕਟਾਂ ਦੇ ਸਮੇਂ ਇਹਨਾਂ ਦੇਸ਼ਾਂ ਵਿੱਚ ਅਜਿਹੀਆਂ ਫਾਸੀਵਾਦੀ ਤਾਕਤਾਂ ਆਪਣੇ ਪੂਰੇ ਜਲੌਅ 'ਤੇ ਆਈਆਂ। ਕਿਉਂਕਿ ਸਰਮਾਏਦਾਰਾ ਪ੍ਰਬੰਧ ਇੱਕ ਅਜਿਹਾ ਪ੍ਰਬੰਧ ਹੈ ਜੋ ਆਪਣੀ ਅੰਦਰੂਨੀ ਗਤੀ ਅਤੇ ਮੁੱਖ ਵਿਰੋਧਤਾਈ (ਕਿਰਤ ਸਮਾਜਿਕ੍ਰਿਤ ਤੇ ਨਿੱਜੀਕਰਨ ਨਿੱਜੀ) ਦੇ ਕਰਕੇ ਸਮੇਂ-ਸਮੇਂ 'ਤੇ ਸੰਕਟਾਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਸਰਮਾਏਦਾਰਾ ਸੰਕਟ ਦੇ ਸਮੇਂ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੀਆਂ ਤਾਕਤਾਂ ਸਰਗਰਮ ਹੁੰਦੀਆਂ ਹਨ, ਇੱਕ ਜੋ ਯਥਾਸਥਿਤੀਵਾਦੀ ਹੁੰਦੀਆਂ ਹਨ, ਦੂਜੀਆਂ ਫਾਸੀਵਾਦੀ ਤਾਕਤਾਂ ਜੋ ਬੀਤੀਆਂ ਮੱਧਯੁਗੀ ਕਦਰਾਂ-ਕੀਮਤਾਂ ਆਮ ਲੋਕਾਂ 'ਤੇ ਥੋਪ ਕੇ, ਦੂਜੇ ਧਰਮ, ਫਿਰਕੇ, ਨਸਲ ਦੇ ਲੋਕਾਂ ਨੂੰ ਸੰਕਟ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ ਤੇ ਡੰਡੇ ਦੇ ਜ਼ੋਰ ਨਾਲ਼ ਕਿਰਤੀਆਂ ਨੂੰ ਨਿਚੋੜਣ ਦਾ ਹੱਲ ਪੇਸ਼ ਕਰਦੀਆਂ ਹੋਈਆਂ ਆਪਣੇ ਢੰਗ ਨਾਲ਼ ਸਰਮਾਏ ਦੀ ਸੇਵਾ ਕਰਦੀਆਂ ਹਨ ਅਤੇ ਤੀਜੀਆਂ ਅਗਾਂਹਵਧੂ ਇਨਕਲਾਬੀ ਤਾਕਤਾਂ ਜੋ ਸਮੱਸਿਆਵਾਂ ਦਾ ਹੱਲ ਭਵਿੱਖ 'ਚ ਵੇਖਦੀਆਂ ਹਨ। ਸਮਾਜ ਦੀ ਅੰਦਰੂਨੀ ਗਤੀ ਤੇ ਵਿਰੋਧਤਾਈਆਂ, ਬਰਜੂਆ ਜਮਹੂਰੀ ਇਨਕਲਾਬਾਂ ਦੀ ਅਣਹੋਂਦ, ਇਨਕਲਾਬੀ ਤਾਕਤਾਂ ਦੀ ਸੰਕਟ ਦੇ ਸਮੇਂ ਅਣਹੋਂਦ ਜਾਂ ਸੰਕਟ ਨੂੰ ਇਨਕਲਾਬ 'ਚ ਬਦਲਣ ਦੀ ਅਸਫ਼ਲਤਾ ਆਦਿ ਕਾਰਨ ਹਨ ਜੋ ਕਿਸੇ ਸਮਾਜ ਵਿੱਚ ਸੰਕਟ ਦੇ ਸਮੇਂ 'ਚ ਫਾਸੀਵਾਦੀ ਉਭਾਰ ਦੇ ਕਾਰਨ ਬਣਦੇ ਹਨ। ਹਿਟਲਰ, ਮੁਸੋਲਿਨੀ, ਸਾਲਾਜ਼ਾਰ, ਫਰੈਂਕੋ ਵੀ ਉਹਨਾਂ ਵਿਸ਼ੇਸ਼ ਵਿਰੋਧਤਾਈਆਂ ਦੀ ਹੀ ਉਪਜ ਸਨ। ਇਸੇ ਕਰਕੇ ਹੀ ਫਾਸੀਵਾਦੀ ਉਭਾਰ ਦੀ ਸ਼ੁਰੂਆਤ ਇੰਗਲੈਂਡ ਤੇ ਫਰਾਂਸ 'ਚ ਨਾ ਹੋ ਕੇ ਜਰਮਨੀ ਤੇ ਇਟਲੀ ਵਿੱਚ ਹੁੰਦੀ ਹੈ ਅਤੇ ਉਸ ਤੋਂ ਬਾਅਦ ਜਦ ਵੀ ਕਿਸੇ ਇੱਕ ਦੇਸ਼ ਦੀ ਜਾਂ ਸੰਸਾਰ ਸਰਮਾਏਦਾਰੀ ਸੰਕਟ ਵਿੱਚ ਫਸੀ ਤਾਂ ਫਾਸੀਵਾਦ ਵੀ ਵੱਖ-ਵੱਖ ਦੇਸ਼ਾਂ ਵਿੱਚ ਉਹਨਾਂ ਦੀ ਇਤਿਹਾਸਕ ਗਤੀ ਤੇ ਅੰਦਰੂਨੀ ਵਿਰੋਧਤਾਈਆਂ ਅਨੁਸਾਰ ਵੱਖ-ਵੱਖ ਰੂਪਾਂ ਵਿੱਚ ਉੱਭਰਦਾ ਰਿਹਾ ਹੈ ਜਿਵੇਂ 1920-30 ਦੀ ਮਹਾਂਮੰਦੀ ਤੋਂ ਬਾਅਦ ਜਰਮਨ, ਇਟਲੀ ਤੇ ਸਪੇਨ ਵਿੱਚ ਫਾਸੀਵਾਦ ਦਾ ਵੱਡਾ ਖ਼ਤਰਾ ਸਮਾਜ ਲਈ ਉੱਭਰਿਆ ਅਤੇ ਅੱਜ ਫਿਰ - 2007 ਤੋਂ ਸ਼ੁਰੂ ਹੋਈ ਸੰਸਾਰ ਮੰਦੀ ਤੋਂ ਬਾਅਦ ਜੋ ਲਾਗਤਾਰ ਭਿਅੰਕਰ ਹੁੰਦੀ ਜਾ ਰਹੀ ਹੈ- ਵੱਖ-ਵੱਖ ਦੇਸ਼ਾਂ ਵਿੱਚ ਫਾਸੀਵਾਦੀ ਤਾਕਤਾਂ ਮੁੜ ਸਿਰ ਚੁੱਕ ਰਹੀਆਂ ਹਨ ਜਿਹਨਾਂ ਵਿੱਚ ਆਈਐੱਸ ਸਭ ਤੋਂ ਭਿਅੰਕਰ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਫਾਸੀਵਾਦੀ ਸੱਤਾ ਬੁਰਜੂਆ ਸੱਤਾ ਦਾ ਅਜਿਹਾ ਰੂਪ ਹੈ ਜੋ ਆਮ ਕਿਰਤੀ ਲੋਕਾਂ 'ਤੇ ਮੱਧਯੁਗੀ ਕਦਰਾਂ-ਕੀਮਤਾਂ ਥੋਪਦੀ ਹੋਈ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੀ ਹੈ ਅਤੇ ਇਤਿਹਾਸ ਦੇ ਚੱਕੇ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕਰਦੀ ਹੋਈ ਕਿਰਤੀਆਂ ਨੂੰ ਨਿਚੋੜਣ ਦਾ ਡੰਡੇ ਦੇ ਜ਼ੋਰ ਵਾਲ਼ਾ ਬਰਬਰ ਹੱਲ ਪੇਸ਼ ਕਰਦੀ ਹੈ। ਇਸੇ ਕਰਕੇ ਹੀ ਫਾਸੀਵਾਦੀ-ਫਿਰਕੂ ਤਾਕਤਾਂ ਘੋਰ ਔਰਤ ਵਿਰੋਧੀ ਹੁੰਦੀਆਂ ਹਨ ਕਿਉਂਕਿ ਉਹ ਆਪਣਾ ਖਾਦ-ਪਾਣੀ ਬੀਤੇ ਤੋਂ ਲੈਂਦੀਆਂ ਹਨ ਜੋ ਘੋਰ ਔਰਤ ਵਿਰੋਧੀ ਸੀ, ਸੋ ਮੁਸੋਲਿਨੀ ਜਾਂ ਹਿਟਲਰ ਦੁਆਰਾ ਇਤਿਹਾਸ 'ਚ ਔਰਤ ਵਿਰੋਧੀ ਕਾਲ਼ੇ ਪੰਨੇ ਲਿਖਣਾ ਫਾਸੀਵਾਦੀਆਂ ਦੀ ਆਮ ਨੀਤੀ ਦਾ ਸੁਭਾਵਿਕ ਨਤੀਜਾ ਸੀ। ਫਾਸੀਵਾਦ ਦੇ ਇਤਿਹਾਸ 'ਤੇ ਸੰਖੇਪ ਗੱਲ ਕਰਨ ਤੋਂ ਬਾਅਦ ਅਸੀਂ ਆਪਣੇ ਵਿਸ਼ੇ ਵੱਲ ਮੁੜਦੇ ਹੋਏ ਦੇਖਦੇ ਹਾਂ ਕਿ ਕਿਵੇਂ ਵੱਖ-ਵੱਖ ਦੇਸ਼ਾਂ ਵਿੱਚ ਜਦ ਵੀ ਫਾਸੀਵਾਦ ਆਇਆ ਤਾਂ ਔਰਤਾਂ 'ਤੇ ਕੀ-ਕੀ ਜ਼ੁਲਮ ਢਾਏ। ਮੁਸੋਲਿਨੀ ਨੇ ਇੱਕ ਵਾਰ ਕਿਹਾ ਸੀ, "ਇਟਲੀ ਦੀ ਹਰ ਜਵਾਨ ਕੁੜੀ ਨੂੰ ਜਲਦੀ ਤੋਂ ਜਲਦੀ ਵਿਆਹ ਕਰਾ ਕੇ ਬੱਚੇ ਪੈਦਾ ਕਰਨ ਦੇ ਕੰਮ ਵਿੱਚ ਜੁਟ ਜਾਣਾ ਚਾਹੀਦਾ ਹੈ।" ਕਿਉਂਕਿ ਮੁਸੋਲਿਨੀ ਨੂੰ ਉਸ ਸਮੇਂ ਆਪਣੇ ਲੋਕਾਂ ਦੀ ਘੱਟ-ਵਸੋਂ ਦੀ "ਚਿੰਤਾ" ਸਤਾ ਰਹੀ ਸੀ। ਮੁਸੋਲਿਨੀ ਚਾਹੁੰਦਾ ਸੀ ਕਿ 1950 ਵਿੱਚ ਇਟਲੀ ਦੀ ਵਸੋਂ 6 ਕਰੋੜ ਹੋ ਜਾਵੇ ਜੋ ਕਿ 1920 'ਚ 3 ਕਰੋੜ 70 ਲੱਖ ਸੀ। ਇਸ ਤੋਂ ਬਿਨਾਂ ਮੁਸੋਲਿਨੀ ਨੇ ਸਮੇਂ-ਸਮੇਂ 'ਤੇ ਔਰਤ ਵਿਰੋਧੀ ਕਨੂੰਨ ਪਾਸ ਕੀਤੇ ਜਿਹਨਾਂ ਅਨੁਸਾਰ ਕਿ ਔਰਤਾਂ ਘਰ ਦੀ ਸਾਂਭ-ਸੰਭਾਲ ਕਰਨਗੀਆਂ ਅਤੇ ਵੱਧ ਤੋਂ ਵੱਧ ਬੱਚੇ ਪੈਦਾ ਕਰਕੇ ਇਟਲੀ ਦੀ ਵਸੋਂ ਵਧਾਉਣਗੀਆਂ, ਔਰਤਾਂ ਨੂੰ ਪੁਰਾਤਨ ਮਰਿਆਦਾ ਨੂੰ ਉਲੰਘਣਾ ਨਹੀਂ ਚਾਹੀਦਾ ਉਹ ਮਰਿਆਦਾ ਜੋ ਔਰਤ ਦੀ ਹੋਂਦ ਨੂੰ ਮਰਦ ਦੇ ਭੋਗ ਦੀ ਇੱਕ ਵਸਤ 'ਚ ਬਦਲਦੀ ਹੈ ਤੇ ਉਸਨੂੰ ਇੱਕ ਅਜ਼ਾਦ ਇਨਸਾਨ ਨਾ ਮੰਨਦੇ ਹੋਏ ਬੱਚੇ ਪੈਦਾ ਕਰਨ ਦੀ ਮਸ਼ੀਨ ਸਮਝਦੀ ਹੈ- ਅਤੇ ਪਰਿਵਾਰ ਸੰਭਾਲਣਾ ਚਾਹੀਦਾ ਹੈ। ਹਿਟਲਰ ਨੇ ਵੀ ਲਗਪਗ ਇਸੇ ਤਰ੍ਹਾਂ ਦੀਆਂ ਮੱਧਯੁਗੀ ਕਦਰਾਂ-ਕੀਮਤਾਂ ਔਰਤਾਂ 'ਤੇ ਥੋਪੀਆਂ। ਫਾਸੀਵਾਦ ਆਪਣੀ ਖ਼ੁਰਾਕ ਮੱਧ ਯੁੱਗੀ ਕਦਰਾਂ-ਕੀਮਤਾਂ ਤੋਂ ਲੈਂਦਾ ਹੈ, ਇਸੇ ਕਰਕੇ ਹੀ ਲਗਪਗ ਸਾਰੇ ਫਾਸੀਵਾਦੀ (ਭਾਵੇਂ ਕਿਸੇ ਧਰਮ, ਫਿਰਕੇ ਜਾਂ ਨਸਲ ਦੇ) ਘੋਰ-ਔਰਤ ਵਿਰੋਧੀ ਤੇ ਤਬਦੀਲੀ ਵਿਰੋਧੀ ਹੁੰਦੇ ਹਨ। ਇਸੇ ਤਰ੍ਹਾਂ ਨਾਜ਼ੀ ਫਾਸੀਵਾਦੀਆਂ ਨੇ ਵੀ ਔਰਤਾਂ ਨੂੰ ਘਰਾਂ ਦੀਆਂ ਵਗਲਣਾਂ 'ਚ ਕੈਦ ਰਹਿਣ ਤੇ ਬੱਚੇ ਪੈਦਾ ਕਰਨ ਦਾ ਇਹ ਔਰਤ ਵਿਰੋਧੀ ਸਿਧਾਂਤ ਅਪਣਾਇਆ। 1936 'ਚ ਜਰਮਨੀ ਵਿੱਚ ਇਹ ਕਨੂੰਨ ਪਾਸ ਹੋਇਆ ਕਿ ਔਰਤਾਂ ਨਿਆਂ ਤੇ ਸਿਹਤ ਵਿਭਾਗਾਂ ਵਿੱਚ ਉੱਚੇ ਅਹੁਦਿਆਂ 'ਤੇ ਨਹੀਂ ਜਾ ਸਕਦੀਆਂ ਜਿਸ ਦੌਰਾਨ ਬਹੁਤ ਸਾਰੀਆਂ ਔਰਤ ਡਾਕਟਰਾਂ ਨੂੰ ਪ੍ਰੈਕਟਿਸ ਤੋਂ ਰੋਕਿਆ ਗਿਆ। ਹਿਟਲਰ ਦੇ ਸੱਤਾ 'ਚ ਆਉਣ ਤੋਂ ਪਹਿਲਾਂ ਜਰਮਨ ਵਿੱਚ 100,000 ਔਰਤਾਂ ਅਧਿਆਪਕ, 3000 ਔਰਤਾਂ ਡਾਕਟਰ ਅਤੇ 13,000 ਔਰਤਾਂ ਕਲਾਕਾਰ, ਸੰਗੀਤਕਾਰ ਆਦਿ ਸਨ ਪਰ ਦੂਜੀ ਸੰਸਾਰ ਜੰਗ ਸਮੇਂ ਜਰਮਨੀ ਵਿੱਚ ਬਹੁਤ ਹੀ ਥੋੜ੍ਹੀਆਂ ਔਰਤਾਂ ਘਰੋਂ ਬਾਹਰ ਕੰਮ 'ਤੇ ਜਾਂਦੀਆਂ ਸਨ, ਭਾਵ ਔਰਤ ਨੂੰ ਹਰ ਉਸ ਫੈਸਲਾ ਲੈਣ ਤੋਂ ਰੋਕਿਆ-ਜੋ ਉਸਨੂੰ ਥੋੜ੍ਹਾ ਜਿਹਾ ਵੀ ਸਰੀਰਕ ਮਾਨਸਿਕ ਸਕੂਨ ਦਿੰਦਾ ਸੀ ਜੇਕਰ ਕਿਸੇ ਗੱਲ ਲਈ ਉਸਨੂੰ ਉਤਸ਼ਾਹਿਤ ਕੀਤਾ ਤਾਂ ਬੱਸ ਬੱਚੇ ਪੈਦਾ ਕਰਨ, ਮਰਦ ਨੂੰ ਸੰਤੁਸ਼ਟ ਕਰਨ ਤੇ ਪਰਿਵਾਰ ਸੰਭਾਲਣ ਲਈ।

ਇਸੇ ਤਰ੍ਹਾਂ ਸਪੇਨ ਵਿੱਚ ਫਰੈਂਕੋ ਦੀ ਕੈਥੋਲਿਕ ਕੌਮੀ ਫਾਸੀਵਾਦੀ ਸੱਤਾ ਜੋ ਰਿਪਬਲਿਕਨਾਂ ਨੂੰ ਹਰਾ ਕੇ ਸੱਤਾ ਵਿੱਚ ਆਈ, ਨੇ ਵੀ ਔਰਤਾਂ ਨੂੰ ਘਰ ਜਾਂ ਨਿੱਜੀ ਥਾਂ 'ਤੇ ਅਲੱਗ ਰਹਿਣ ਲਈ ਨਿਯਮ ਬਣਾਇਆ। ਬਹੁਤ ਸਾਰੇ ਨਿਯਮ ਭੰਗ ਕੀਤੇ ਗਏ ਜਿਵੇਂ ਪਹਿਲਾਂ ਔਰਤ ਤਲਾਕ ਦੇ ਕੇ ਹੋਰ ਵਿਆਹ ਕਰਵਾ ਸਕਦੀ ਸੀ ਪਰ ਫਰੈਂਕੋ ਨੇ ਤਲਾਕਾਂ 'ਤੇ ਪਾਬੰਦੀ ਲਾਈ, ਭਾਵ ਹੁਣ ਔਰਤ ਨੂੰ ਜਿਸ ਨਾਲ ਉਹ ਵਿਆਹੀ ਸੀ-ਉਹ ਇਨਸਾਨ ਦੀ ਖੱਲ ਵਿੱਚ ਗਧਾ, ਭੇੜੀਆ ਕੁਝ ਵੀ ਹੋਵੇ- ਉਸ ਨਾਲ਼ ਹੀ ਰਹਿਣਾ ਪੈਣਾ ਸੀ। ਔਰਤਾਂ ਦੇ ਕਨੂੰਨੀ ਹੱਕ ਪਿਤਾ ਜਾਂ ਪਤੀ ਦੇ ਅਧੀਨ ਸਨ, ਔਰਤਾਂ ਦੇ ਕੰਮ ਕਰਨ 'ਤੇ ਪਾਬੰਦੀ ਲਗਾਈ ਅਤੇ ਜੋ ਥੋੜ੍ਹਾ ਬਹੁਤ ਕੰਮ ਕਰਦੀਆਂ ਸਨ ਉਹ ਬਣਦੀਆਂ ਸਬਸਿਡੀਆਂ ਤੇ ਸਹੂਲਤਾਂ ਨਹੀਂ ਲੈ ਸਕਦੀਆਂ ਸਨ ਸਗੋਂ ਪਤੀ ਨੂੰ ਉਹ ਹੱਕ ਸੀ। ਫਰੈਂਕੋ ਸਰਕਾਰ ਨੇ 1938 'ਚ ਬਹੁਤੀਆਂ ਔਰਤਾਂ ਨੂੰ ਕੰਮਾਂ ਤੋਂ ਵਿਹਲਾ ਕਰਕੇ ਘਰ 'ਤੇ ਬੱਚਿਆਂ ਦੀ ਸੰਭਾਲ ਕਰਨ ਲਈ ਕਿਹਾ ਜਿਸਦੇ ਲਈ ਉਹੀ ਪੁਰਾਣਾ ਕੈਥੋਲਿਕਵਾਦੀ ਜੁਮਲਾ ਦੁਹਰਾਇਆ ਗਿਆ ਕਿ ਪਰਿਵਾਰ ਸਮਾਜ ਦਾ ਮੁੱਢਲਾ ਸੈਲ ਹੈ ਅਤੇ ਇਸਦੀ ਸੰਭਾਲ ਦੀ ਜ਼ਿੰਮੇਵਾਰੀ ਔਰਤ ਦੀ ਹੈ। ਉਹੀ ਜਨਮ ਦਰ ਵਧਾਉਣ ਤੇ ਵੱਧ ਬੱਚੇ ਪੈਦਾ ਕਰਨ ਦਾ ਹਿਟਲਰੀ-ਮੁਸੋਲਿਨੀ ਵਾਲਾ ਰਾਗ ਅਲਾਪਿਆ ਗਿਆ, ਵਿਆਹੀਆਂ ਔਰਤਾਂ ਨੂੰ ਕੰਮ ਛੱਡਣ ਲਈ ਮਜ਼ਬੂਰ ਕੀਤਾ ਗਿਆ। ਇਸ ਤੋਂ ਇਲਾਵਾ ਥੋੜ੍ਹੇ ਬਹੁਤ ਫਰਕ ਨਾਲ਼ ਇਹੀ ਹਾਲਤ ਲਗਪਗ ਹਰ ਉਸ ਦੇਸ਼ 'ਚ ਔਰਤਾਂ ਦੀ ਰਹੀ ਹੈ ਜਾਂ ਹੈ, ਜਿੱਥੇ ਵੀ ਫਾਸੀਵਾਦੀ ਤਾਕਤਾਂ ਸੱਤਾ 'ਚ ਰਹੀਆਂ ਜਾਂ ਹਨ। ਇਟਲੀ, ਜਰਮਨੀ, ਸਪੇਨ ਇਸਦੀਆਂ ਪ੍ਰਤੀਨਿਧ ਉਦਾਹਰਨਾਂ ਹਨ ਪਰ ਇਸ ਤੋਂ ਇਲਾਵਾ ਪੁਰਤਗਾਲ, ਹੰਗਰੀ, ਆਸਟਰੀਆ, ਰੁਮਾਨਿਆ, ਕਰੋਸ਼ੀਆ ਆਦਿ ਦੇਸ਼ਾਂ ਵਿੱਚ ਵੀ ਕੁਝ ਸਮੇਂ ਲਈ ਫਾਸੀਵਾਦੀ ਉਭਾਰ 'ਚ ਰਹੇ ਹਨ ਤਾਂ ਉਹਨਾਂ ਨੇ ਵੀ ਘੱਟ-ਵੱਧ ਰੂਪ ਵਿੱਚ ਆਪਣੇ ਸਮੇਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਨੁਸਾਰ ਇਹ ਨੀਤੀਆਂ ਲਾਗੂ ਕੀਤੀਆਂ। ਇਸ ਲਈ ਹੈਰਾਨੀ ਦੀ ਗੱਲ ਨਹੀਂ ਜਦੋਂ ਸਾਡੇ ਸਵਾਮੀ ਅਦਿੱਤਿਆਨਾਥ ਤੇ ਬਾਬੂ ਬਜਰੰਗੀ ਵਰਗੇ ਸੰਘੀ ਔਰਤਾਂ ਨੂੰ ਘਰਾਂ 'ਚ ਰਹਿਣ, ਸਰੀਰ ਢੱਕ ਕੇ ਰੱਖਣ, ਪਤੀ ਦੀ ਸੇਵਾ ਕਰਨ ਜਿਹੀਆਂ ਨਸੀਹਤਾਂ ਦਿੰਦੇ ਹਨ।

ਆਰੀਅਨ ਨਸਲ ਦੀ ਸ਼ੁੱਧੀ 'ਤੇ ਜ਼ੋਰ ਦੇਣ ਰਾਹੀਂ ਵੀ ਫਾਸੀਵਾਦੀ ਔਰਤਾਂ ਦੀ ਪਿਆਰ, ਵਿਆਹ, ਆਪਣਾ ਜੀਵਨ ਸਾਥੀ ਚੁਣਨ ਦੀ ਅਜ਼ਾਦੀ, ਨਿੱਜੀ ਫੈਸਲੇ ਲੈਣ ਦੀ ਅਜ਼ਾਦੀ ਆਦਿ 'ਤੇ ਪਾਬੰਦੀ ਲਾਉਂਦੇ ਹਨ ਅਤੇ ਉਸਦੀ ਦੇਹ, ਬੱਚੇ ਜਣਨ ਦੇ ਕੁਦਰਤੀ ਗੁਣ ਤੱਕ ਨੂੰ ਵੀ ਆਪਣੇ ਵੱਸ ਵਿੱਚ ਰੱਖਣ ਦੀਆਂ ਗੰਦੀਆਂ ਖੇਡਾਂ ਖੇਡਦੇ ਹਨ। ਇਟਲੀ, ਜਰਮਨੀ ਤੇ ਸਪੇਨ ਵਿੱਚ ਵੀ ਹਿਟਲਰ-ਮੁਸੋਲਿਨੀ ਦੇ ਸਮੇਂ ਇਹ ਪ੍ਰਚਾਰਿਆ ਜਾਂਦਾ ਸੀ ਕਿ "ਯਹੂਦੀ ਸਾਡੀਆਂ "ਭੋਲੀਆਂ-ਭਾਲੀਆਂ" ਔਰਤਾਂ ਨੂੰ ਆਪਣੇ ਪਿਆਰ ਜਾਲ ਵਿੱਚ ਫਸਾਉਂਦੇ ਹਨ ਅਤੇ ਵਿਆਹ ਕਰਵਾ ਕੇ ਉਹਨਾਂ ਦਾ ਧਰਮ ਬਦਲ ਦਿੰਦੇ ਹਨ। ਇਸ ਨਾਲ਼ ਉਹ ਇਹਨਾਂ ਦੀਆਂ ਕੁੱਖਾਂ ਨੂੰ ਅਪਵਿੱਤਰ ਕਰਦੇ ਹਨ।" ਪਰ ਨਾਜ਼ੀ ਜਦ ਯਹੂਦੀ ਔਰਤਾਂ ਦੇ ਬਲਾਤਕਾਰ ਕਰਦੇ ਸਨ ਤਾਂ ਉਦੋਂ ਉਹਨਾਂ ਲਈ ਇਹ ਗੱਲ ਕੋਈ ਬਹੁਤੀ ਮਹੱਤਵ ਨਹੀਂ ਰੱਖਦੀ ਸੀ। ਯਹੂਦੀ ਔਰਤਾਂ ਨਾਲ਼ ਸਰੀਰਕ ਸਬੰਧ ਬਣਾਉਣ ਜਾਂ ਬਲਾਤਕਾਰ ਕਰਨ ਵਾਲ਼ੇ ਨੂੰ ਨਾਇਕ ਸਮਝਿਆ ਜਾਂਦਾ ਸੀ। ਇਹੀ ਗੱਲਾਂ ਸਾਡੇ ਸੰਘੀ ਵੀ ਕਰਦੇ ਹਨ ਜਦ 'ਲਵ-ਜਿਹਾਦ' ਦਾ ਰੋੜਕਾ ਪਾਉਂਦੇ ਹਨ, ਮੁਸਲਮਾਨ ਕੁੜੀ ਨਾਲ਼ ਜਦ ਹਿੰਦੂ ਮੁੰਡਾ ਵਿਆਹ ਕਰਵਾਉਂਦਾ ਹੈ ਤਾਂ ਉਸਨੂੰ ਨਾਇਕ ਬਣਾ ਕੇ ਪੇਸ਼ ਕਰਦੇ ਹਨ। ਇੱਥੋਂ ਤੱਕ ਕਿ 'ਗਦਰ', 'ਵੀਰ-ਜ਼ਾਰਾ', 'ਬੰਬੇ' ਆਦਿ ਫਿਲਮਾਂ ਵੀ ਜਦ ਅੰਤਰ-ਧਰਮੀ ਰੁਮਾਂਸ ਚਿਤਰਦੀਆਂ ਹਨ ਤਾਂ ਉਹ ਮੁਸਲਿਮ ਔਰਤ ਤੇ ਹਿੰਦੂ ਮੁੰਡੇ ਵਿਚਕਾਰ ਹੁੰਦਾ ਹੈ। ਭਾਵ ਜਦ ਮੁਸਲਿਮ ਮੁੰਡਾ ਹਿੰਦੂ ਔਰਤ ਨਾਲ਼ ਪਿਆਰ ਵਿਆਹ ਕਰਾਉਂਦਾ ਹੈ ਤਾਂ ਉਸਨੂੰ 'ਲਵ-ਜਿਹਾਦ' ਦਾ ਮੁੱਦਾ ਬਣਾਇਆ ਜਾਂਦਾ ਹੈ ਪਰ ਜਦ ਹਿੰਦੂ ਮੁੰਡਾ ਮੁਸਲਮਾਨ ਔਰਤ ਨਾਲ਼ ਵਿਆਹ ਕਰਦਾ ਹੈ ਤਾਂ ਸੰਘੀ ਉਸਨੂੰ 'ਲਵ ਜਿਹਾਦ' ਦਾ ਨਾਂ ਨਹੀਂ ਦਿੰਦੇ ਹਨ। ਹੈ ਨਾ ਭਾਰਤੀ ਸੰਘੀਆਂ ਦਾ ਸਭ ਕੁਝ ਆਪਣੇ ਮਾਲਕਾਂ ਵਾਲ਼ਾ।

ਦੂਜਾ ਫਿਰਕੂ-ਫਾਸੀਵਾਦੀਆਂ ਦੁਆਰਾ ਸਭ ਸਮੱਸਿਆਵਾਂ ਦੀ ਜੜ੍ਹ ਦੂਜੀ ਜਾਤ, ਨਸਲ ਜਾਂ ਫਿਰਕੇ ਦੇ ਲੋਕਾਂ ਨੂੰ ਸਮਝਿਆ ਜਾਂਦਾ ਹੈ ਅਤੇ ਉਹਨਾਂ ਨੂੰ ਮਾਰਨਾ ਧਾਰਮਿਕ "ਪਵਿੱਤਰ" ਕੰਮ ਸਮਝਿਆ ਜਾਂਦਾ ਹੈ। ਇਹ "ਬਦਲਾ" ਉਸ ਜਾਤ, ਨਸਲ, ਫਿਰਕੇ, ਧਰਮ ਦੀਆਂ ਔਰਤਾਂ 'ਤੇ ਜ਼ੁਲਮ ਢਾਹ ਕੇ ਲੈਣਾ ਵੀ ਉਹਨਾਂ ਦਾ ਇੱਕ ਸੰਸਾਰ-ਵਿਆਪੀ ਦਸਤੂਰ ਹੈ। ਇਸੇ ਕਰਕੇ ਹਰ ਵਾਰ ਜਦ ਵੀ ਫਿਰਕੂ-ਫਾਸੀਵਾਦੀ ਜ਼ਬਰ ਦੀ ਹਨੇਰੀ ਝੁੱਲੀ ਤਾਂ ਉਸਨੇ ਔਰਤਾਂ ਨੂੰ ਹਮੇਸ਼ਾ ਹੀ ਜ਼ਿਆਦਾ ਨਾਸੂਰ ਦਿੱਤੇ ਹਨ। ਹਿਟਲਰ, ਮੁਸੋਲਿਨੀ ਦੇ ਸਮੇਂ ਵੀ ਲੱਖਾਂ ਯਹੂਦੀ, ਪੋਲਿਸ਼ ਆਦਿ ਔਰਤਾਂ ਦੇ ਹੋਏ ਬਲਾਤਕਾਰ ਤੇ ਕਤਲ ਇਸ ਗੱਲ ਦੀ ਚੀਕ-ਚੀਕ ਕੇ ਗਵਾਹੀ ਭਰਦੇ ਹਨ। ਇਸ ਤੋਂ ਇਲਾਵਾ ਜਦ ਵੀ ਸਮੇਂ-ਸਮੇਂ 'ਤੇ ਫਿਰਕੂ-ਫਾਸੀਵਾਦੀ ਤਾਕਤਾਂ ਦੰਗੇ-ਫਸਾਦ ਤੇ ਕਤਲੇਆਮ ਕਰਨ ਜਾਂ ਕਰਵਾਉਣ ਵਿੱਚ ਕਾਮਯਾਬ ਹੋਈਆਂ ਹਨ ਤਾਂ ਉਹਨਾਂ ਦਾ ਮੁੱਲ

ਵੀ ਔਰਤਾਂ ਨੇ ਕਤਲੇਆਮ, ਉਜਾੜੇ , ਉਧਾਲੇ ਤੇ ਬਲਾਤਕਾਰ ਵਰਗੇ ਘਣੌਨੇ ਜ਼ਬਰ-ਜ਼ੁਲਮਾਂ ਨੂੰ ਝੱਲ ਕੇ ਤਾਰਿਆ ਹੈ। ਭਾਵ ਜਦ ਵੀ ਫਿਰਕੂ ਉਭਾਰ ਆਇਆ ਉਹਨੇ ਔਰਤਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕੋਹਿਆ ਤੇ ਵਲੂਧਰਿਆ ਹੈ। ਅਜੋਕੇ ਦੌਰ ਵਿੱਚ ਈਰਾਕ ਵਿੱਚ ਉੱਭਰੀ ਆਈਐਸ ਦਾ ਵੀ ਇਹੀ ਔਰਤ ਵਿਰੋਧੀ ਏਜੰਡਾ ਹੈ। ਇੱਥੇ ਵੀ ਕੱਟੜਪੰਥੀ ਫਾਸੀਵਾਦੀਆਂ ਦੁਆਰਾ ਗ਼ੈਰ ਮੁਸਲਿਮ (ਯਜ਼ੀਦੀ, ਇਸਾਈ) ਤੇ ਹੋਰ ਕਈ ਕੌਮਾਂ ਦੀਆਂ ਔਰਤਾਂ 'ਤੇ ਜ਼ੁਲਮ ਢਾਏ ਜਾ ਰਹੇ ਹਨ। ਔਰਤਾਂ ਦੀਆਂ ਗ਼ੁਲਾਮਾਂ ਦੀ ਵੇਚ ਵਾਲ਼ੀਆਂ ਮੰਡੀਆਂ ਬਣ ਰਹੀਆਂ ਹਨ। ਜਵਾਨ ਕੁੜੀਆਂ ਦੇ ਬਲਾਤਕਾਰ ਹੋ ਰਹੇ ਹਨ ਅਤੇ ਉਸ ਤੋਂ ਬਾਅਦ ਉਹਨਾਂ ਨੂੰ ਮੰਡੀਆਂ ਵਿੱਚ ਵੇਚਿਆ ਜਾ ਰਿਹਾ ਹੈ। ਉਹਨਾਂ ਦੇ ਪਿਉਆਂ, ਭਰਾਵਾਂ ਤੇ ਪਤੀਆਂ ਨੂੰ ਮਾਰ ਕੇ ਉਹੀ ਪੁਰਾਣਾ ਫਾਸੀਵਾਦੀ ਢੰਗ ਦੁਹਰਾਇਆ ਜਾ ਰਿਹਾ ਹੈ। ਇਟਲੀ ਵਿੱਚ ਫਾਸੀਵਾਦੀਆਂ ਨੇ ਲਗਪਗ 100000 ਔਰਤਾਂ ਦੇ ਬਲਾਤਕਾਰ ਕੀਤੇ। ਪਰ ਨਾਜ਼ੀਆਂ ਦੇ ਜ਼ੁਲਮਾਂ ਤੇ ਬਲਾਤਕਾਰਾਂ ਦੀਆਂ ਸ਼ਿਕਾਰ ਯਹੂਦੀ, ਪੋਲਿਸ਼ ਆਦਿ ਔਰਤਾਂ ਦੀ ਸੰਖਿਆ ਤਾਂ ਲਗਪਗ 22 ਲੱਖ ਹੈ। ਸਪੇਨ ਦੀ ਫਰੈਂਕੋ ਸਰਕਾਰ ਦੇ ਸਮੇਂ ਅਤੇ ਸਾਡੇ ਦੇਸ਼ ਵਿੱਚ '47 ਦੀ ਵੰਡ, '84 ਦਾ ਸਿੱਖ ਕਤਲੇਆਮ, 2002 ਦਾ ਗੁਜਰਾਤ ਕਤਲੇਆਮ ਇਸਦੀਆਂ ਕੁਝ ਚੋਣਵੀਆਂ ਉਦਾਹਰਣਾਂ ਹਨ। ਈਰਾਕ ਤੇ ਸਿਰੀਆ ਵਿੱਚ ਗ਼ੈਰ-ਮੁਸਲਿਮ ਧਰਮ ਦੀਆਂ ਔਰਤਾਂ ਦੀ ਜੋ ਹਾਲਤ ਹੈ ਉਹ ਤਾਂ ਵੱਖਰੇ ਤੌਰ 'ਤੇ ਇੱਕ ਲੇਖ ਦਾ ਵਿਸ਼ਾ ਹੈ ਪਰ ਹੁਣ ਤੱਕ ਉੱਥੇ ਆਈਐਸ ਦੁਆਰਾ ਲਗਪਗ 10000-12000 ਔਰਤਾਂ ਦੇ ਬਲਾਤਕਾਰ ਤੇ ਕਤਲ ਹੋਣ ਦੀ ਖ਼ਬਰ ਹੈ।

ਹਿਟਲਰ-ਮੁਸੋਲਿਨੀ ਦੀ ਭਾਰਤੀ ਔਲਾਦ ਸਾਡੇ ਦੇਸ਼ ਦਾ ਸੰਘੀ ਲਾਣਾ ਵੀ ਉਹੀ ਖ਼ੂਨ ਦੀ ਆਰੀਅਨ ਸ਼ੁੱਧਤਾ ਦੀਆਂ ਗੱਲਾਂ ਕਰ ਰਿਹਾ ਹੈ। ਜਿਸਦੇ ਆਧਾਰ 'ਤੇ 'ਲਵ-ਜਿਹਾਦ' ਦਾ ਪੂਰਾ ਢਕਵੰਜ ਘੜਾ ਕੀਤਾ ਹੋਇਆ ਹੈ। ਇਸਦੇ ਅਨੁਸਾਰ ਮੁਸਲਮਾਨ ਮੁੰਡੇ ਭੋਲੀਆ-ਭਾਲੀਆਂ ਹਿੰਦੂ ਕੁੜੀਆਂ ਨੂੰ ਆਪਣੇ ਪ੍ਰੇਮ ਜਾਲ ਵਿੱਚ ਫਸਾਉਂਦੇ ਹਨ ਤੇ ਉਹਨਾਂ ਦਾ ਧਰਮ ਬਦਲ ਦਿੰਦੇ ਹਨ ਅਤੇ ਆਪਣੀਆਂ ਔਲਾਦਾਂ ਦੀਆਂ ਮਾਂਵਾਂ ਬਣਾਉਂਦੇ ਹਨ ਜਿਸ ਨਾਲ਼ ਉਹਨਾਂ ਦੀ ਕੁੱਖ਼ ਅਪਵਿੱਤਰ ਹੁੰਦੀ ਹੈ। ਪਹਿਲੀ ਵਾਰ 2009 ਵਿੱਚ ਕਰਨਾਟਕ ਸੂਬੇ ਵਿੱਚ ਇਸ ਮੁੱਦੇ ਨੂੰ ਉਛਾਲਿਆ ਗਿਆ ਸੀ। ਪਰ ਜਦ ਕਰਨਾਟਕ ਦੀ ਅਦਾਲਤ ਨੇ ਇਸ ਮਸਲੇ ਦੀ ਜਾਂਚ-ਪੜਤਾਲ ਕੀਤੀ ਤਾਂ ਪਾਇਆ ਕਿ 229 ਕੁੜੀਆਂ ਨੇ ਅੰਤਰ-ਧਰਮੀ ਵਿਆਹ ਕੀਤੇ ਸਨ ਜਿਹਨਾਂ ਵਿੱਚ ਕਈ ਧਰਮਾਂ ਦੇ ਮੁੰਡੇ-ਕੁੜੀਆਂ ਦੇ ਅੰਤਰ-ਧਰਮੀ ਵਿਆਹ ਹੋਏ ਸਨ। 31 ਦਸੰਬਰ, 2009 ਨੂੰ ਕਰਨਾਟਕ ਸੀਆਈਡੀ ਦੇ ਡੀਜੀਪੀ ਗੁਰੂਪ੍ਰਸਾਦ ਨੇ ਆਪਣੀ ਰਿਪੋਰਟ ਵਿੱਚ ਕਿਹਾ, "ਕਿਸੇ ਬੰਦੇ ਜਾਂ ਸਮੂਹ ਦੁਆਰਾ ਹਿੰਦੂ ਕੁੜੀਆਂ ਨੂੰ ਬਹਿਲਾਅ ਕੇ ਮੁਸਲਿਮ ਮੁੰਡਿਆਂ ਨਾਲ਼ ਵਿਆਹ ਜਾਂ ਧਰਮ ਬਦਲੀ ਨਹੀਂ ਹੋਈ।" ਇਸ ਤੋਂ ਬਾਅਦ ਜਦ ਕੋਈ ਤੱਥ ਨਾ ਮਿਲਿਆ ਤਾਂ 2012 ਵਿੱਚ ਕਰਨਾਟਕ ਸਰਕਾਰ ਨੇ 'ਲਵ-ਜਹਾਦ' ਦੀ ਛਾਣਬੀਨ ਕਰਕੇ ਕੇਸ ਬੰਦ ਕਰ ਦਿੱਤਾ ਸੀ। ਇਸ ਤੋਂ ਬਾਅਦ ਯੂਪੀ, ਬਿਹਾਰ ਆਦਿ ਕੁਝ ਸੂਬਿਆਂ ਵਿੱਚ 'ਲਵ-ਜਿਹਾਦ' ਦਾ ਮਸਲਾ ਸੰਘੀਆਂ ਨੇ ਚੁੱਕਿਆ ਜਿਸ ਵਿੱਚ ਵੀ ਕੋਈ ਤੱਥ ਹਾਲੇ ਤੱਕ ਨਹੀਂ ਮਿਲਿਆ। ਹਿੰਦੂ ਸੰਘੀਆਂ ਦੁਆਰਾ ਇਹ ਝੂਠ ਨੂੰ ਸਮੇਂ-ਸਮੇਂ 'ਤੇ ਦੁਹਰਾਇਆ ਜਾਂਦਾ ਰਿਹਾ ਹੈ। 1920-30 ਵਿੱਚ ਵੀ ਹਿੰਦੂ-ਫਾਸੀਵਾਦੀਆਂ ਨੇ ਮੁਸਲਮਾਨ ਗੁੰਡਿਆਂ ਦੁਆਰਾ ਹਿੰਦੂ ਔਰਤਾਂ ਦੇ ਧਰਮ ਬਦਲਾਉਣ ਦੇ ਛੋਛੇ ਛੱਡੇ ਸਨ ਪਰ ਉਦੋਂ 'ਲਵ-ਜਿਹਾਦ' ਸ਼ਬਦ ਦੀ ਵਰਤੋਂ ਨਹੀਂ ਹੋਈ ਸੀ। 1920-30 ਵਿੱਚ ਵੀ ਜੋ ਹਿੰਦੂ ਔਰਤਾਂ ਨੇ ਮੁਸਲਮਾਨ ਜਾਂ ਹੋਰ ਧਰਮਾਂ ਦੇ ਮੁੰਡਿਆਂ ਨਾਲ਼ ਵਿਆਹ ਕੀਤੇ ਸਨ, ਉਹ ਔਰਤਾਂ ਸਨ ਜੋ ਹਿੰਦੂ ਸਮਾਜ ਵਿੱਚ ਹਾਸ਼ੀਏ 'ਤੇ ਸਨ ਭਾਵ ਵਿਧਵਾਵਾਂ, ਦਲਿਤ ਔਰਤਾਂ ਤੇ ਵੇਸ਼ਵਾਵਾਂ ਆਦਿ ਪਰ ਉਹਨਾਂ ਨੇ ਵੀ ਆਪਣੀ ਮਰਜ਼ੀ ਨਾਲ਼ ਵਿਆਹ ਕਰਵਾਏ ਸਨ। ਉਦੋਂ ਹਿੰਦੂਆਂ ਵਿੱਚ ਵਿਧਵਾ ਵਿਆਹ ਵਰਜਿਤ ਸੀ। ਉਦੋਂ ਵੀ ਇਹਨਾਂ ਜਥੇਬੰਦੀਆਂ ਨੇ ਬਹੁਤ ਹੀ ਭੜਕਾਊ ਭਾਸ਼ਣ ਦਿੱਤੇ ਸਨ। ਪਰ ਉਦੋਂ ਵੀ ਅਜਿਹੇ ਕੇਸ ਦਾ ਕੋਈ ਤੱਥ ਨਹੀਂ ਮਿਲਿਆ ਸੀ ਜਿਸ ਵਿੱਚ ਜਬਰੀ ਧਰਮ ਬਦਲੀ ਹੋਈ ਹੋਵੇ। ਇਸ ਤੋਂ ਇਲਾਵਾ ਮੁਸਲਮਾਨਾਂ ਦੀ ਵਸੋਂ ਵਧਣ ਤੇ ਹਿੰਦੂਆਂ ਦੀ ਵਸੋਂ ਘਟਣ ਦੇ ਜੋ ਛੋਛੇ ਛੱਡੇ ਗਏ ਸਨ ਜੋ ਕਿ ਹੁਣ ਵੀ ਛੱਡੇ ਜਾ ਰਹੇ ਹਨ। ਉਹ 2011 ਦੀ ਜਨਗਣਨਾ ਦੇ ਅੰਕੜੇ ਦੇਖ ਕੇ ਕੋਈ ਵੀ ਬੰਦਾ ਇਹਨਾਂ ਦੇ ਝੂਠ ਨੂੰ ਸਮਝ ਸਕਦਾ ਹੈ। ਸੰਘੀਆਂ ਦੇ ਇਹ ਝੂਠ ਅੱਜ ਸ਼ਰੇਆਮ ਨੰਗੇ ਹੋ ਚੁੱਕੇ ਹਨ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਜਿੱਥੇ ਵੀ ਫਿਰਕੂ-ਫਾਸੀਵਾਦੀ ਸੱਤਾ 'ਚ ਆਏ ਹਨ ਤਾਂ ਉਹਨਾਂ ਨੇ ਘੱਟ-ਗਿਣਤੀਆਂ ਨੂੰ ਹਮੇਸ਼ਾ ਨਿਸ਼ਾਨਾ ਬਣਾਇਆ ਹੈ।

ਇਸ ਤੋਂ ਬਿਨਾਂ ਸੰਘੀ ਜੋ 'ਔਰਤਾਂ ਨੂੰ ਘਰ 'ਚ ਰਹਿਣਾ ਚਾਹੀਦਾ', 'ਪਤੀ ਦੀ "ਸੇਵਾ" ਕਰਨੀ ਚਾਹੀਦੀ ਹੈ', 'ਬੱਚੇ ਸੰਭਾਲਣੇ ਚਾਹੀਦੇ ਹਨ', 'ਮਰਿਆਦਾ 'ਚ ਰਹਿਣਾ ਚਾਹੀਦਾ ਹੈ' ਆਦਿ ਸਮੇਂ-ਸਮੇਂ 'ਤੇ ਬਿਆਨ ਜਾਰੀ ਕਰਦੇ ਹਨ ਉਹ ਉਹੀ ਪੁਰਾਣੇ ਘਸੇ ਹੋਏ ਹਿਟਲਰੀ ਰਾਗ ਹਨ ਜੋ ਅੱਜ ਵੀ ਅਲਾਪੇ ਜਾ ਰਹੇ ਹਨ। ਪੰਜਾਬ ਵਿੱਚ ਵੀ ਜਦ ਸਿੱਖ ਕੱਟੜਪੰਥੀ ਫਿਰਕੂ ਫਾਸੀਵਾਦ ਉੱਭਰਿਆ ਸੀ ਤਾਂ ਉਹਨਾਂ ਨੇ ਵੀ ਔਰਤ 'ਤੇ ਅਜਿਹੀਆਂ ਹੀ ਪਾਬੰਦੀਆਂ ਦੇ ਨਿਯਮ ਘੜੇ ਸਨ। ਇਹਨਾਂ ਤੋਂ ਪ੍ਰਭਾਵਿਤ ਹੋ ਕੇ ਕਈ ਵਾਰ ਤਾਂ ਲਕਸ਼ਮੀ ਕਾਂਤਾ ਚਾਵਲਾ ਵਰਗੀ ਵੀ ਔਰਤਾਂ ਨੂੰ ਮਰਿਆਦਾ ਦੇ "ਉਪਦੇਸ਼" ਦੇਣ ਲੱਗ ਜਾਂਦੀ ਹੈ। ਇਸ ਤੋਂ ਬਿਨਾਂ ਸੰਘੀ ਫਾਸੀਵਾਦੀਆਂ ਦੀ ਕਿਸੇ ਵੀ ਜਥੇਬੰਦੀ ਜਿਵੇਂ ਆਰਐਸਐਸ ਆਦਿ ਦੀ ਕੋਰ ਕਮੇਟੀ ਵਿੱਚ ਕਦੇ ਵੀ ਔਰਤਾਂ ਜਾਂ ਦਲਿਤਾਂ ਨੂੰ ਨਹੀਂ ਲਿਆ ਜਾਂਦਾ। ਇਹ ਨੀਤੀ ਇਹਨਾਂ ਦੀ ਮੁੱਖ ਜਥੇਬੰਦੀ ਆਰਐਸਐਸ ਦੇ ਬਣਨ ਦੇ ਸਮੇਂ ਤੋਂ ਹੀ ਰਹੀ ਹੈ ਜੋ ਅੱਜ ਵੀ ਜਾਰੀ ਹੈ। ਭਾਵ ਸੰਘੀ ਫਾਸੀਵਾਦੀ ਸਿਧਾਂਤਕ ਤੌਰ 'ਤੇ ਹੀ ਔਰਤਾਂ ਨੂੰ ਦੋਇਮ ਦਰਜੇ ਦਾ ਸ਼ਹਿਰੀ ਸਮਝਦੇ ਹਨ।

ਇੱਕ ਇਹ ਗੱਲ ਵੀ ਸਮਝਣ ਵਾਲ਼ੀ ਹੈ ਕਿ ਫਾਸੀਵਾਦ (ਚਾਹੇ ਕਿਸੇ ਵੀ ਧਰਮ, ਨਸਲ ਜਾਂ ਫਿਰਕੇ ਦਾ) ਵੀ ਬੁਰਜੂਆ ਸੱਤਾ ਦਾ ਇੱਕ ਰੂਪ ਹੈ ਜੋ ਆਮ ਕਿਰਤੀ ਲੋਕਾਂ ਨੂੰ ਜ਼ਬਰ ਤੇ ਡੰਡੇ ਦੇ ਜ਼ੋਰ ਨਾਲ਼ ਲੁੱਟਣ ਤੇ ਨਿਚੋੜਣ ਦਾ ਸੰਦ ਹੈ ਅਤੇ ਧਰਮ, ਜਾਤ, ਨਸਲ, ਫਿਰਕੇ ਆਦਿ ਦੀ ਆੜ ਵਿੱਚ ਜਿਸਦਾ ਅਸਲ ਨਿਸ਼ਾਨਾ ਅੰਤਿਮ ਤੌਰ 'ਤੇ ਆਮ-ਕਿਰਤੀ ਲੋਕ ਹੀ ਹੁੰਦੇ ਹਨ, ਦੰਗਿਆ, ਧਰਮ-ਬਦਲੀ, ਨਸਲ ਸ਼ੁੱਧੀ ਆਦਿ ਜੁਮਲਿਆਂ ਦੀ ਆੜ ਵਿੱਚ ਅਸਲ ਵਿੱਚ ਹਾਕਮ ਜਮਾਤਾਂ ਆਪਣੇ ਜਮਾਤੀ ਹਿੱਤ ਹੀ ਸਾਧਦੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਫਿਰਕੂ-ਫਾਸੀਵਾਦ (ਭਾਵੇਂ ਕਿਸੇ ਧਰਮ, ਫਿਰਕੇ, ਜਾਤ ਜਾਂ ਨਸਲ ਦਾ ਹੋਵੇ) ਉਹ ਜੋਕ ਹੈ ਜੋ ਔਰਤ 'ਚੋਂ ਨਿੱਜਤਾ, ਅਜ਼ਾਦੀ ਆਦਿ ਹਰ ਤਰ੍ਹਾਂ ਦੇ ਜਮਹੂਰੀਅਤ ਦੇ ਰਤ ਨੂੰ ਚੂਸ ਕੇ ਉਸਨੂੰ ਮੱਧਯੁਗੀ ਮਰਿਆਦਾ ਦੀ ਉਹ "ਸੀਲ ਦੇਵੀ" ਬਣਾ ਦੇਣਾ ਚਾਹੁੰਦਾ ਹੈ ਜੋ ਘਰ ਦੀ ਚਾਰਦੀਵਾਰੀ 'ਚ ਕੈਦ ਰਹਿੰਦੀ ਹੋਈ ਪਤੀ ਦੀ ਸੇਵਾ ਕਰੇ। ਭਾਵੇਂ ਕਿ ਇਸ ਫਿਰਕੂ-ਫਾਸੀਵਾਦੀ ਜੋਕਾਂ ਤੋਂ ਔਰਤ ਦੀ ਅਜ਼ਾਦੀ ਸਮੁੱਚੇ ਸਰਮਾਏਦਾਰਾ ਪੈਦਾਵਾਰੀ ਸਬੰਧਾਂ ਦੇ ਖ਼ਾਤਮੇ ਨਾਲ਼ ਜੁੜੀ ਹੋਈ ਹੈ ਜੋ ਔਰਤ ਦੀ ਸਸਤੀ ਕਿਰਤ ਸ਼ਕਤੀ, ਉਸਦੇ ਜਿਸਮਾਨੀ ਸੁਹੱਪਣ, ਉਸਦੀ ਰੁਚੀਆਂ, ਖ਼ਾਹਸ਼ਾਂ, ਉਮੰਗਾਂ, ਸਧਰਾਂ, ਚਾਵਾਂ-ਮਲਾਰਾਂ, ਨਿੱਜਤਾ, ਪਿਆਰ, ਜੀਵਨ ਸਾਥੀ ਚੁਣਨ ਦੀ ਅਜ਼ਾਦੀ ਆਦਿ ਹਰ ਚੀਜ਼ ਦਾ ਜਿਣਸੀਕਰਨ ਕਰਦਾ ਹੈ ਅਤੇ ਅਖੌਤੀ ਅਜ਼ਾਦੀ ਦੀ ਗੱਲ ਕਰਦੇ ਹੋਏ ਅਸਲ਼ੀਅਤ ਦੇ ਪੱਧਰ 'ਤੇ ਉਸਨੂੰ ਦੁਵੱਲੇ ਦਰਜੇ ਦੀ ਸ਼ਹਿਰੀ ਬਣਾਈ ਰੱਖਣ ਦਾ ਪੱਖਪਾਤੀ ਹੈ; ਪਰ ਫੌਰੀ ਤੌਰ 'ਤੇ ਔਰਤਾਂ ਨੂੰ ਇਹਨਾਂ ਫਿਰਕੂ ਜੋਕਾਂ ਪ੍ਰਤੀ ਜਥੇਬੰਦ ਹੋਣਾ ਪਵੇਗਾ। ਫਿਰਕੂ-ਫਾਸੀਵਾਦੀ ਸੱਤਾ ਦੇ ਰੂਪਾਂ ਕਨੂੰਨ, ਕਚਹਿਰੀਆਂ ਆਦਿ ਤੋਂ ਆਸਾਂ ਹਟਾ ਕੇ ਆਪਣੀ ਰੱਖਿਆ ਲਈ ਖ਼ੁੱਦ ਅੱਗੇ ਆਉਣਾ ਪਵੇਗਾ ਅਤੇ ਮੱਧਯੁਗੀ ਬਰਬਰਤਾ ਤੇ ਔਰਤ ਵਿਰੋਧੀ ਮਾਨਸਿਕਤਾ ਤੇ ਨਿਯਮਾਂ ਨੂੰ ਵੰਗਾਰਣਾ ਹੋਵੇਗਾ ਜੋ ਔਰਤ ਨੂੰ ਇੱਕ ਅਜ਼ਾਦ ਮਨੁੱਖੀ ਹੋਂਦ ਮੰਨਣ ਤੋਂ ਇਨਕਾਰੀ ਹੁੰਦੇ ਹੋਏ ਉਸਨੂੰ 'ਮਰਦ ਦੀ ਗ਼ੁਲਾਮ' ਤੇ 'ਬੱਚੇ ਪੈਦਾ ਕਰਨ ਦੀ ਮਸ਼ੀਨ' ਵਿੱਚ ਬਦਲਣਾ ਚਾਹੁੰਦੇ ਹਨ।

ਨਵ-ਜਾਗਰਣ, ਗਿਆਨ ਪ੍ਰਸਾਰ ਦੀਆਂ ਨਾਇਕਾਂ ਤੋਂ ਪ੍ਰੇਰਣਾ ਲੈਂਦੇ ਹੋਏ ਅੱਗੇ ਵੱਧ ਕੇ ਇਸ ਔਰਤ ਵਿਰੋਧੀ ਮਾਨਸਿਕਤਾ, ਪਿੱਤਰ ਸੱਤਾ, ਤੇ ਫਾਸੀਵਾਦੀ ਸੱਤਾ ਨੂੰ ਲਹਿਰਾਂ ਬਣ ਕੇ ਵੰਗਾਰ ਦੇਣੀ ਹੋਵੇਗੀ। ਜੋ ਔਰਤਾਂ ਆਪਣੇ ਹੱਕਾਂ ਪ੍ਰਤੀ ਸੁਚੇਤ ਹਨ ਉਹਨਾਂ ਨੂੰ ਹੋਰਾਂ ਔਰਤਾਂ ਦੀ ਗ਼ੁਲਾਮੀ ਨੂੰ ਤੋੜਣ ਲਈ ਕੰਮ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾਂ ਔਰਤਾਂ ਦੀ ਇਸ ਲੜਾਈ ਵਿੱਚ ਅਗਾਂਹਵਧੂ, ਸੰਵੇਦਨਸ਼ੀਲ ਨੌਜਵਾਨਾਂ ਤੇ ਹਰ ਉਸ ਇਨਸਾਨ ਨੂੰ ਭਾਈਵਾਲ ਬਣਨਾ ਚਾਹੀਦਾ ਹੈ ਜੋ ਇਸ ਬਰਬਰਤਾ ਤੋਂ ਮਨੁੱਖਤਾ ਨੂੰ ਅਜ਼ਾਦ ਦੇਖਣਾ ਚਾਹੁੰਦਾ ਹੈ। ਔਰਤਾਂ ਨੂੰ ਕੇਵਲ ਇੱਥੇ ਹੀ ਨਾ ਰੁਕਦੇ ਹੋਏ, ਪੁਨਰਜਾਗਰਨ ਤੇ ਪ੍ਰਬੋਧਨ ਤੋਂ ਵੀ ਅੱਗੇ ਵੱਧ ਕੇ ਆਪਣੀ ਲੜਾਈ ਨੂੰ ਕਿਰਤੀ ਲੋਕਾਂ ਦੀ ਲੜਾਈ ਨਾਲ਼ ਜੋੜਣਾ ਹੋਵੇਗਾ ਅਤੇ ਇਸ ਸਾਮਰਾਜੀ ਦੌਰ ਵਿੱਚ ਫਾਸੀਵਾਦੀ ਤਾਕਤਾਂ ਦੁਆਰਾ ਔਰਤਾਂ 'ਤੇ ਥੋਪੀਆਂ ਜਾ ਰਹੀਆਂ ਮੱਧਯੁਗੀ-ਬਰਬਰਤਾਵਾਂ ਦੀ ਕਬਰ ਵਿੱਚ ਆਪਣੀ ਅਜ਼ਾਦੀ ਦਾ ਝੰਡਾ ਗੱਡਦੇ ਹੋਵੇ ਸੰਸਾਰ ਵਿੱਚ ਖਰੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਕਰਨਾ ਹੋਵੇਗਾ ਜਿਹਨਾਂ ਦਾ ਹਰ ਕਿਨਕਾ ਅੱਜ ਮੰਡੀ ਦੀ ਬੇਲਗਾਮ ਤਾਕਤ ਦੇ ਹੱਥ ਹੈ।

## ਫੇਸਬੁੱਕੀ ਵੀਰ ਧਿਆਨ ਦੇਣ...

ਅਸੀਂ ਰੋਜ ਰੋਜ ਗਾਇਕ ਗਾਇਕਾਵਾਂ ਕਵੀਆਂ ਦੀਆਂ ਲਿਖਤਾਂ ਸ਼ੇਅਰ ਕਰਦੇ ਪਰ ਆਹ ਗਰੀਬ ਧੀਆਂ ਪੁੱਤ ਜੋ ਆਪਣੇ ਗੁਣਾਂ ਨਾਲ ਪੂਰੇ ਦੇਸ਼ ਦਾ ਨਾਮ ਰੋਸ਼ਨ ਕਰਦੇ ਨੇ ਜਿਹਨਾਂ ਨੂੰ ਸੱਚੀਂ ਸਾਡੀ ਸੁਪੋਰਟ ਦੀ ਲੋੜ ਆ ਉਹਨਾ ਨੂੰ ਵੀ ਮਦਦਗਾਰਾਂ ਤੱਕ ਪਹੁੰਚਾਉ। ਇਹਨਾਂ ਨੂੰ ਮਸ਼ਹੂਰ ਕਰ ਦਿਉ ਤਾਂ ਕਿ ਇਹ ਹੋਰ ਮਿਹਨਤ ਕਰਕੇ ਦੇਸ਼ ਦਾ ਨਾਮ ਰੋਸ਼ਨ ਕਰਨ।

ਮੇਰੇ ਨਾਲ "ਸੋਨ ਪਰੀ" ਨੈਸ਼ਨਲ ਖੇਡਾਂ 'ਚ 2015-16 ਦੀ ਗੋਲਡ ਮੈਡਲਿਸਟ ਪਿਆਰੀ ਬੇਟੀ ਇੰਦਰਜੀਤ ਕੌਰ ਤੇ ਉਸ ਦੇ ਪਿਤਾ ਜੀ ਸ੍ਰੀ ਬਾਘੜ ਰਾਮ ਜੀ.. ਅੱਜ ਮਿਲਕੇ ਬਹੁਤ ਚੰਗਾ ਲੱਗਿਆ .. ਬਹੁਤ ਹੀ ਜ਼ਿਆਦਾ ਮੁਸ਼ਕਲਾਂ 'ਚੋਂ ਲੰਘ ਕੇ ...ਇੱਥੋਂ ਤੱਕ ਪਹੁੰਚੀ ਹੈ ਇਹ ਹੋਣਹਾਰ ਧੀ ਰਾਣੀ। ਇਸ ਬੱਚੀ ਦੀ ਬਦਕਿਸਮਤੀ ਕਹਿ ਲਓ ਜਿਸ ਸਕੂਲ ਦਾ ਨਾਮ ਰੌਸ਼ਨ ਕੀਤਾ ਉਸ ਸਕੂਲ ਦਾ ਸਟਾਫ ਹਾਲੇ ਤੱਕ ਵਧਾਈਆਂ ਨਹੀਂ ਦੇ ਸਕਿਆ। ਇਸ ਦੀਆਂ ਪ੍ਰਾਪਤੀਆ ਕੋਈ ਘੱਟ ਨਹੀਂ। ਪਰ ਗਰੀਬੀ ਬਹੁਤ ਵੱਡੀ ਸਮੱਸਿਆ ਬਣੀ ਹੈ ਇਸ ਦੇ ਰਾਹਾਂ 'ਚ। ਇਸ ਬੱਚੀ ਦਾ ਪਿੰਡ ਭਾਗਸਰ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ 'ਚ ਹੈ ਜੀ। ਇਹ ਬੱਚੀ ਨੂੰ ਮਦਦ ਦੀ ਬਹੁਤ ਜ਼ਰੂਰਤ ਹੈ ਜੀਓ..

1. ਗੋਲਡ ਮੈਡਲ : 2015-16 ਰੋਪੜ
2. ਸਿਲਵਰ ਮੈਡਲ : 2014-15 ਛਤੀਸਗੜ੍ਹ
3. ਸਿਲਵਰ ਮੈਡਲ : 2013-14 ਨੇਪਾਲ



4. ਸਿਲਵਰ ਮੈਡਲ : 2013 ਬਠਿੰਡਾ
5. ਬਰਾਊਨ ਮੈਡਲ : 2013 ਸ਼੍ਰੀ ਮੁਕਤਸਰ ਸਾਹਿਬ
6. ਬਰਾਊਨ ਮੈਡਲ : 2015 ਚੰਡੀਗੜ੍ਹ
7. ਸਿਲਵਰ ਮੈਡਲ : 2014 ਦਮਨ
8. ਬਰਾਊਨ ਮੈਡਲ : 2014-15 ਮੁਹਾਲੀ
9. ਸਿਲਵਰ ਮੈਡਲ : 2010 ਮੁਕਤਸਰ ਸਾਹਿਬ
10. ਸਿਲਵਰ ਮੈਡਲ : 2010 ਸ਼੍ਰੀ ਮੁਕਤਸਰ ਸਾਹਿਬ
11. ਗੋਲਡ ਮੈਡਲ : 2014 ਮੁਕਤਸਰ ਸਾਹਿਬ
12. ਗੋਲਡ ਮੈਡਲ : 2011 ਮੁਕਤਸਰ ਸਾਹਿਬ
13. ਗੋਲਡ ਮੈਡਲ : 2015-16- ਸੰਗਰੂਰ
14. ਸਿਲਵਰ ਮੈਡਲ : 2009-10 ਮੁੰਬਈ

ਮੈਨੂੰ ਬਹੁਤ ਖੁਸ਼ੀ ਹੋਈ ਇਸ ਬੱਚੀ ਨੂੰ ਮਿਲਕੇ...!

# Rally against Hindutva terror held in Surrey




Braving cold weather, South Asian activists gathered at Holland Park in Surrey on Sunday to demonstrate against the growing threat of Hindutva terrorism in India.

Organized by Radical Desi – the rally was held in commemoration of the fifteen years of Gujarat massacre and ten years of Samjhauta blast.

The anti Muslim pogrom had rocked Gujarat state of India in February 2002 following the burning of a train carrying Hindu pilgrims. More than 50 passengers had died in the incident that was blamed on Muslim fundamentalists by the Hindu nationalist Bhartiya Janata Party (BJP) government led by Narendra Modi. As a result, anti Muslim violence broke out across the province. Both survivors and the human rights activists continue to allege Modi's complicity in the massacre as justice alludes the victims' families. Modi who is the current Prime Minister of India was never charged or convicted for these crimes, although he was denied visa by various countries until he was elected as Prime Minister in 2014.

On February 18, 2007 – Samjhauta rail that connects India and Pakistan was targeted by the Hindu extremists. The incident had left 68 people dead. Majority of the victims were Pakistani Muslims. According to media reports, the Modi government is exerting pressure on the prosecution to dilute the cases against those involved in the bombing of the train.

The speakers at the event unanimously condemned growing attacks on religious minorities in India under Modi government. They sought justice for the victims of Gujarat massacre and those who died in the Samjhauta incident.

Ban on the Hindutva terror groups was also sought by those in attendance. They believe that the experimentation of sectarian politics that was blatantly practiced in Gujarat fifteen years ago, is now being implemented all over India.

Among those who spoke on the occasion were Shahzad Nazir Khan of Committee of Progressive Pakistani Canadians, Imtiaz Popat from Coalition Against Bigotry, Jarnail Singh Artist, prominent progressive poet Amrit Diwana and an independent journalist and the director of Radical Desi, Gurpreet Singh.

A famous painting of Jarnail Singh dedicated to the victims of Samjhauta blast was on the display. His painting depicts Pakistani flag scarred by 68 blood spots that represent the victims of the crime.

Slogans were also raised against Hindutva terror and religious fanaticism at the rally.

# ਸੁਧਾਰ ਦੇ ਨਾਮ 'ਤੇ ਮੈਡੀਕਲ ਸਿੱਖਿਆ ਨੂੰ ਬਰਬਾਦ ਕਰਨ ਦੀ ਤਿਆਰੀ

- ਡਾ . ਨਵਮੀਤ

ਮਾਰਚ 2016 ਵਿੱਚ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਦੁਆਰਾ ਕਾਇਮ ਸੰਸਦੀ ਕਮੇਟੀ ਨੇ ਦੇਸ਼ ਵਿੱਚ ਮੈਡੀਕਲ ਸਿੱਖਿਆ ਦੀ ਲਗਾਤਾਰ ਖ਼ਰਾਬ ਹੋ ਰਹੀ ਹਾਲਤ ਉੱਤੇ ਰਿਪੋਰਟ ਸੌਂਪੀ ਸੀ। ਰਿਪੋਰਟ ਵਿੱਚ ਮੁੱਖ ਜ਼ੋਰ 'ਮੈਡੀਕਲ ਕੌਂਸਲ ਆਫ ਇੰਡੀਆ' (ਐੱਮਸੀਆਈ) ਯਾਨੀ ਭਾਰਤੀ ਸਿਹਤ ਪਰੀਸ਼ਦ ਅਤੇ ਇਸਦੀ ਕਾਰਜਪ੍ਰਣਾਲੀ ਉੱਤੇ ਦਿੱਤਾ ਗਿਆ ਹੈ। ਕਿਸੇ ਵੀ ਦੇਸ਼ ਵਿੱਚ ਮੈਡੀਕਲ ਸਿੱਖਿਆ ਨੂੰ ਲਾਗੂ ਕਰਨ ਅਤੇ ਇਸਦਾ ਪੱਧਰ ਦੇਖਣ ਲਈ ਵਿਸ਼ੇਸ਼ ਧਾਰਾ ਹੁੰਦੀ ਹੈ। ਸਾਡੇ ਦੇਸ਼ ਵਿੱਚ ਇਹ ਕੰਮ ਐੱਮਸੀਆਈ ਕਰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਮੈਡੀਕਲ ਸਿੱਖਿਆ ਦਾ ਢਾਂਚਾ ਖ਼ਰਾਬ ਹੋ ਚੁੱਕਿਆ ਹੈ ਅਤੇ ਇਸਦੇ ਲਈ ਐੱਮਸੀਆਈ ਦਾ ਮੌਜੂਦਾ ਸੰਵਿਧਾਨ ਜ਼ਿੰਮੇਦਾਰ ਹੈ। ਜਿਸ ਸਮੇਂ ਇਹ ਰਿਪੋਰਟ ਤਿਆਰ ਹੋ ਰਹੀ ਸੀ ਓਸੇ ਸਮੇਂ ਸਰਕਾਰ ਨੇ ਨੀਤੀਆਯੋਗ ਦੀ ਦੇਖਰੇਖ ਵਿੱਚ ਭਾਰਤੀ ਸਿਹਤ ਪਰੀਸ਼ਦ ਐਕਟ 1956 ਦੀ ਸਮੀਖਿਆ ਲਈ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ। 7 ਅਗਸਤ ਤੱਕ ਇਸ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰ ਲਈ। ਕਮੇਟੀ ਨੇ ਸੁਝਾਅ ਦਿੱਤਾ ਕਿ ਪੁਰਾਣੇ ਐੱਮਸੀਆਈ ਐਕਟ ਨੂੰ ਖ਼ਤਮ ਕਰ ਦਿੱਤਾ ਜਾਵੇ ਅਤੇ ਇੱਕ ਕੌਮੀ ਸਿਹਤ ਕਮਿਸ਼ਨ ਦਾ ਗਠਨ ਕੀਤਾ ਜਾਵੇ। ਕਮੇਟੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੇਸ਼ ਵਿੱਚ ਚੰਗੀਆਂ ਸਿਹਤ ਸੇਵਾਵਾਂ ਲਈ ਚੰਗੀ ਸਿਹਤ ਸਿੱਖਿਆ ਦਾ ਹੋਣਾ ਬਹੁਤ ਜ਼ਰੂਰੀ ਹੈ। ਚੰਗੀ ਸਿਹਤ ਸਿੱਖਿਆ ਲਈ ਇੱਕ ਲਚਕੀਲਾ ਅਤੇ ਕਾਰਜਸ਼ੀਲ ਫਰੇਮਵਰਕ ਹੋਣਾ ਜ਼ਰੂਰੀ ਹੈ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਐੱਮਸੀਆਈ ਐਕਟ ਇਸ ਚੀਜ਼ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ ਪਰ ਇਹ ਸਮੇਂ ਦੇ ਨਾਲ਼ ਨਹੀਂ ਚੱਲ ਪਾ ਰਿਹਾ। ਰਿਪੋਰਟ ਅਨੁਸਾਰ ਪੂਰੇ ਹੀ ਢਾਂਚੇ ਵਿੱਚ ਏਨ੍ਹੇ ਨੁਕਸ ਹਨ ਕਿ ਇਸ ਤੋਂ ਮੈਡੀਕਲ ਸਿੱਖਿਆ ਅਤੇ ਸਿਹਤ ਸੇਵਾਵਾਂ ਦੋਨੋਂ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਨੀਤੀ ਕਮਿਸ਼ਨ ਦੀ ਇਸ ਕਮੇਟੀ ਦੇ ਸੁਝਾਅ ਮੁੱਖ ਤੌਰ 'ਤੇ ਸੰਸਦੀ ਸਟੈਂਡਿੰਗ ਕਮੇਟੀ ਅਤੇ ਰਣਜੀਤ ਰਾਏ ਚੌਧਰੀ ਐਕਸਪਰਟ ਕਮੇਟੀ (ਜੁਲਾਈ, 2015) ਦੀਆਂ ਰਿਪੋਰਟਾਂ ਉੱਤੇ ਅਧਾਰਿਤ ਹਨ। ਕਮੇਟੀ ਨੇ ਇੱਕ ਰੈਗੁਲੇਟਰੀ ਸਟਰਕਚਰ ਯਾਨੀ ਨਿਯਮਤ ਢਾਂਚੇ ਦੀ ਉਸਾਰੀ ਦਾ ਸੁਝਾਅ ਦਿੱਤਾ ਹੈ ਅਤੇ ਨਾਲ਼ ਹੀ ਇਹ ਵੀ ਕਿ ਇੱਕ ਨਵੇਂ ਐਕਟ ਜ਼ਰੀਏ ਕੌਮੀ ਮੈਡੀਕਲ ਕਮਿਸ਼ਨ ਦਾ ਗਠਨ ਕੀਤਾ ਜਾਵੇ। ਸੰਸਦੀ ਕਮੇਟੀ ਨੇ ਵੀ ਕੇਂਦਰ ਸਰਕਾਰ ਨੂੰ ਵਿਆਪਕ ਸੁਧਾਰਾਂ ਦਾ ਸੁਝਾਅ ਦਿੱਤਾ ਸੀ। ਸੰਸਦੀ ਕਮੇਟੀ ਨੇ ਕਿਹਾ ਸੀ ਕਿ ਐੱਮਸੀਆਈ ਉੱਤੇ ਹੋਰ ਜ਼ਿਆਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਐੱਮਸੀਆਈ ਦੇ ਮੌਜੂਦਾ ਢਾਂਚੇ ਅਤੇ ਕਾਰਜ਼ਪ੍ਰਣਾਲੀ ਦੇ ਚਲਦਿਆਂ ਦੇਸ਼ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਚੰਗੇ ਤਰੀਕੇ ਨਾਲ਼ ਮਿਲ ਨਹੀਂ ਪਾ ਰਹੀਆਂ। ਇਸ ਲਈ ਸਰਕਾਰ ਨੂੰ ਮੈਡੀਕਲ ਸਿੱਖਿਆ ਵਿੱਚ ਮੌਜੂਦ ਬੁਰਾਈਆਂ ਨੂੰ ਦੂਰ ਕਰਨ ਅਤੇ ਮੈਡੀਕਲ ਸਿੱਖਿਆ ਦੇ ਪੱਧਰ ਨੂੰ ਕੌਮਾਂਤਰੀ ਮਾਨਕਾਂ ਤੱਕ ਚੁੱਕਣ ਲਈ ਇਸਦੇ ਪੂਰੇ ਢਾਂਚੇ ਵਿੱਚ ਰੈਡੀਕਲ ਸੁਧਾਰ ਕਰਨੇ ਪੈਣਗੇ। ਨੀਤੀ ਕਮਿਸ਼ਨ ਦੀ ਇਸ ਕਮੇਟੀ ਨੇ ਸੁਪ੍ਰੀਮ ਕੋਰਟ ਦੇ ਮਈ 2016 ਵਿੱਚ ਆਏ ਫੈਸਲੇ ਦਾ ਹਵਾਲਾ ਦਿੱਤਾ ਸੀ ਜਿਸ ਵਿੱਚ ਕੋਰਟ ਨੇ ਰਣਜੀਤ ਰਾਏ ਕਮੇਟੀ ਦੇ ਸੁਝਾਵਾਂ ਉੱਤੇ ਅਮਲ ਕਰਨ ਦਾ ਹੁਕਮ ਦਿੱਤਾ ਸੀ।

ਖੈਰ ਪ੍ਰਸਤਾਵਿਤ ਢਾਂਚੇ ਅਨੁਸਾਰ ਮੈਡੀਕਲ ਸਿੱਖਿਆ ਦਾ ਕੌਮੀ ਏਜੰਡਾ ਤੈਅ ਕਰਨ ਲਈ ਇੱਕ ਮੈਡੀਕਲ ਐਡਵਾਇਜਰੀ ਕੌਂਸਲ ਦੀ ਸਥਾਪਨਾ ਕੀਤੀ ਜਾਣੀ ਹੈ ਜਿਸ ਵਿੱਚ ਸੂਬਿਆਂ ਅਤੇ ਸਮੂਹ ਖੇਤਰਾਂ ਦੀ ਵੀ ਤਰਜਮਾਨੀ ਹੋਵੇਗੀ। ਕੌਮੇ ਮੈਡੀਕਲ ਕਮਿਸ਼ਨ ਇੱਕ ਨੀਤੀ ਨਿਰਧਾਰਕ ਬਾਡੀ ਦੀ ਤਰ੍ਹਾਂ ਕੰਮ ਕਰੇਗੀ ਜਿਸਦੇ ਮੈਬਰਾਂ ਅਤੇ ਪ੍ਰਧਾਨ ਦੀ ਚੋਣ ਕੇਂਦਰ ਸਰਕਾਰ ਕਰੇਗੀ। ਇਸ ਤਰ੍ਹਾਂ ਇਸ ਵਿੱਚ ਮੁੱਖ ਸ਼ਕਤੀ ਕੇਂਦਰ ਸਰਕਾਰ ਦੇ ਕੋਲ ਰਹੇਗੀ। ਨਾਲ ਹੀ ਇਹ ਦਰਜੇਬੰਦ ਮੈਡੀਕਲ ਸਿੱਖਿਆ, ਪਰਾ-ਦਰਜੇਬੰਦ ਮੈਡੀਕਲ ਸਿੱਖਿਆ, ਮੈਡੀਕਲ ਸੰਸਥਾਵਾਂ ਦੀ ਮਾਨਤਾ ਅਤੇ ਮੁਲਾਂਕਣ ਅਤੇ ਇਸ ਪੇਸ਼ੇ ਦੀ ਪ੍ਰੈਕਟਿਸ ਨੂੰ ਨਿਯਮਤ ਕਰਨ ਲਈ ਚਾਰ ਵੱਖ ਵੱਖ ਨਿੱਜੀ ਬੋਰਡਾਂ ਦੇ ਗਠਨ ਨੂੰ ਵੀ ਯਕੀਨੀ ਬਣਾਉਂਦਾ ਹੈ।

ਨੀਤੀ ਕਮਿਸ਼ਨ ਕਮੇਟੀ ਦਾ ਕਹਿਣਾ ਹੈ ਕਿ ਐੱਮਸੀਆਈ ਦਾ ਮੌਜੂਦਾ ਰੂਪ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਲਈ ਇੱਕ ਅੜਿੱਕਾ ਬਣ ਗਿਆ ਹੈ ਜਦੋਂ ਕਿ ਇਸ ਨੇ ਮੈਡੀਕਲ ਸਿੱਖਿਆ ਦੇ ਪੱਧਰ ਵਿੱਚ ਕੋਈ ਸੁਧਾਰ ਨਹੀਂ ਕੀਤਾ ਹੈ। ਇੱਥੇ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਤੋਂ ਮਤਲਬ ਪ੍ਰਾਈਵੇਟ ਸੈਕਟਰ ਅਤੇ ਕਾਰਪੋਰੇਟ ਦੇ ਖਿਡਾਰੀਆਂ ਨਾਲ਼ ਹੈ ਜੋ ਮੈਡੀਕਲ ਸਿੱਖਿਆ ਨੂੰ ਮੁਨਾਫੇ ਲਈ ਇਸਤੇਮਾਲ ਕਰ ਰਹੇ ਹਨ ਜਾਂ ਕਰਨਾ ਚਾਹੁੰਦੇ ਹਨ। ਐੱਮਸੀਆਈ ਦਾ ਮੌਜੂਦਾ ਢਾਂਚਾ ਸੰਸਥਾਵਾਂ ਦੇ ਪਹਿਲਾਂ ਤੋਂ ਤੈਅ ਮਾਮਦੰਡਾ ਦੀ ਬੁਨਿਆਦ ਉੱਤੇ ਹੋਣ ਵਾਲੇ ਨਿਰੀਖਣ ਉੱਤੇ ਅਧਾਰਤ ਹੈ ਅਤੇ ਇਹ ਮੈਡੀਕਲ ਸਿੱਖਿਆ ਦੇ ਪੱਧਰ ਦੀ ਬਜਾਏ ਇੰਫਰਾਸਟਰਕਚਰ ਉੱਤੇ ਜ਼ਿਆਦਾ ਫੋਕਸ ਕਰਦਾ ਹੈ। ਨੀਤੀ ਕਮਿਸ਼ਨ ਦੀ ਕਮੇਟੀ ਅਨੁਸਾਰ ਪਹਿਲਾਂ ਤੋਂ ਮਾਪਦੰਡ ਤੈਅ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ, ਸਿਰਫ ਮੈਡੀਕਲ ਸਿੱਖਿਆ ਦੇ ਪੱਧਰ ਉੱਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਠੀਕ ਹੈ ਕਿ ਮੈਡੀਕਲ ਸਿੱਖਿਆ ਸਮੇਤ ਕਿਸੇ ਵੀ ਖੇਤਰ ਦੀ ਸਿੱਖਿਆ ਦਾ ਪੱਧਰ ਬਹੁਤ ਜ਼ਰੂਰੀ ਚੀਜ਼ ਹੈ ਪਰ ਇੱਥੇ ਨੀਤੀ ਕਮਿਸ਼ਨ ਇੰਫਰਾਸਟਰਕਚਰ ਅਤੇ ਮਾਪਦੰਡਾ ਦੇ ਨਾਲ਼ ਸਿੱਖਿਆ ਦੇ ਪੱਧਰ ਵਿਚਲੇ ਸਬੰਧਾਂ ਨੂੰ ਸਮਝਣ ਵਿੱਚ ਅਸਫ਼ਲ ਰਿਹਾ ਹੈ ਜਾਂ ਫਿਰ ਜਾਣ ਬੁੱਝ ਕੇ ਇਸ ਨੂੰ ਕਿਨਾਰੇ ਕੀਤਾ ਜਾ ਰਿਹਾ ਹੈ। ਬਿਨ੍ਹਾਂ ਇੰਫਰਾਸਟਰਕਚਰ ਨੂੰ ਧਿਆਨ ਵਿੱਚ ਰੱਖੇ ਅਤੇ ਬਿਨ੍ਹਾਂ ਮਾਪਦੰਡ ਤੈਅ ਕੀਤਿਆਂ ਸਿੱਖਿਆ ਦਾ ਪੱਧਰ ਕਿਸ ਤਰ੍ਹਾਂ ਉੱਪਰ ਚੁੱਕਿਆ ਜਾਵੇਗਾ ਇਸਦਾ ਕੋਈ ਜਵਾਬ ਸਰਕਾਰ ਜਾਂ ਨੀਤੀ ਕਮਿਸ਼ਨ ਨਹੀਂ ਦੇ ਪਾ ਰਹੇ ਹਨ। ਇਸ ਤੋਂ ਇਲਾਵਾ ਨੀਤੀ ਕਮਿਸ਼ਨ ਕਹਿ ਰਿਹਾ ਹੈ ਕਿ ਮਾਨਕਾਂ ਉੱਤੇ ਖਰ੍ਹਾ ਨਾਂ ਉੱਤਰਨ ਉੱਤੇ ਕਿਸੇ ਸੰਸਥਾਂ ਦੀ ਮਾਨਤਾ ਰੱਦ ਕਰਨ ਦੀ ਜਰੂਰਤ ਨਹੀਂ ਹੈ। ਹਾਲਾਂ ਕਿ ਇਸ ਤੋਂ ਪਹਿਲਾਂ ਐੱਮਸੀਆਈ ਕੁੱਝ ਹੱਦ ਤੱਕ ਕੁੱਝ ਮੈਡੀਕਲ ਕਾਲਜਾਂ ਦੀ ਮਾਨਤਾ ਮਾਨਕਾਂ ਉੱਤੇ ਖਰ੍ਹੇ ਨਾ ਉੱਤਰਨ ਕਾਰਨ ਰੱਦ ਕਰਦੀ ਆ ਰਹੀ ਸੀ। ਇਸ ਪਿੱਛੇ ਨੀਤੀ ਕਮਿਸ਼ਨ ਦੀ ਕਮੇਟੀ ਦੀ ਦਲੀਲ਼ ਹੈ ਕਿ ਇਸਤੋਂ ਐੱਮਸੀਆਈ ਨੂੰ ਸੰਸਥਾਵਾਂ ਉੱਤੇ ਲੋੜ ਤੋਂ ਜ਼ਿਆਦਾ ਅਤੇ ਨਜ਼ਾਇਜ਼ ਸ਼ਕਤੀਆਂ ਮਿਲਦੀਆਂ ਹਨ। ਜਿਨ੍ਹਾਂ ਦਾ ਇਸਤੇਮਾਲ ਭ੍ਰਿਸ਼ਟਾਚਾਰ ਲਈ ਕੀਤਾ ਜਾਂਦਾ ਹੈ। ਇਸ ਲਈ ਕਮੇਟੀ ਦੀ ਸਿਫਾਰਸ਼ ਹੈ ਕਿ ਸੰਸਥਾਵਾਂ (ਜਿਹਨਾਂ ਵਿੱਚ ਮੁੱਖ ਤੌਰ 'ਤੇ ਪ੍ਰਾਈਵੇਟ ਸੰਸਥਾਵਾਂ ਹੀ ਹੁੰਦੀਆਂ ਹਨ) ਦੀ ਮਾਨਤਾ ਰੱਦ ਕਰਨ ਦੀ ਬਜਾਏ ਰੇਟਿੰਗ ਸਿਸਟਮ ਲਾਗੂ ਕੀਤਾ ਜਾਵੇ। ਇਸੇ ਅਨੁਸਾਰ ਚੰਗੇ ਮਾਨਕਾਂ ਵਾਲੀਆਂ ਸੰਸਥਾਵਾਂ ਨੂੰ ਉੱਚੀ ਰੇਟਿੰਗ ਦਿੱਤੀ ਜਾਵੇ ਅਤੇ ਭੈੜੇ ਮਾਨਕਾਂ ਵਾਲੀਆਂ ਸੰਸਥਾਵਾਂ ਨੂੰ ਹੇਠਾਂ ਵਾਲੀ ਰੇਟਿੰਗ। ਕਮੇਟੀ ਦੀ ਸਿਫਾਰਸ਼ ਹੈ ਕਿ ਨਿਰੀਖਣ



ਦੀ ਬਜਾਏ ਸ਼ਿਕਾਇਤ ਨਿਵਾਰਨ ਤੰਤਰ ਦੀ ਉਸਾਰੀ ਕੀਤਾ ਜਾਵੇ ਅਤੇ ਸੰਸਥਾਵਾਂ ਨੂੰ ਇਹ ਸਾਰੀਆਂ ਕਮੀਆਂ ਦੂਰ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇ। ਜਦੋਂ ਬਹੁਤ ਵਾਰ ਮੌਕਾ ਮਿਲਣ 'ਤੇ ਵੀ ਸੰਸਥਾਵਾਂ ਮਾਨਕਾਂ ਉੱਤੇ ਖਰੀਆਂ ਨਹੀਂ ਉੱਤਰਦੀਆਂ ਤਾਂ ਉਸਦੀ ਮਾਨਤਾ ਰੱਦ ਕਰਨ ਬਾਰੇ ਸੋਚਿਆ ਜਾਵੇ।

ਅਸਲ 'ਚ ਨੀਤੀ ਕਮਿਸ਼ਨ ਕਮੇਟੀ ਦੀਆਂ ਇਹ ਸਾਰੀਆਂ ਸਿਫਾਰਸ਼ਾਂ ਪੂਰੀ ਤਰ੍ਹਾਂ ਬੀਜੇਪੀ ਦੀਆਂ ਨੀਤੀਆਂ ਨਾਲ਼ ਮੇਲ ਖਾਂਦੀਆਂ ਹਨ। ਕਿਰਤ ਕਨੂੰਨਾਂ ਵਿੱਚ ਸੁਧਾਰ ਦੇ ਨਾਮ ਉੱਤੇ ਵੀ ਬੀਜੇਪੀ ਸਰਕਾਰ ਨੇ ਉਨ੍ਹਾਂ ਨੂੰ ਖੋਖਲਾ ਬਣਾ ਦਿੱਤਾ ਸੀ। ਇੱਕ ਸੁਧਾਰ ਜੋ ਸਰਕਾਰ ਨੇ ਕੀਤਾ ਸੀ ਉਹ ਇਹ ਸੀ ਕਿ ਹੁਣ ਸੱਨਅਤਾਂ ਨਿਯਮਾਂ ਦੇ ਪਾਲਣ ਦਾ ਸਵੈਪ੍ਰਮਾਣਪੱਤਰ ਦੇ ਸਕਣਗੀਆਂ, ਮਤਲਬ ਆਪਣੀ ਮਰਜ਼ੀ ਨਾਲ਼ ਆਪਣੇ ਆਪ ਨੂੰ ਸਰਟੀਫੀਕੇਟ। ਅਜਿਹਾ ਹੀ ਕਝ ਸਰਕਾਰ ਮੈਡੀਕਲ ਸਿੱਖਿਆ ਵਿੱਚ ਰੇਟਿੰਗ ਸਿਸਟਮ ਲਾਗੂ ਕਰਕੇ ਕਰਨ ਜਾ ਰਹੀ ਹੈ। ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਸੱਨਅਤਾਂ ਵਾਂਗ ਹੀ ਮੈਡੀਕਲ ਸਿੱਖਿਆ ਵਿੱਚ ਇੰਸਪੈਕਟਰ ਰਾਜ ਚਾਲੂ ਹੈ ਜੋ ਵਿਕਾਸ ਵਿੱਚ ਅੜਿੱਕਾ ਹੈ, ਇਸ ਲਈ ਇਸ ਨੂੰ ਖਤਮ ਕਰਕੇ ਕਾਲਜ ਮਾਲਕਾਂ ਨੂੰ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਵਿਕਾਸ ਦਾ ਰਸਤਾ ਸਾਫ ਹੋ ਸਕੇ। ਨਿਯਮਾਂ ਨੂੰ ਖਤਮ ਕਰਨ ਲਈ ਇੱਕ ਹੋਰ ਦਲੀਲ਼ ਜੋ ਨੀਤੀ ਕਮਿਸ਼ਨ ਦੇ ਰਿਹਾ ਹੈ ਉਹ ਇਹ ਹੈ ਕਿ ਜ਼ਿਆਦਾ ਸਖ਼ਤ ਨਿਯਮ ਟੇਬਲ ਹੇਠੋਂ ਪੈਸੇ ਦੇ ਲੈਣ-ਦੇਣ ਦੇ ਸੱਭਿਆਚਾਰ ਨੂੰ ਹੱਲਾਸ਼ੇਰੀ ਦਿੰਦੇ ਹਨ। ਇਸ ਨੂੰ ਰੋਕਣ ਲਈ ਨਿਯਮਾਂ ਵਿੱਚ ਢਿੱਲ ਦੇਣ ਦੀ ਜਰੂਰਤ ਹੈ। ਸੰਸਦੀ ਕਮੇਟੀ ਨੇ ਵੀ ਕੈਪੀਟੇਸ਼ਨ ਫੀਸ ਦਾ ਮੁੱਦਾ ਚੁੱਕਿਆ ਸੀ ਅਤੇ ਕਿਹਾ ਸੀ ਕਿ ਬਹੁਤੀਆਂ ਥਾਂਵਾ ਉੱਤੇ ਤਾਂ ਇਹ ਬਹੁਤ ਜ਼ਿਆਦਾ ਹੈ। ਅਜਿਹਾ ਲਗਭਗ ਡੇਢ ਦਹਾਕੇ ਤੋਂ ਚੱਲ ਰਿਹਾ ਹੈ ਜਦ ਮੈਡੀਕਲ ਸਿੱਖਿਆ ਇੱਕ ਧੰਦਾ ਬਨਣਾ ਸ਼ੁਰੂ ਹੋਇਆ ਸੀ। ਇਸ ਨੂੰ ਰੋਕਣ ਦੀ ਬਜਾਏ ਨੀਤੀ ਕਮਿਸ਼ਨ ਕਮੇਟੀ ਦਾ ਕਹਿਣਾ ਹੈ ਕਿ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਫੀਸ ਉੱਤੇ ਕੋਈ ਕਾਬੂ ਨਾਂ ਰੱਖਿਆ ਜਾਵੇ। ਇਸਦਾ ਜੋ ਕਾਰਨ ਕਮੇਟੀ ਨੇ ਦੱਸਿਆ ਹੈ ਉਹ ਕਾਫ਼ੀ ਹਸਾਉਣਾ ਹੈ। ਕਮੇਟੀ ਦਾ ਕਹਿਣਾ ਹੈ ਕਿ ਫੀਸ ਉੱਤੇ ਕਾਬੂ ਰੱਖਣ ਨਾਲ਼ ਅੰਦਰ ਖਾਤੇ ਪੈਸੇ ਦੇ ਲੈਣਦੇਣ ਨੂੰ ਹੱਲਾਸ਼ੇਰੀ ਮਿਲੇਗੀ, ਦੂਜਾ ਅਜਿਹਾ ਕਰਨ ਨਾਲ਼ ਪ੍ਰਾਈਵੇਟ ਸੈਕਟਰ ਇਸ ਖੇਤਰ ਵਿੱਚ ਨਿਵੇਸ਼ ਕਰਨ ਤੋਂ ਕਤਰਾਏਗਾ ਜਿਸਦੀ ਵਜ੍ਹਾ ਨਾਲ਼ ਦੇਸ਼ ਵਿੱਚ ਮੈਡੀਕਲ ਸਿੱਖਿਆ ਦੇ ਪ੍ਰਸਾਰ ਉੱਤੇ ਰੋਕ ਲੱਗ ਜਾਵੇਗੀ। ਇਸ ਲਈ ਕੈਪੀਟੇਸ਼ਨ ਫੀਸ ਵਰਗੀਆਂ ਬੁਰਾਈਆਂ ਪਿੱਛੇ ਵੱਡਾ ਕਾਰਨ ਫੀਸ ਉੱਤੇ ਕਾਬੂ ਹੀ ਹੈ।

ਇਸ ਲਈ ਕਮੇਟੀ ਦਾ ਕਹਿਣਾ ਹੈ ਕਿ ਪ੍ਰਾਈਵੇਟ ਕਾਲਜਾਂ ਦੀਆਂ ਸਿਰਫ ਕੁੱਝ ਸੀਟਾਂ ਦੀ ਫੀਸ ਉੱਤੇ ਹੀ ਕਾਬੂ ਰੱਖਿਆ ਜਾਵੇ ਅਤੇ ਬਾਕੀ ਨੂੰ ਉਨ੍ਹਾਂ ਦੀ ਮਰਜ਼ੀ ਉੱਤੇ ਛੱਡ ਦਿੱਤਾ ਜਾਵੇ। ਇਸ ਤੋਂ ਫਾਇਦਾ ਇਹ ਹੋਵੇਗਾ ਕਿ ਅਮੀਰਾਂ ਤੋਂ ਜ਼ਿਆਦਾ ਪੈਸੇ ਲੈਕੇ ਗਰੀਬ ਵਿਦਿਆਰਥੀਆਂ ਦੀ ਘੱਟ ਫੀਸ ਦੀ ਪੂਰਤੀ ਕੀਤੀ ਜਾ ਸਕੇਗੀ। ਹੁਣ ਤੱਕ ਨਿਯਮਾਂ ਵਿੱਚ ਹੀ ਸਹੀ (ਅਸਲ ਵਿੱਚ ਅਜਿਹਾ ਹੁੰਦਾ ਨਹੀਂ ਹੈ), ਮੈਡੀਕਲ ਸਿੱਖਿਆ ਨੂੰ ਇੱਕ ਮੁਨਾਫ਼ਾ ਰਹਿਤ ਪੇਸ਼ੇ ਦੇ ਰੂਪ ਵਿੱਚ ਹੀ ਮਾਨਤਾ ਦਿੱਤੀ ਜਾਂਦੀ ਹੈ ਪਰ ਕਮੇਟੀ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ਼ ਇਸ ਖੇਤਰ ਵਿੱਚ ਨਿਵੇਸ਼ ਘੱਟ ਹੋ ਰਿਹਾ ਹੈ ਜਿਸਦੀ ਵਜ੍ਹਾ ਨਾਲ਼ ਪ੍ਰਾਈਵੇਟ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਦੀ ਕਮੀ ਹੋ ਰਹੀ ਹੈ। ਦੂਜਾ ਇਸ ਦੀ ਵਜ੍ਹਾ ਨਾਲ਼ ਪ੍ਰਾਈਵੇਟ ਸੰਸਥਾਵਾਂ ਟੇਬਲ ਹੇਠੋਂ ਭ੍ਰਿਸ਼ਟ ਤਰੀਕੇ ਨਾਲ਼ ਮੁਨਾਫਾ ਬਣਾ ਰਹੀਆਂ ਹਨ। ਇਸ ਲਈ ਇਹਨਾਂ ਤਮਾਮ ਮੌਜੂਦਾ ਅਤੇ ਆਉਣ ਵਾਲੀਆਂ ਨਿੱਜੀ ਸੰਸਥਾਵਾਂ ਨੂੰ ਮੁਨਾਫਾ ਕਮਾਉਣ ਦੀ ਕਨੂੰਨੀ ਖੁੱਲ੍ਹ ਦੇ ਦਿੱਤੀ ਜਾਵੇ।

ਹੋਣਾ ਤੇ ਇਹ ਚਾਹੀਦਾ ਹੈ ਕਿ ਸਰਕਾਰ ਪੂਰੀ ਸਿੱਖਿਆ ਪ੍ਰਣਾਲੀ ਸਮੇਤ ਮੈਡੀਕਲ ਸਿੱਖਿਆ ਨੂੰ ਵੀ ਆਪਣੇ ਹੱਥਾਂ ਵਿੱਚ ਲਵੇ ਅਤੇ ਸਭ ਲਈ ਸਿੱਖਿਆ ਮੁਹਈਆ ਕਰੇ। ਹਰ ਜਿਲ੍ਹੇ ਵਿੱਚ ਮੈਡੀਕਲ ਕਾਲਜ ਖੋਲ੍ਹੇ ਜਿਸ ਵਿੱਚ ਠੀਕ ਤਰੀਕੇ ਨਾਲ਼ ਪਰੀਖਿਆ ਦੇ ਅਧਾਰ 'ਤੇ ਚੋਣ ਹੋਵੇ। ਇਸ ਤਰ੍ਹਾਂ ਦੇਸ਼ ਦੀਆਂ ਸਿਹਤ ਸੇਵਾਵਾਂ ਵਿੱਚ ਵੀ ਵਰਨਣਯੋਗ ਸੁਧਾਰ ਹੁੰਦਾ। ਪਰ ਅਜਿਹਾ ਕਰਨ ਦੀ ਬਜਾਏ ਕਮੇਟੀ ਦਾ ਕਹਿਣਾ ਹੈ ਕਿ ਜਿਲ੍ਹਿਆਂ ਵਿੱਚ ਪਹਿਲਾਂ ਤੋਂ ਮੌਜੂਦ ਸਰਕਾਰੀ ਹਸਪਤਾਲਾਂ ਨੂੰ ਪ੍ਰਾਈਵੇਟ ਸੈਕਟਰ ਲਈ ਖੋਲ੍ਹ ਦਿੱਤਾ ਜਾਵੇ ਤਾ ਕਿ ਲੋਕਾਂ ਕੋਲੋਂ ਬਚੀਆਂ-ਖੁਚੀਆਂ ਸਹੂਲਤਾਂ ਵੀ ਖੋਹ ਲਈਆਂ ਜਾਣ। ਇਸ ਤੋਂ ਇਲਾਵਾ ਹੁਣ ਤੱਕ ਐੱਮਸੀਆਈ ਦੀ ਮੈਂਬਰੀ ਲਈ ਚੋਣਾਂ ਹੁੰਦੀਆਂ ਸਨ ਅਤੇ ਸਿਰਫ ਇੱਕ ਤਿਹਾਈ ਮੈਬਰਾਂ ਦੀ ਹੀ ਚੋਣ ਸਰਕਾਰ ਦੁਆਰਾ ਕੀਤੀ ਜਾਂਦੀ ਸੀ। ਹੁਣ ਪ੍ਰਸਤਾਵ ਹੈ ਕਿ ਚੁਣਾਂ ਨੂੰ ਬੰਦ ਕਰ ਦਿੱਤਾ ਜਾਵੇ ਅਤੇ ਪ੍ਰਧਾਨ ਸਮੇਤ ਸਾਰੇ ਮੈਂਬਰਾਂ ਨੂੰ ਕੇਂਦਰ ਸਰਕਾਰ ਹੀ ਚੁਣੇ। ਭਾਵੇਂ ਕਿ ਚੋਣਾਂ ਰਾਹੀਂ ਵੀ ਕੋਈ ਬਹੁਤੇ ਈਮਾਨਦਾਰ ਵਿਅਕਤੀ ਨਹੀਂ ਚੁਣੇ ਜਾਂਦੇ ਸਨ, ਪਰ ਹੁਣ ਤਾਂ ਸਰਕਾਰ ਸਿਰਫ ਆਪਣੇ ਲੋਕਾਂ ਦੀ ਹੀ ਚੋਣ ਕਰੇਗੀ ਅਤੇ ਇਹਨਾਂ ਵਿਚੋਂ ਵੀ ਸਿਰਫ ਇੱਕ ਡਾਕਟਰ ਹੋਵੇਗਾ, ਬਾਕੀ ਅਫ਼ਸਰਸ਼ਾਹ ਹੋਣਗੇ।

ਦੇਖਣ 'ਤੇ ਲੱਗ ਸਕਦਾ ਹੈ ਅਤੇ ਸਰਕਾਰ ਦਾ ਵੀ ਕਹਿਣਾ ਹੈ ਕਿ ਇਹ ਸਾਰੀਆਂ ਸਿਫਾਰਸ਼ਾਂ ਬਹੁਤ ਰੈਡੀਕਲ ਹਨ ਅਤੇ ਇਹਨਾਂ ਤੋਂ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਭ੍ਰਿਸ਼ਟਾਚਾਰ ਖਤਮ ਹੋ ਜਾਵੇਗਾ ਅਤੇ ਸਿੱਖਿਆ ਦੇ ਪੱਧਰ 'ਚ ਵੀ ਸੁਧਾਰ ਹੋਵੇਗਾ। ਨਾਲ਼ ਹੀ ਸਿਹਤ ਸੇਵਾਵਾਂ ਵਿੱਚ ਵੀ ਵਾਧਾ ਹੋਵੇਗਾ। ਪਰ ਅਸਲ 'ਚ ਇਹ ਮੈਡੀਕਲ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਨਾਲ਼ ਸਰਮਾਏਦਾਰਾਂ ਦੇ ਹੱਥ ਵਿੱਚ ਦੇਣ ਦੀ ਸਾਜਿਸ਼ ਹੈ। ਸਾਫ ਦਿਸ ਰਿਹਾ ਹੈ ਕਿ ਸਰਕਾਰ ਨੂੰ ਨਾ ਤਾਂ ਭ੍ਰਿਸ਼ਟਾਚਾਰ ਨਾਲ਼ ਕੋਈ ਮਤਲਬ ਹੈ, ਨਾ ਹੀ ਮੈਡੀਕਲ ਸਿੱਖਿਆ ਦੇ ਪੱਧਰ ਨਾਲ਼ ਅਤੇ ਨਾ ਹੀ ਸਿਹਤ ਸੇਵਾਵਾਂ ਵਿੱਚ ਸੁਧਾਰ ਨਾਲ਼। ਸਰਕਾਰ ਨੂੰ ਮਤਲਬ ਹੈ ਤਾਂ ਬਸ ਪ੍ਰਾਈਵੇਟ ਅਤੇ ਕਾਰਪੋਰੇਟ ਸੈਕਟਰ ਨੂੰ ਮੁਨਾਫਾ ਪਹੁੰਚਾਣ ਨਾਲ਼। ਸੰਸਾਰ ਸਿਹਤ ਸੰਗਠਨ ਦੇ ਮਾਨਕਾਂ ਅਨੁਸਾਰ ਕਿਸੇ ਵੀ ਦੇਸ਼ ਨੂੰ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ ਪੰਜ ਫ਼ੀਸਦੀ ਸਿਹਤ ਸੇਵਾਵਾਂ ਉੱਤੇ ਲਗਾਉਣਾ ਚਾਹੀਦਾ ਹੈ ਪਰ ਭਾਰਤ ਦੋ ਫ਼ੀਸਦੀ ਤੋਂ ਵੀ ਘੱਟ ਲਗਾਉਂਦਾ ਹੈ, ਸਗੋਂ ਬੀਤੇ ਵਿੱਤੀ ਸਾਲ ਵਿੱਚ ਤਾਂ ਸਿਰਫ 1.58 ਫ਼ੀਸਦੀ ਹੀ ਲਗਾਇਆ ਸੀ ਅਤੇ ਇਸ ਵਿੱਚ ਸਰਕਾਰੀ ਮੈਡੀਕਲ ਕਾਲਜਾਂ ਉੱਤੇ ਲਗਾਇਆ ਗਿਆ ਪੈਸਾ ਵੀ ਸ਼ਾਮਿਲ ਹੈ। ਅਜਿਹੇ ਵਿੱਚ ਇੱਕ ਪਾਸੇ ਤਾਂ ਸਰਕਾਰ ਵਿਜੇ ਮਾਲਿਆ ਅਤੇ ਸਾਰੇ ਸਰਮਾਏਦਾਰਾਂ ਨੂੰ ਲੱਖਾਂ ਕਰੋੜ ਰੁਪਏ ਦੇ ਕਰਜ਼ੇ, ਸਬਸਿਡੀ ਦਿੰਦੀ ਹੈ, ਜਿਨ੍ਹਾਂ ਨੂੰ ਲੈਕੇ ਜਾਂ ਤਾਂ ਇਹ ਭੱਜ ਜਾਂਦੇ ਹਨ ਜਾਂ ਫਿਰ ਇਨ੍ਹਾਂ ਦਾ ਕਰਜ਼ ਮਾਫ਼ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਲੋਕਾਂ ਨੂੰ ਸਿਹਤ ਸੇਵਾਵਾਂ ਹੀ ਉਪਲੱਬਧ ਨਹੀਂ ਹਨ। ਉੱਪਰੋਂ ਸੌਗਾਤ ਇਹ ਕਿ ਸਰਕਾਰ ਪਹਿਲਾਂ ਤੋਂ ਜਰਜਰ ਹੋ ਚੁੱਕੀ ਮੈਡੀਕਲ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਪੂਰੇ ਢਾਂਚੇ ਨੂੰ ਇਨ੍ਹਾਂ ਸਰਮਾਏਦਾਰਾਂ ਨੂੰ ਸੌਂਪਣ ਜਾ ਰਹੀ ਹੈ ਤਾਂ ਕਿ ਇਹ ਦੇਸ਼ ਦੇ ਲੋਕਾਂ ਦਾ ਹੋਰ ਜ਼ਿਆਦਾ ਖੂਨ ਨਚੋੜ ਕੇ ਆਪਣੀ ਮੁਨਾਫੇ ਦੀ ਹਵਸ ਸ਼ਾਂਤ ਕਰ ਸਕਣ।

ਇਹ ਸਰਮਾਏਦਾਰੀ ਹੈ ਤਾਂ ਸਾਫ਼ ਹੈ ਕਿ ਇਸ ਵਿੱਚ ਸਰਮਾਏਦਾਰਾਂ ਦੇ ਮੁਨਾਫੇ ਦਾ ਹੀ ਧਿਆਨ ਰੱਖਿਆ ਜਾਵੇਗਾ। ਪਰ ਅਸੀਂ ਸਮਾਜਵਾਦੀ ਦੇਸ਼ਾਂ ਦੀ ਉਦਾਹਰਣ ਲਈਏ ਤਾਂ ਸਾਨੂੰ ਜ਼ਮੀਨ ਅਸਮਾਨ ਦਾ ਫਰਕ ਨਜ਼ਰ ਆਉਂਦਾ ਹੈ। ਚੀਨ ਵਿੱਚ ਇਨਕਲਾਬ ਤੋਂ ਬਾਅਦ ਮੈਡੀਕਲ ਸਿੱਖਿਆ ਵੱਲ ਖਾਸ ਤੌਰ 'ਤੇ ਧਿਆਨ ਦਿੱਤਾ ਗਿਆ ਅਤੇ ਇਸ ਅਧਾਰ 'ਤੇ ਪੂਰੇ ਦੇਸ਼ ਦੇ ਕਿਰਤੀ ਲੋਕਾਂ ਲਈ ਸਿਹਤ ਸੇਵਾਵਾਂ ਦਾ ਤੰਤਰ ਕਾਇਮ ਕੀਤਾ ਗਿਆ। ਸਰਕਾਰ ਵੱਲੋਂ ਨਵੇਂ ਮੈਡੀਕਲ ਕਾਲਜਾਂ ਦੀ ਸਥਾਪਨਾ ਕੀਤੀ ਗਈ ਅਤੇ ਸਾਰੇ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੀ ਮਾਲਕੀ, ਫੰਡ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਲਈ ਗਈ। ਪ੍ਰਾਈਵੇਟ ਮੈਡੀਕਲ ਕਾਲਜ ਤਾਂ ਕੀ ਪ੍ਰਾਈਵੇਟ ਮੈਡੀਕਲ ਪ੍ਰੈਕਟਿਸ ਤੱਕ ਦਾ ਵਰਤਾਰਾ ਬੰਦ ਹੋ ਗਿਆ। ਇਨ੍ਹਾਂ ਦੇ ਨਤੀਜ਼ੇ ਹੈਰਾਨੀਜਨਕ ਰਹੇ ਸਨ। ਉਦਾਹਰਣ ਲਈ 1952 ਤੋਂ 1982 ਤੱਕ, ਬੱਚਿਆਂ ਦੀ ਮੌਤ ਦਰ ਇੱਕ ਹਜ਼ਾਰ ਪਿੱਛੇ 200 ਤੋਂ ਘਟ ਕੇ 34 ਰਹਿ ਗਈ ਸੀ ਅਤੇ ਔਸਤ ਉਮਰ 35 ਤੋਂ ਵਧ ਕੇ 68 ਸਾਲ ਹੋ ਗਈ ਸੀ। ਸਿਰਫ ਚੀਨ ਹੀ ਨਹੀਂ ਸਗੋਂ ਇਸਤੋਂ ਪਹਿਲਾਂ ਸੋਵੀਅਤ ਸੰਘ ਵਿੱਚ ਅਤੇ ਬਾਅਦ ਵਿੱਚ ਕਿਊਬਾ ਵਿੱਚ ਵੀ ਮੈਡੀਕਲ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਇਨਕਲਾਬੀ ਤਰੀਕੇ ਨਾਲ਼ ਲਾਗੂ ਕੀਤਾ ਗਿਆ ਅਤੇ ਇਨ੍ਹਾਂ ਨੂੰ ਸਰਕਾਰੀ ਕੰਟਰੋਲ 'ਚ ਰੱਖ ਕੇ ਵਿਕਸਤ ਕੀਤਾ ਗਿਆ ਜਿਸਦੇ ਹੈਰਾਨੀਜਨਕ ਨਤੀਜ਼ੇ ਦੇਖਣ ਨੂੰ ਮਿਲੇ ਸਨ। ਕਿਊਬਾ ਦਾ ਸਿਹਤ ਸੇਵਾਵਾਂ ਦਾ ਢਾਂਚਾ ਤਾਂ ਅੱਜ ਵੀ ਪੂਰੀ ਦੁਨੀਆਂ ਵਿੱਚ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਉੱਥੇ ਪ੍ਰਤੀ ਦਸ ਹਜ਼ਾਰ ਦੀ ਅਬਾਦੀ ਉੱਤੇ 67 ਡਾਕਟਰ ਹਨ ਜਦ ਕਿ ਭਾਰਤ ਵਿੱਚ ਇਹ ਅਨੁਪਾਤ ਸਿਰਫ 7 ਡਾਕਟਰਾਂ ਦਾ ਹੈ। ਉਸ ਉੱਤੇ ਵੀ ਸਰਕਾਰ ਪੂਰੇ ਢਾਂਚੇ ਨੂੰ ਸਰਕਾਰੀ ਹੱਥਾਂ ਵਿੱਚ ਸੌਂਪਣ ਦੀ ਤਿਆਰੀ ਕਰ ਰਹੀ ਹੈ। ਅਜਿਹੇ ਵਿੱਚ ਸਰਕਾਰ ਦੀ ਇਮਾਨਦਾਰੀ ਅਤੇ ਨੀਤ 'ਤੇ ਸਵਾਲ ਉੱਠਣਾ ਲਾਜ਼ਮੀ ਹੈ।

ਇਤਿਹਾਸ ਦੇ ਪੰਨੇ

# ਸੁਖਦੇਵ ਤੇ ਭਗਤ ਸਿੰਘ ਦਾ ਸਾਂਝਾ ਬਚਪਨ



ਮਲਵਿੰਦਰ ਜੀਤ ਸਿੰਘ ਵੜੈਚ
0172-2556314

ਨਹਿਰੀ ਪਾਣੀਆਂ ਨਾਲ ਸਿੰਜੀ ਲਾਇਲਪੁਰ ਦੀ ਬੰਜਰ ਧਰਤੀ। 1907 ਦੌਰਾਨ ਲੋਕ ਲਹਿਰ 'ਪਗੜੀ ਸੰਭਾਲ ਜੱਟਾ' ਉੱਥੇ ਹੀ ਮੌਲੀ ਸੀ। ਓਧਰ ਮੁਗ਼ਲ ਕਾਲ ਵੇਲੇ ਭਗਤ ਸਿੰਘ ਦਾ ਕੋਈ ਪੁਰਖਾ ਤਰਨ ਤਾਰਨ ਨੇੜੇ ਨਾਰਲੀਓਂ ਵਡੇਰੇ ਦੇ ਫੁੱਲ ਤਾਰਨ ਲਈ ਹਰਿਦੁਆਰ ਨੂੰ ਚੱਲਿਆ। ਉਹ ਰਾਹ ਵਿੱਚ ਇੱਕ ਰਾਤ ਬੰਗੇ ਲਾਗੇ ਖਟਕੜੀਂ, ਸਰਦਾਰ ਦੀ ਹਵੇਲੀ ਵਿੱਚ ਠਹਿਰਿਆ। ਵਾਪਸੀ 'ਤੇ ਵੀ ਟਿਕਿਆ। ਫਿਰ ਉਸ ਦਾ ਰਿਸ਼ਤਾ ਉੱਥੇ ਹੀ ਸਰਦਾਰ ਦੀ ਇਕਲੌਤੀ ਧੀ ਨਾਲ ਤੈਅ ਹੋ ਗਿਆ ਤੇ ਉਹ ਉੱਥੇ ਮਾਲਕ-ਜਵਾਈ ਵਜੋਂ ਆ ਵੱਸਿਆ।

ਚਿਰਾਂ ਪਿੱਛੋਂ ਭਗਤ ਸਿੰਘ ਦੇ ਬਾਬੇ ਅਰਜਨ ਸਿੰਘ ਨੇ ਚੜ੍ਹਦੀ ਸਦੀ ਵਿੱਚ ਬਾਰ ਦੀ ਮੋਕਲੀ ਨਹਿਰ ਸਿੰਜੀ ਧਰਤੀ ਬੰਗੇ ਚੱਕ 105 ਵਿੱਚ ਜਾ ਹਲ ਜੋੜੇ ਤੇ ਉੱਥੇ ਹੀ 28 ਸਤੰਬਰ 1907 ਨੂੰ ਭਗਤ ਸਿੰਘ ਜਨਮਿਆ।

ਉਸੇ ਵਰ੍ਹੇ ਹੀ ਭਾਵ 19 ਫਰਵਰੀ 1907 ਨੂੰ ਆਪਣੇ ਜੱਦੀ ਸ਼ਹਿਰ ਲੁਧਿਆਣੇ ਦੇ ਘੁੱਗ ਵਸਦੇ ਮੁਹੱਲੇ 'ਨੌਂ ਘਰੇ' ਵਿੱਚ ਸੁਖਦੇਵ ਜਨਮਿਆ, ਪਰ ਸੰਜੋਗ ਉਸ ਨੂੰ ਵੀ ਤਿੰਨੀਂ ਵਰ੍ਹੀਂ ਲਾਇਲਪੁਰ ਨੂੰ ਹੀ ਲੈ ਤੁਰੇ। ਪਿਤਾ ਦੇ ਸਦੀਵੀ ਵਿਛੋੜੇ ਪਿੱਛੋਂ, ਤਾਏ ਅਚਿੰਤ ਕੋਲ। ਜਿਸ ਦੀ ਵੱਡੀ ਚਿੰਤਾ ਸੀ ਦੇਸ਼, ਭਾਵੇਂ ਸੀ ਵਿਓਪਾਰੀ। ਉਹ ਵੀ ਖੇਤੀ ਜਿਣਸਾਂ ਦਾ। ਤੇ ਤਾਰਾਂ ਜੁੜਦੀਆਂ ਜੁੜਦੀਆਂ ਭਗਤ ਸਿੰਘ ਦੇ ਵਿਦਰੋਹੀ ਪਰਿਵਾਰ ਨਾਲ ਜੁੜ ਗਈਆਂ। ਭਾਰਤ ਮਾਤਾ ਸੁਸਾਇਟੀ ਤੇ 1907 ਦੀ ਲੋਕ ਲਹਿਰ ਕਾਰਨ ਦੋਵਾਂ ਪਰਿਵਾਰਾਂ ਦੀ ਸਾਂਝ ਸੀ।

ਭਗਤ ਸਿੰਘ ਦਾ ਪਰਿਵਾਰ ਆਰੀਆ ਸਮਾਜੀ ਤੇ ਅਗਾਂਹਵਧੂ ਸੀ ਅਤੇ ਲਾਲਾ ਅਚਿੰਤ ਰਾਮ ਵੀ ਉਸੇ ਰੰਗ ਵਿੱਚ ਹੀ ਰੰਗੇ ਹੋਏ ਸਨ। ਜਦੋਂ ਵੀ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਜਾਂ ਦਾਦਾ ਲਾਇਲਪੁਰ ਆਉਂਦੇ ਤਾਂ ਸੁਖਦੇਵ ਦੀ ਆੜ੍ਹਤ ਦੀ ਦੁਕਾਨ ਹੀ ਉਨ੍ਹਾਂ ਦਾ ਅੱਡਾ ਹੁੰਦੀ। ਜਿੱਥੇ ਅਕਸਰ ਉਸ ਦਾ ਚਾਚਾ ਵਲੀ ਰਾਮ ਹੁੰਦਾ ਅਤੇ ਦੋਵੇਂ ਬਾਲਕ ਰਹਿੰਦੇ ਖੇਡਦੇ। ਵਡੇਰਿਆਂ ਦੀ ਇਸੇ ਸਾਂਝ ਵਿੱਚ ਹੀ ਭਗਤ ਸਿੰਘ ਅਤੇ ਸੁਖਦੇਵ ਦੀ ਹਰ ਪੱਖੋਂ ਬੇਮਿਸਾਲ, ਧੁਰ ਦੀ ਸਾਂਝ ਵਿਗਸੀ।

ਜਿਵੇਂ ਸੁਖਦੇਵ ਹੋਸ਼ ਸੰਭਾਲਣ ਵੇਲੇ ਤੋਂ ਹੀ ਆਪਣੇ ਤਾਏ ਕੋਲੋਂ ਲੋਕ ਲਹਿਰਾਂ ਬਾਰੇ ਸਮਝਣ ਲੱਗ ਪਿਆ ਸੀ, ਉਵੇਂ ਹੀ ਭਗਤ ਸਿੰਘ ਵੀ ਘਰ ਵਿੱਚ ਆਉਂਦੇ-ਜਾਂਦੇ ਦੇਸ਼ ਭਗਤਾਂ ਵਾਲੇ ਮਾਹੌਲ ਵਿੱਚ ਵਿਚਰਦਿਆਂ ਤੇ ਆਪਣੀਆਂ ਦੋਵਾਂ ਦੁੱਖਾਂ ਮਾਰੀਆਂ ਚਾਚੀਆਂ ਦਾ ਲਾਡ-ਪਿਆਰ ਮਾਣਨ ਦੇ ਨਾਲ ਨਾਲ ਉਨ੍ਹਾਂ ਦੇ ਦੁੱਖ ਲਈ ਦੋਸ਼ੀ ਵਿਦੇਸ਼ੀ ਰਾਜ ਵਿਰੁੱਧ ਵਿਹੁ ਵੀ ਘੋਲਦਾ ਰਹਿੰਦਾ, ਠੱਲਿਆ ਉਸੇ ਰਾਹ ਹੀ।

ਲਾਡ-ਪਿਆਰ ਦੀ ਘਾਟ ਦੋਵਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਸੀ ਰਹੀ, ਪਰ ਲੋੜ ਤੋਂ ਵੱਧ ਪਿਆਰ ਨੇ ਸੁਖਦੇਵ ਨੂੰ ਜ਼ਿੱਦੀ ਤੇ ਅੜੀਅਲ ਜਿਹਾ ਬਣਾ ਦਿੱਤਾ, ਜੋ ਅੱਗੋਂ ਜਾ ਕੇ ਕਈ ਸਾਥੀਆਂ ਨੂੰ ਵੀ ਰੜਕਦਾ ਰਿਹਾ ਤੇ ਉਸ ਬਾਰੇ ਕਈ ਨਿਰਮੂਲ ਭੁਲੇਖਿਆਂ ਦਾ ਵੀ ਕਾਰਨ ਬਣਿਆ ਸੀ, ਪਰ ਭਗਤ ਸਿੰਘ ਕੁਝ ਲਚੀਲਾ ਤੇ ਚੁਲਬੁਲਾ ਸੀ।

ਇੱਕ ਲਿਹਾਜ਼ ਨਾਲ ਭਗਤ ਸਿੰਘ ਅਤੇ ਸੁਖਦੇਵ ਇੱਕ ਦੂਜੇ ਦੇ ਪੂਰਕ ਸਨ ਜੋ ਲਗਾਤਾਰ ਆਪੋ ਵਿੱਚ ਖਹਿਬੜਦੇ ਵੀ ਰਹੇ ਤੇ ਇੱਕ ਦੂਜੇ ਦੇ ਸਾਹ ਵਿੱਚ ਸਾਹ ਵੀ ਲੈਂਦੇ ਰਹੇ।

ਦੋਵਾਂ ਦੀ ਉਮਰ ਦੇ ਬਾਰ੍ਹਵੇਂ ਸਾਲ ਜਲ੍ਹਿਆਂਵਾਲੇ ਬਾਗ਼ ਕਹਿਰ ਵਰਤਿਆ ਤੇ ਦੋਵਾਂ ਦੀਆਂ ਬਾਲ ਰੂਹਾਂ ਵਲੂੰਧਰੀਆਂ ਗਈਆਂ। ਲਾਹੌਰ ਤੋਂ ਸਕੂਲ ਛੱਡ ਕੇ ਭਗਤ ਸਿੰਘ ਘੱਲੂਘਾਰੇ ਦੇ ਅਗਲੇ ਦਿਨ ਅੰਮ੍ਰਿਤਸਰ ਜਲ੍ਹਿਆਂਵਾਲੇ ਦੀ ਲਹੂ ਸਿੰਜੀ ਧਰਤੀ 'ਤੇ ਜਾ ਪਹੁੰਚਿਆ ਤੇ ਉੱਥੋਂ ਸ਼ੀਸ਼ੀ ਵਿੱਚ ਉਸ ਰੱਤ ਭਿੰਨੀ ਧਰਤੀ ਦੀ ਮੁੱਠ ਭਰ ਲਿਆਇਆ ਜਿਸ ਨੂੰ ਉਸ ਨੇ ਆਪਣੀ ਅੱਖੋਂ ਓਹਲੇ ਤਾਂ ਸ਼ਾਇਦ ਕੀਤਾ ਹੋਵੇਗਾ, ਪਰ ਮਨੋਂ ਕਦੇ ਨਹੀਂ ਵਿਸਾਰਿਆ ਤੇ ਜੀਵਨ ਭਰ ਉਸ ਦੀ ਅਰਾਧਨਾ ਕਰਦਾ ਰਿਹਾ।

ਸੁਖਦੇਵ ਵੀ 14 ਅਪਰੈਲ ਨੂੰ ਤਾਇਆ ਅਚਿੰਤ ਰਾਮ ਨਾਲ ਇਸੇ ਬਰਬਰਤਾ ਵਾਲੇ ਕਾਂਡ ਦੀ ਹੀ ਚਰਚਾ ਕਰਦਾ ਰਿਹਾ ਸੀ। ਓਧਰ ਸਰਕਾਰ ਦੇ ਹੁਕਮ ਤਹਿਤ ਸਨਾਤਨ ਧਰਮ ਹਾਈ ਸਕੂਲ, ਜਿੱਥੇ ਉਹ ਪੜ੍ਹਦਾ ਸੀ, ਪ੍ਰਾਰਥਨਾ ਵੇਲੇ ਇੱਕ ਗੋਰਾ ਅਫ਼ਸਰ ਆ ਪਹੁੰਚਿਆ। ਹਰ ਵਿਦਿਆਰਥੀ ਨੇ ਵਾਰੀ ਵਾਰੀ ਕੋਲੋਂ ਲੰਘਦਿਆਂ ਉਸ ਨੂੰ ਸਲਾਮ ਕਰਨੀ ਸੀ, ਪਰ ਸੁਖਦੇਵ ਕੀ ਤੇ ਸਲਾਮੀ ਕੀ? ਉਸ ਦੇ ਤੱਤ ਫੱਟ ਇਨਕਾਰ 'ਤੇ ਹੈੱਡਮਾਸਟਰ ਨੇ ਉਸ ਨੂੰ ਖ਼ੂਬ ਕੁਟਾਪਾ ਚਾੜ੍ਹਿਆ, ਪਰ ਜਿੰਨਾ ਚਿਰ ਇਹ ਹੁਕਮ ਵਾਪਸ ਨਹੀਂ ਲਿਆ ਗਿਆ, ਉਹ ਵੀ ਸਕੂਲ ਨਹੀਂ ਵੜਿਆ। ਇੰਜ ਦੋਵਾਂ ਦੇ ਚੇਤੰਨ ਦੌਰ ਦੀ ਸ਼ੁਰੂਆਤ ਹੋਈ।



ਇਸ ਤੋਂ ਕੋਈ ਦਸ ਕੁ ਮਹੀਨੇ ਪਿੱਛੋਂ 20 ਫਰਵਰੀ 1921 ਨੂੰ ਗੁਰੂ ਨਾਨਕ ਦੇ ਜਨਮ ਸਥਾਨ ਨਨਕਾਣਾ ਸਾਹਿਬ ਦੇ ਗੁਰਦੁਆਰੇ ਮੱਥਾ ਟੇਕਣ ਗਏ ਡੇਢ ਕੁ ਸੌ ਪੁਰਅਮਨ ਸ਼ਰਧਾਲੂਆਂ ਨੂੰ ਗੁਰਦੁਆਰੇ 'ਤੇ ਕਾਬਜ਼ ਅੱਯਾਸ਼ ਮਹੰਤ ਨਰੈਣ ਦਾਸ ਨੇ ਆਪਣੇ ਗੁੰਡਿਆਂ ਹੱਥੋਂ ਬੇਰਹਿਮੀ ਨਾਲ ਕਤਲ ਕਰਵਾ ਕੇ, ਉਪਰੋਂ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਸੀ। ਉਸ ਦੌਰ ਵਿੱਚ ਇਤਿਹਾਸਕ ਗੁਰਧਾਮਾਂ 'ਤੇ ਅੱਯਾਸ਼ ਮਹੰਤਾਂ ਦਾ ਕਬਜਾ ਸੀ ਜਿਨ੍ਹਾਂ ਦੀ ਪਿੱਠ ਸਰਕਾਰੀ ਹਾਕਮ ਠੋਕਦੇ ਸਨ।

ਭਗਤ ਸਿੰਘ ਇਸ ਕਾਂਡ ਦੇ ਕੁਝ ਹੀ ਦਿਨਾਂ ਮਗਰੋਂ 5 ਮਾਰਚ 1921 ਨੂੰ ਹੋਈ ਮਾਤਮੀ ਕਾਨਫਰੰਸ ਵਿੱਚ ਪਹੁੰਚਿਆ ਤੇ ਉੱਥੋਂ ਸ਼ਹੀਦੀ ਕੈਲੰਡਰ ਲਿਆ ਤੇ ਸਾਰੀ ਸਿੱਖ ਸੰਗਤ ਵਾਂਗ ਕਾਲੀ ਦਸਤਾਰ ਸਜਾ ਲਈ। ਇਸ ਉਪਰੰਤ ਆਪਣੀ ਭੈਣ ਅਮਰ ਕੌਰ ਨਾਲ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ ਜੋ ਪਿੱਛੋਂ ਜਾ ਕੇ ਉਸ ਦੀਆਂ 'ਕਿਰਤੀ' ਰਸਾਲੇ ਵਿੱਚ ਛਪੀਆਂ ਲਿਖਤਾਂ ਵਿੱਚ ਕੰਮ ਆਈ। ਨਾਲੇ ਜਿੱਥੇ ਹੁਣ ਤਕ ਉਹ ਆਪਣੇ ਦਾਦਾ ਅਰਜਨ ਸਿੰਘ ਨੂੰ ਹੀ ਉਰਦੂ ਵਿੱਚ ਚਿੱਠੀਆਂ ਲਿਖਦਾ ਸੀ, ਹੁਣ ਚਾਚੀ ਹੁਕਮ ਕੌਰ ਨੂੰ ਗੁਰਮੁਖੀ ਵਿੱਚ ਚਿੱਠੀਆਂ ਲਿਖਣ ਲੱਗ ਪਿਆ ਸੀ।

**ਕਾਲੇ ਕਾਨੂੰਨ ਦਾ ਵਾਵਰੋਲਾ**

ਪਹਿਲੀ ਵੱਡੀ ਜੰਗ ਦੌਰਾਨ ਬੰਗਾਲ, ਮਹਾਂਰਾਸ਼ਟਰ ਅਤੇ ਪੰਜਾਬ ਦੀਆਂ ਇਨਕਲਾਬੀ ਲਹਿਰਾਂ ਤੋਂ ਡਰੀ ਹੋਈ ਸਰਕਾਰ ਨੇ 'ਰੌਲਟ ਐਕਟ' ਪਾਸ ਕੀਤਾ ਜਿਸ ਅਧੀਨ ਪੁਰਅਮਨ ਅੰਦੋਲਨਾਂ ਲਈ ਵੀ ਸਖ਼ਤ ਸਜ਼ਾਵਾਂ ਦੀ ਵਿਵਸਥਾ ਸੀ। ਦੂਜੇ ਪਾਸੇ, 'ਅਹਿੰਸਾ ਦੇ ਪੁੰਜ' ਮਹਾਤਮਾ ਗਾਂਧੀ 1917 ਵੇਲੇ ਵਲੰਟੀਅਰ ਦੇ ਤੌਰ 'ਤੇ ਰਿਕਰੂਟਿੰਗ ਸਾਰਜੈਂਟ ਵਜੋਂ ਭਾਰਤੀ ਨੌਜਵਾਨਾਂ ਨੂੰ ਸਾਮਰਾਜੀ ਫ਼ੌਜ ਵਿੱਚ ਭਰਤੀ ਕਰਵਾਉਂਦੇ ਰਹੇ ਸਨ। ਇੱਥੇ ਹੀ ਬਸ ਨਹੀਂ, ਜਲ੍ਹਿਆਂਵਾਲੇ ਦੇ ਘੱਲੂਘਾਰੇ ਤੋਂ ਅੱਠ ਮਹੀਨੇ ਪਿੱਛੋਂ ਅੰਮ੍ਰਿਤਸਰ ਵਿੱਚ ਹੋਏ ਕਾਂਗਰਸ ਸੈਸ਼ਨ ਵਿੱਚ ਬਰਤਾਨਵੀ ਹਾਕਮਾਂ ਪ੍ਰਤੀ ਵਫ਼ਾਦਾਰੀ ਦਾ ਮਤਾ ਪਾਸ ਹੋਇਆ ਸੀ ਤੇ ਬਾਦਸ਼ਾਹ ਨੂੰ ਪਹਿਲੀ ਆਲਮੀ ਜੰਗ ਵਿੱਚ ਜੇਤੂ ਰਹਿਣ 'ਤੇ ਵਧਾਈਆਂ ਭੇਜੀਆਂ ਗਈਆਂ ਸਨ, ਪਰ 'ਮਹਾਤਮਾ ਜੀ' ਨੇ ਜਲਿਆਂਵਾਲੇ ਕਾਂਡ ਬਾਰੇ ਮੌਨ ਧਾਰੀ ਰੱਖਿਆ ਸੀ।

ਜੰਗ ਨੇ ਤਾਂ ਪਹਿਲਾਂ ਹੀ ਭਾਰਤੀ ਲੋਕਾਂ ਦਾ ਖ਼ੂਨ ਜੰਗ ਦੇ ਮੈਦਾਨਾਂ ਵਿੱਚ ਵਹਾਇਆ ਸੀ ਤੇ ਬਾਕੀ ਦਾ ਖ਼ੂਨ ਮਹਿੰਗਾਈ ਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਥੁੜਾਂ ਨੇ ਸੁਕਾਇਆ ਸੀ। ਉਨ੍ਹਾਂ ਦੇ ਸਬਰ ਦਾ ਪਿਆਲਾ ਪਹਿਲਾਂ ਹੀ ਛਲਕ ਰਿਹਾ ਸੀ। ਉਪਰੋਂ ਇਸ ਜਾਬਰ ਕਾਨੂੰਨ ਦੇ ਆਗਮਨ 'ਤੇ ਲੋਕ ਰੋਹ ਜਵਾਲਾ ਬਣ ਕੇ ਦਿਨਾਂ ਵਿੱਚ ਹੀ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ।

ਲੋਕ ਰੋਹ ਦੇ ਇਸ ਵਾਵਰੋਲੇ ਕਰਕੇ ਹੀ ਮਹਾਤਮਾ ਗਾਂਧੀ ਨੇ ਲੋਕ ਲਹਿਰ ਦੀ ਅਗਵਾਈ ਕੀਤੀ ਤੇ ਉਨ੍ਹਾਂ ਨੇ ਨਾ-ਮਿਲਵਰਤਨ ਲਹਿਰ ਚਲਾਈ ਅਤੇ ਐਲਾਨ ਕਰ ਦਿੱਤਾ ਕਿ ਮੈਂ ਇੱਕ ਸਾਲ ਵਿੱਚ ਸਵਰਾਜ ਲੈ ਦਿਆਂਗਾ। ਇਨਕਲਾਬੀਆਂ ਨੇ ਵੀ ਇਸ ਦੌਰਾਨ ਆਪਣੀਆਂ ਸਰਗਰਮੀਆਂ ਰੋਕ ਲਈਆਂ ਤਾਂ ਕਿ ਉਨ੍ਹਾਂ ਉਪਰ ਰੰਗ ਵਿੱਚ ਭੰਗ ਪਾਉਣ ਦਾ ਦੋਸ਼ ਨਾ ਲੱਗੇ।

ਭਗਤ ਸਿੰਘ ਵੀ ਪਿੰਡੋਂ ਚੌਥੀ ਕਰਕੇ ਪੰਜਵੀਂ ਜਮਾਤ ਵਿੱਚ ਲਾਹੌਰ ਦੇ ਡੀ.ਏ.ਵੀ. ਹਾਈ ਸਕੂਲ ਵਿੱਚ ਆ ਗਿਆ ਸੀ ਤੇ ਪਿਤਾ ਨੂੰ ਵੀ ਲਾਹੌਰ ਵਿੱਚ ਹੀ ਅੱਡਾ-ਟਿਕਾਣਾ ਚਾਹੀਦਾ ਸੀ ਜੋ ਰਾਜਸੀ ਸਰਗਰਮੀਆਂ ਦਾ ਧੁਰਾ ਸੀ। ਇਸ ਲਈ ਉਨ੍ਹਾਂ ਨੇ ਲਾਹੌਰ ਦੇ ਬਾਹਰਵਾਰ ਰਾਵੀ ਦਰਿਆ ਦੇ ਪਾਰ ਖਵਾਸਰੀਆ ਪਿੰਡ ਵਿੱਚ ਵਾਹੀ ਜੋਗੀ ਜ਼ਮੀਨ ਖ਼ਰੀਦੀ, ਖ਼ੂਹ ਲੁਆ ਕੇ ਖੇਤੀ ਵਿੱਢ ਲਈ ਤੇ ਨਾਲੇ ਮੱਝਾਂ ਰੱਖ ਕੇ ਲਾਹੌਰ ਦੁੱਧ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇੱਕ ਹੋਰ ਰੁਝੇਵਾਂ ਬੀਮਾ ਕੰਪਨੀ ਦੀ ਏਜੰਸੀ ਦਾ ਸੀ ਜਿਸ ਦਾ ਲਾਹੌਰ ਵਾਲਾ ਦਫ਼ਤਰ ਮੁੰਡਿਆਂ ਦੇ ਮਿਲ ਬੈਠਣ ਦੇ ਕੰਮ ਵੀ ਆਉਂਦਾ ਸੀ।

ਮਹਾਤਮਾ ਗਾਂਧੀ ਨੇ ਸਕੂਲੀ-ਕਾਲਜੀ ਨੌਜਵਾਨਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸੰਸਥਾਵਾਂ ਦਾ ਬਾਈਕਾਟ ਕਰ ਕੇ ਕੌਮੀ ਸਕੂਲਾਂ-ਕਾਲਜਾਂ ਵਿੱਚ ਦਾਖਲੇ ਲੈਣ ਲਈ ਕਿਹਾ ਸੀ ਜਿਸ ਲਈ ਨੈਸ਼ਨਲ ਸਕੂਲ-ਕਾਲਜ ਖੋਲ੍ਹੇ ਗਏ। ਇਨ੍ਹਾਂ ਸੰਸਥਾਵਾਂ ਵਿੱਚ ਰਾਜਸੀ ਚੇਤਨਾ ਉਭਾਰਨ ਵਾਲੇ ਮਜ਼ਮੂਨ, ਕਿਤਾਬਾਂ ਅਤੇ ਅਧਿਆਪਕ ਉਪਲੱਬਧ ਸਨ। ਉਨ੍ਹੀਂ ਦਿਨੀਂ ਸੁਖਦੇਵ ਦਸਵੀਂ ਕਰਕੇ ਨੈਸ਼ਨਲ ਕਾਲਜ, ਲਾਹੌਰ ਵਿੱਚ ਦਾਖਲ ਹੋ ਗਿਆ, ਪਰ ਭਗਤ ਸਿੰਘ ਅਜੇ ਦਸਵੀਂ ਵਿੱਚ ਹੀ ਪੜ੍ਹਦਾ ਸੀ। ਉਸ ਨੂੰ ਇਸ ਸ਼ਰਤ 'ਤੇ ਦਾਖਲ ਕਰ ਲਿਆ ਗਿਆ ਕਿ ਉਹ ਦੋ ਮਹੀਨਿਆਂ ਵਿੱਚ ਦਾਖਲਾ ਟੈਸਟ ਪਾਸ ਕਰ ਲਵੇਗਾ ਜੋ ਉਸ ਨੇ ਦਿਨ-ਰਾਤ ਇੱਕ ਕਰਕੇ ਪਾਸ ਕਰ ਲਿਆ ਤੇ ਇਸ ਤਰ੍ਹਾਂ ਇਹ ਦੋਵੇਂ ਐੱਫ.ਏ. ਦੇ ਵਿਦਿਆਰਥੀ ਬਣ ਗਏ।









# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ 'ਕੌਮਾਂਤਰੀ ਮਾਂ-ਬੋਲੀ ਦਿਵਸ' ਨੂੰ ਸਮਰਪਿਤ ਰਹੀ

ਕੈਲਗਰੀ (ਮਹਿੰਦਰਪਾਲ ਸਿੰਘ ਪਾਲ); ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮਾਸਿਕ ਇਕੱਤਰਤਾ 19 ਫਰਵਰੀ ਨੂੰ ਤਰਲੋਚਨ ਸਿੰਘ ਸੈਹਿੰਬੀ ਅਤੇ ਦਵਿੰਦਰ ਮਲਹਾਂਸ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿਚ ਹੋਈ।

ਮੀਟਿੰਗ ਦੀ ਸ਼ੁਰੂਆਤ ਵਿਚ ਦੋ ਸ਼ੋਕ ਸਮਾਚਾਰ ਸਾਂਝੇ ਕੀਤੇ ਗਏ ਕਿ ਦਰਸ਼ਨ ਸਿੰਘ ਨਾਵਲਕਾਰ ਅਤੇ ਸ਼ਾਇਰ ਗੁਰਦਿਆਲ ਸਿੰਘ ਪੱਲ੍ਹਾ ਸਾਨੂੰ ਸਦੀਵੀ ਵਿਛੋੜਾ ਦੇ ਹਨ। ਸਕੱਤਰ ਰਣਜੀਤ ਸਿੰਘ ਨੇ ਦੱਸਿਆ ਦਰਸ਼ਨ ਸਿੰਘ ਜੀ ਨੇ ਗਿਆਰਾਂ ਨਾਵਲ ਅਤੇ ਗੁਰਦਿਆਲ ਸਿੰਘ ਜੀ ਨੇ ਛੇ ਕਾਵਿ ਸੰਗ੍ਰਹਿ

ਮਾਂ ਬੋਲੀ ਦੀ ਝੋਲੀ ਵਿਚ ਪਾ ਕੇ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਪੰਜਾਬੀ ਲਿਖਾਰੀ ਸਭਾ ਵੱਲੋਂ ਦੋਨਾਂ ਪਰਿਵਾਰਾਂ ਨਾਲ ਦੁੱਖ ਦੀ ਸਾਂਝ ਪਾਈ ਗਈ।

ਇਸ ਤੋਂ ਉਪਰੰਤ ਰਣਜੀਤ ਸਿੰਘ ਨੇ ਅਫ਼ਜ਼ਲ ਸੁਹੇਲ ਦੀ ਮਾਂ ਬੋਲੀ ਬਾਰੇ ਕਵਿਤਾ ਸਾਂਝੀ ਕੀਤੀ ਅਤੇ ਇਸ ਮੀਟਿੰਗ ਨੂੰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਘੋਸ਼ਿਤ ਕੀਤਾ। ਉਨ੍ਹਾਂ ਹਾਜ਼ਰੀਨ ਨੂੰ ਇਹ ਵੀ ਯਾਦ ਕਰਵਾਇਆ ਕਿ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਛੇਵਾਂ ਸਾਲਾਨਾ ਬੱਚਿਆਂ ਦੀ ਪੰਜਾਬੀ ਬੋਲਣ ਦੀ ਮੁਹਾਰਤ ਦਾ ਮੁਕਾਬਲਾ ਸਨਿੱਚਰਵਾਰ 25 ਮਾਰਚ ਨੂੰ 12:30 ਵਜੇ ਵਾਈਟਹਾਰਨ ਕਮਿਊਨਿਟੀ ਹਾਲ ਵਿਚ ਕਰਵਾਇਆ ਜਾਵੇਗਾ। ਗੁਰਬਚਨ ਸਿੰਘ ਬਰਾੜ ਨੇ ਮਹਾਨ ਲੇਖਕ ਗਿਆਨੀ ਕੇਸਰ ਜੀ ਦੇ ਜੀਵਨ ਅਤੇ ਸਾਹਿਤਕ ਦੇਣ ਬਾਰੇ ਲੇਖ ਸਾਂਝਾ ਕੀਤਾ। ਉਨ੍ਹਾਂ ਨੇ ਦੱਸਿਆ ਕਿਸ ਤਰਾਂ ਗਿਆਨੀ ਜੀ 40 ਦਿਨ ਦੀ ਉਮਰ ਵਿਚ ਯਤੀਮ ਹੋ ਜਾਣ ਦੇ ਬਾਵਜੂਦ ਅੱਗੇ ਵਧੇ ਅਤੇ ਆਪਣੇ ਨਾਮ ਦੀ ਛਾਪ ਇੱਕ ਨਾਵਲਕਾਰ ਅਤੇ ਆਜ਼ਾਦੀ ਸੰਗਰਾਮ ਦੇ ਯੋਧੇ ਵਜੋਂ ਕਾਇਮ ਕਰਨ ਵਿਚ ਸਫਲ ਸਹੇ ਹਨ। ਗਿਆਨੀ ਜੀ ਨੇ ਆਜ਼ਾਦ ਹਿੰਦ ਫ਼ੌਜ ਵਿਚ ਰਹਿ ਕੇ ਸੰਘਰਸ਼ ਨੂੰ ਆਪਣੇ ਸਰੀਰ 'ਤੇ ਹੰਢਾਇਆ ਸੀ। ਗੁਰਬਚਨ ਜੀ ਨੇ ਦੱਸਿਆ ਕਿ ਗਿਆਨੀ ਜੀ ਨੇ ਕੋਈ ਤਰਵੰਜਾ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਜ਼ਿਆਦਾ ਨਾਵਲ ਹਨ। ਗਿਆਨੀ ਜੀ ਦੇ ਨਾਵਲ ਹਥਿਆਰ ਬੰਦ ਇਨਕਲਾਬ ਅਤੇ ਲਹਿਰ ਵਧਦੀ ਗਈ ਵਿਚੋਂ ਖ਼ਾਸ ਹਵਾਲੇ ਦਿੱਤੇ ਗਏ ਅਤੇ ਗਿਆਨੀ ਜੀ ਦੀ ਇੱਕ ਕਵਿਤਾ ਵੀ ਸਾਂਝੀ ਕੀਤੀ ਗਈ। ਇਹ ਵੀ ਜ਼ਿਕਰਯੋਗ ਗੱਲ ਹੈ ਕਿ ਸਨ 2000 ਵਿਚ ਗਿਆਨੀ ਜੀ ਨੂੰ ਉਨ੍ਹਾਂ ਦੀ ਦੇਣ ਲਈ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਸਨਮਾਨਿਤ ਕੀਤਾ ਗਿਆ ਸੀ।

ਨਾਲ ਹੀ ਗੁਰਬਚਨ ਜੀ ਨੇ ਕੈਲਗਰੀ ਰੇਡੀਉ ਰੈੱਡ ਐਫ਼ ਐਮ ਦਾ ਪ੍ਰੋਗਰਾਮ ਸੁਖਨ ਦੇ ਵਾਰਿਸ ਸ਼ੁਰੂ ਕਰਨ ਲਈ ਅਦਾਰਾ ਰੈੱਡ ਐਫ ਐਮ ਦਾ ਧੰਨਵਾਦ ਕੀਤਾ ਅਤੇ ਇਹ ਸੁਨੇਹਾ ਮੈਨੇਜਮੈਂਟ ਤਾਈਂ ਪਹੁੰਚਾਉਣ ਲਈ ਰੇਡੀਉ ਹੋਸਟ ਰਿਸ਼ੀ ਨਾਗਰ ਨੂੰ ਤਾਕੀਦ ਕੀਤੀ। ਇਸ ਪ੍ਰੋਗਰਾਮ ਵਿਚ ਪੰਜਾਬੀ ਲਿਖਾਰੀ ਸਭਾ ਦੇ ਕਈ ਲੇਖਕ ਭਾਗ ਲੈ ਕੇ ਸਰੋਤਿਆਂ ਦੇ ਰੂ-ਬਰੂ ਹੋ ਚੁੱਕੇ ਹਨ। ਉਨ੍ਹਾਂ ਪ੍ਰੋਗਰਾਮ ਦੇ ਮੇਜ਼ਬਾਨ ਡਾ. ਹਰਭਜਨ ਢਿੱਲੋਂ ਦੀ ਪੇਸ਼ਕਾਰੀ ਦੀ ਵੀ ਸ਼ਲਾਘਾ ਕੀਤੀ।




ਡਾ. ਮਨਮੋਹਨ ਸਿੰਘ ਬਾਠ ਨੇ ਇੱਕ ਪੰਜਾਬੀ ਗੀਤ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ। ਨਵਪ੍ਰੀਤ ਰੰਧਾਵਾ ਨੇ ਇੱਕ ਖ਼ੂਬਸੂਰਤ ਗ਼ਜ਼ਲ ਸਾਂਝੀ ਕੀਤੀ, ਜਿਸ ਦਾ ਮਤਲਾ ਹਾਜ਼ਰ ਹੈ।

**ਭਾਵੇਂ ਹੈ ਦੂਜਿਆਂ ਲਈ ਉਹ ਸ਼ਖ਼ਸ ਖ਼ੂਬ ਹੱਸਦਾ।**
**ਨੈਣਾਂ 'ਚ ਉਸ ਦੇ ਲੇਕਿਨ ਵਿਰਾਨ ਸ਼ਹਿਰ ਵੱਸਦਾ।**

ਨਿਰਮਲ ਕਾਂਡਾ ਨੇ ਆਪਣੀਆਂ ਛੋਟੀਆਂ ਚਾਰ ਕਵਿਤਾਵਾਂ ਪੇਸ਼ ਕੀਤੀਆਂ। ਹਰੀਪਾਲ ਨੇ ਪ੍ਰਦੇਸਾਂ ਵਿਚ ਬਜ਼ੁਰਗਾਂ ਦੀ ਦਾਸਤਾਨ ਬਿਆਨ ਕਰਦੀ ਆਪਣੀ ਇੱਕ ਭਾਵੁਕ ਕਹਾਣੀ ਸਾਂਝੀ ਕੀਤੀ ਜਿਸ ਦਾ ਸਿਰਲੇਖ ਸੀ ਕਾਹਦੀ ਖ਼ਾਤਰ। ਬਲਜਿੰਦਰ ਸੰਘਾ ਨੇ ਕਿਤਾਬਾਂ ਪੜ੍ਹਨ ਦੀ ਜ਼ਰੂਰਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਮੰਗਲ ਚੱਠਾ ਨੇ ਪੰਜਾਬ ਦੇ ਹਾਲਾਤ ਬਾਰੇ ਇੱਕ ਕਵਿਤਾ ਸੁਣਾਈ। ਮਹਿੰਦਰਪਾਲ ਸਿੰਘ ਪਾਲ ਨੇ ਇੱਕ ਗ਼ਜ਼ਲ ਪੇਸ਼ ਕੀਤੀ। ਸਤਵਿੰਦਰ ਸਿੰਘ ਨੇ ਸਿੱਖੀ ਕੀ ਹੈ ਨਾਮੀ ਕਵਿਤਾ ਸਾਂਝੀ ਕੀਤੀ। ਰਣਜੀਤ ਸਿੰਘ ਨੇ ਮੋਹਨ ਗਿੱਲ ਦੀ ਕਵਿਤਾ ਸੈਲਫੀ ਸੁਣਾਈ। ਰਾਮਸਵਰੂਪ ਸੈਣੀ ਨੇ ਇੱਕ ਗੀਤ ਪੇਸ਼ ਕੀਤਾ। ਦਵਿੰਦਰ ਮਲਹਾਂਸ ਨੇ ਮੁਨੀਰ ਨਿਆਜ਼ੀ ਦੀ ਕਵਿਤਾ ਹਮੇਸ਼ਾ ਦੇਰ ਕਰ ਦੇਤਾ ਨੂੰ ਮੈਂ ਸਾਂਝੀ ਕੀਤੀ। ਮਾ. ਜੀਤ ਸਿੰਘ ਸਿੱਧੂ ਨੇ ਹਰਭਜਨ ਕੌਰ ਦੁਆਰਾ ਲਿਖੀ ਗਈ ਕਹਾਣੀ ਪ੍ਰੇਮ ਸੁਣਾਈ ਅਤੇ ਸੁਖਵਿੰਦਰ ਤੂਰ ਇੱਕ ਗੀਤ ਨਾਲ ਆਪਣੀ ਹਾਜ਼ਰੀ ਲਗਵਾਈ। ਹਮੇਸ਼ਾ ਦੀ ਤਰਾਂ ਤਰਲੋਕ ਸਿੰਘ ਚੁੱਘ ਚੁਟਕਲਿਆਂ ਦੀ ਝੜੀ ਨਾਲ ਸਭਨਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਅਤੇ ਹਾਸੇ ਲਿਆਉਣ ਵਿਚ ਕਾਮਯਾਬ ਰਹੇ। ਅਖੀਰ ਵਿਚ ਪ੍ਰਧਾਨ ਤਰਲੋਚਨ ਸਿੰਘ ਸੈਹਿੰਬੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਮੀਡੀਆ ਮੈਂਬਰ ਰਿਸ਼ੀ ਨਾਗਰ, ਰਮਨਜੀਤ ਸਿੱਧੂ ਅਤੇ ਸਤਵਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਸਭ ਨੂੰ 25 ਮਾਰਚ ਨੂੰ ਹੋ ਰਹੇ ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ ਦਾ ਮੁਕਾਬਲਾ ਪ੍ਰੋਗਰਾਮ ਵਿਚ ਹੁਮਹੁਮਾ ਕੇ ਪੁੱਜਣ ਲਈ ਤਾਕੀਦ ਕੀਤੀ। ਇਹ ਵੀ ਯਾਦ ਕਰਾਇਆ ਇਸ ਬੱਚਿਆਂ ਦੇ ਪ੍ਰੋਗਰਾਮ ਕਾਰਨ ਮਾਰਚ ਦੇ ਮਹੀਨੇ ਵਿਚ ਮਾਸਿਕ ਇਕੱਤਰਤਾ ਨਹੀਂ ਹੋਵੇਗੀ। ਵਧੇਰੇ ਜਾਣਕਾਰੀ ਲਈ ਪਾਠਕ ਤਰਲੋਚਨ ਸੈਹਿੰਬੀ ਨਾਲ 403-827-1483 ਜਾਂ ਬਲਬੀਰ ਗੋਰਾ ਨਾਲ 403-472-2662 'ਤੇ ਸੰਪਰਕ ਕਰ ਸਕਦੇ ਹਨ।

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਟੈਕਟ ਲੈਨਜ਼ ਲਗਾਉਣੇ
403-274-4514
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
deerfootvision@yahoo.ca

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਔਰਤ ਦਿਵਸ ਸਮਾਗਮ 8 ਮਾਰਚ ਨੂੰ ਜੈਨਸਿਸ ਸੈਂਟਰ 'ਚ

## ਦੋ ਨਾਟਕ ਅਤੇ ਕੋਰੀਓਗਰਾਫੀ ਦੀ ਪੇਸ਼ਕਾਰੀ ਹੋਵੇਗੀ, ਸਮਾਗਮ ਲਈ ਦਾਖਲਾ ਮੁਫਤ




ਕੈਲਗਰੀ:ਕੌਮਾਂਤਰੀ ਔਰਤ ਦਿਵਸ ਨੂੰ ਸਮਰਪਿਤ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਵਲੋਂ ਇੱਕ ਸਮਾਗਮ 8 ਮਾਰਚ ਨੂੰ ਇੱਥੋਂ ਦੇ ਜੈਨਸਿਸ ਸੈਂਟਰ ਵਿੱਚ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਜੈਨਸਿਸ ਸੈਂਟਰ ਦੇ ਕੌਮਨ ਏਰੀਆ ਵਿੱਚ ਕਰਵਾਇਆ ਜਾਵੇਗਾ। ਇਸ ਸਮਾਗਮ ਦੌਰਾਨ ਨੁੱਕੜ ਸ਼ੈਲੀ ਵਿੱਚ ਦੋ ਨਾਟਕਾਂ ਦੀ ਪੇਸ਼ਕਾਰੀ ਤੋਂ ਇਲਾਵਾ ਇੱਕ ਕੋਰੀਓਗਰਾਫੀ ਪੇਸ਼ ਕੀਤੀ ਜਾਵੇਗੀ। ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਗਿੱਲ ਨੇ ਦੱਸਿਆ ਕਿ ਇਹ ਸਮਾਗਮ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ (ਲੁਧਿਆਣਾ) ਦੇ ਸਹਿਯੋਗ ਨਾਲ਼ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਮਾਗਮ ਦੀ ਕੋਈ ਵੀ ਟਿਕਟ ਨਹੀਂ ਹੈ। ਇਸ ਸਮਾਗਮ ਦੀ ਸਫਲਤਾ ਲਈ ਪ੍ਰੋਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਤਿਆਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ। ਨਾਟਕਕਾਰ ਗੁਰਸ਼ਰਨ ਸਿੰਘ ਦੁਆਰਾ ਰਚਿਤ ਨਾਟਕ 'ਬੇਗਮੋ ਦੀ ਧੀ' ਰਾਹੀਂ ਔਰਤ ਉਪਰ ਹੁੰਦੇ ਅੱਤਿਆਚਾਰ ਨੂੰ ਦਰਸਾਇਆ ਗਿਆ ਹੈ। ਇਸ ਨਾਟਕ ਵਿੱਚ ਦੇਸ਼ ਦੇ ਬਟਵਾਰੇ ਤੋਂ ਲੈ ਕੇ ਚੁਰਾਸੀ ਦੇ ਦੌਰ ਤੱਕ ਦੀਆਂ ਘਟਨਾਵਾਂ ਰਾਹੀਂ ਇਸ ਜ਼ੁਲਮ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ ਜਾਵੇਗਾ। ਗੁਰਸ਼ਰਨ ਭਾਅ ਜੀ ਦੇ ਦੂਜੇ ਨਾਟਕ 'ਟੋਆ' ਰਾਹੀਂ ਸਰਕਾਰੀ ਤੰਤਰ ਉਪਰ ਕਰਾਰੀ ਚੋਟ ਪੇਸ਼ ਕੀਤੀ ਜਾਵੇਗੀ। ਤੀਜੀ ਪੇਸ਼ਕਾਰੀ ਕੈਨੇਡਾ ਦੇ ਜੰਮਪਲ਼ ਬੱਚਿਆਂ ਵਲੋਂ ਕੰਨਿਆ ਭਰੂਣ ਹੱਤਿਆ ਦੇ ਅਧਾਰਿਤ ਇੱਕ ਕੋਰੀਓਗਰਾਫੀ ਹੋਵੇਗੀ। ਸਮਾਗਮ ਦੀ ਨਿਰਦੇਸ਼ਕਾ ਕਮਲਪ੍ਰੀਤ ਪੰਧੇਰ ਨੇ ਦੱਸਿਆ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦਾ ਇੱਕੋ ਇੱਕ ਉਦੇਸ਼ ਕਲਾ ਨੂੰ ਕਮਾਈ ਦਾ ਸਾਧਨ ਬਣਾਉਣ ਦੀ ਬਜਾਏ ਸਮਾਜਿਕ ਬੁਰਾਈਆਂ ਵਿਰੁੱਧ ਲੋਕ ਆਵਾਜ਼ ਬੁਲੰਦ ਕਰਨਾ ਹੈ। ਉਹਨਾਂ ਦੱਸਿਆ ਕਿ ਭਾਵੇਂ ਕੈਨੇਡਾ ਵਰਗੇ ਮੁਲਕ ਵਿੱਚ ਔਰਤਾਂ ਕੋਲ਼ ਅਧਿਕਾਰ ਕਾਫੀ ਹਨ ਫਿਰ ਜਾਗਰੂਕ ਕਰਨ ਲਈ ਅਜਿਹੇ ਸਮਾਗਮ ਅਹਿਮ ਭੂਮਿਕਾ ਨਿਭਾਓਂਦੇ ਹਨ। ਇਸ ਸਮਾਗਮ ਦੌਰਾਨ ਉਹਨਾਂ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਜਿਹਨਾਂ ਦੇ ਇੱਕ ਜਾਂ ਦੋ ਕੁੜੀਆਂ ਹਨ ਅਤੇ ਉਹਨਾਂ ਨੇ ਸਮਾਜ ਸੇਵਾ ਵਿੱਚ ਯੋਗਦਾਨ ਪਾਇਆ ਹੈ। ਦੱਸਣਯੋਗ ਹੈ ਕਿ ਪ੍ਰੋਗਰੈਸਿਵ ਕਲਾ ਮੰਚ ਦੀ ਟੀਮ ਅਲਬਰਟਾ ਵਿੱਚ ਨਾਟਕਾਂ ਨੂੰ ਨੁੱਕੜ ਸ਼ੈਲੀ ਵਿੱਚ ਪੇਸ਼ ਕਰਨ ਵਾਲ਼ੀ ਇੱਕੋ ਇੱਕ ਟੀਮ ਹੈ।

# ਦੀਵਾ ਬਾਲ਼ ਪੰਜਾਬੀ ਦਾ।



ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਵਲੋਂ ਸਾਂਝੀ ਟੀਮ ਵਲੋਂ ਜੈਨਸਿਸ ਸੈਂਟਰ ਵਿੱਚ ਲਗਾਈਆਂ ਜਾ ਰਹੀਆਂ ਪੰਜਾਬੀ ਦੀਆਂ ਫਰੀ ਕਲਾਸਾਂ ਨੂੰ ਜਾਰੀ ਰੱਖਣਾ ਚੁਣੌਤੀ ਭਰਿਆ ਕੰਮ ਹੈ। ਕੈਨੇਡਾ ਦੀ ਤੇਜ਼ ਤਰਾਰ ਜ਼ਿੰਦਗੀ ਵਿੱਚ ਹਰ ਹਫਤੇ ਵਲੰਟੀਅਰ ਇਹਨਾਂ ਬੱਚਿਆਂ ਨੂੰ ਪੜ੍ਹਾਉਣ ਲਈ ਪੁੱਜਦੇ ਹਨ। ਸਮੁੱਚੀ ਟੀਮ ਇਸ ਲਈ ਵਧਾਈ ਦੀ ਪਾਤਰ ਹੈ। ਇਸ ਸਮੇਂ ਕੌਮਾਂਤਰੀ ਮਾਂ ਬੋਲੀ ਦਿਵਸ (21 ਫਰਵਰੀ) ਨੂੰ ਸਮਰਪਿਤ ਪੰਜਾਬੀ ਕਵਿਤਾ ਵਰਕਸ਼ਾਪ ਵੀ ਚੱਲ ਰਹੀ ਹੈ ਜਿਸ ਵਿੱਚ 45 ਬੱਚੇ ਸ਼ਾਮਲ ਹਨ। ਕੌਮਾਂਤਰੀ ਮਾਂ ਬੋਲੀ ਦਿਵਸ ਦੇ ਮੌਕੇ ਪਾਕਿਸਤਨੀ ਸ਼ਾਇਰ ਬਾਬਾ ਨਾਜ਼ਮੀ ਦੀਆਂ ਇਹ ਸਤਰਾਂ ਜ਼ੁਬਾਨ ਤੇ ਆ ਰਹੀਆਂ ਹਨ:

**ਅੱਖਰਾਂ ਵਿੱਚ ਸਮੁੰਦਰ ਰੱਖਾਂ,**
**ਮੈਂ ਇਕਬਾਲ ਪੰਜਾਬੀ ਦਾ ।**
**ਝੱਖੜਾਂ ਦੇ ਵਿੱਚ ਰੱਖ ਦਿੱਤਾ ਏ,**
**ਦੀਵਾ ਬਾਲ਼ ਪੰਜਾਬੀ ਦਾ।**

# ਮਾਤ ਭਾਸ਼ਾ ਦਿਵਸ ਮੌਕੇ ਕੁਇਜ਼ ਮੁਕਾਬਲਾ ਅਤੇ ਭਾਸ਼ਣ

## ਮਾਤ-ਭਾਸ਼ਾ ਬਿਨਾ ਸਿੱਖਿਆ ਅਧੂਰੀ : ਰਣਦੀਪ



ਸੰਤ ਬਾਬਾ ਅਤਰ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਹਰਿਆਊ ਵਿਖੇ ਮਾਤ-ਭਾਸ਼ਾ ਦਿਵਸ ਮਨਾਇਆ ਗਿਆ। ਸਮਾਰੋਹ ਦੌਰਾਨ ਸੀਨੀਅਰ ਲੈਕਚਰਾਰ ਰਣਦੀਪ ਸੰਗਤਪੁਰਾ ਨੇ "ਮਾਤ-ਭਾਸ਼ਾ ਦਾ ਸਿੱਖਿਆ 'ਚ ਮਹੱਤਵ" ਵਿਸ਼ੇ 'ਤੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ। ਸਕੂਲ ਵਿਦਿਆਰਥੀਆਂ ਦਾ ਅੰਤਰ-ਹਾਊਸ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਸਹਿ-ਅਕਾਦਮਿਕ ਗਤੀਵਿਧੀਆਂ ਦੇ ਇੰਚਾਰਜ ਰਣਦੀਪ ਸਿੰਘ ਸੰਗਤਪੁਰਾ ਨੇ ਦੱਸਿਆ ਕਿ ਰੋਜ਼, ਮੈਰੀਗੋਲਡ ਅਤੇ ਲੌਟਸ ਹਾਊਸ ਦਰਮਿਆਨ ਪੰਜਾਬੀ, ਸਮਾਜਿਕ ਸਿੱਖਿਆ, ਵਿਗਿਆਨ ਅਤੇ ਚਲੰਤ ਮਾਮਲਿਆਂ ਸਬੰਧੀ ਹੋਏ ਇਹਨਾਂ ਮੁਕਾਬਲਿਆਂ 'ਚ ਸੀਨੀਅਰ ਵਰਗ 'ਚ ਮੈਰੀਗੋਲਡ ਹਾਊਸ ਨੇ ਪਹਿਲਾ, ਲੌਟਸ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ, ਜੂਨੀਅਰ ਵਰਗ 'ਚ ਮੈਰੀਗੋਲਡ ਹਾਊਸ ਨੇ ਪਹਿਲਾ, ਰੋਜ਼ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਚੇਅਰਮੈਨ ਸਤਨਾਮ ਬਾਵਾ, ਪ੍ਰਧਾਨ ਵਾਸਦੇਵ ਸ਼ਰਮਾ, ਜਸਪਾਲ ਕੌਰ, ਗੁਰਪ੍ਰੀਤ ਸਿੰਘ, ਅਮਰ ਕੌਰ, ਚਰਨਜੀਤ ਕੌਰ, ਸਿਮਰਤਪਾਲ ਕੌਰ ਨੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।


We pay for your Junk Car
ਅਸੀਂ ਤੁਹਾਨੂੰ ਤੁਹਾਡੀਆਂ ਨਾਕਾਰਾ ਕਾਰਾਂ ਦੀ ਕੀਮਤ ਵੀ ਦਿੰਦੇ ਹਾਂ
GOD LIGHT TOWING
Free Scrap Car Removal
Boast Service
Gas Delivery
Impound Access
Call Karan 24/7
403-542-9896



ਸੁਪਰ ਵੀਜ਼ਾ SUPER VISA ਸੁਪਰ ਵੀਜ਼ਾ
ASK ME 5 THINGS WHY I AM DIFFERENT THAN OTHERS
Do You Know?
ABOUT RESP
1 You Can Get Upto $9200 Grant from Government for your Kids Education
2 The Cost of University For Year 2015 was $68000 which will be $121600 in 2032
3 You can get upto 15% Extra Bonus with us on your Total Contributions
ਤੁਹਾਡੇ ਬੱਚਿਆਂ ਦਾ ਭਵਿੱਖ ਤੁਹਾਡੇ ਹੱਥ !
Do You Know?
ABOUT
LIFE & DISABILITY INSURANCE?
1 Get $100000 Life Insurance+$1000 Disability Insurance for Just $36.11 per month.
2 100% Money Back Guarnteed if you buy permanant Life Insurance.
3 We will Replace your income ( Your Cheque) in case of Disability (Accident Etc.) & If You Can't go to work.
SAVE 20 TO 30% IN MORTGAGE INSURANCE
Critical Illness & Disability Insurance
Long Term Care Insurance
Different Business Insurances
Estate Planning etc.
ਬਿਲਕੁੱਲ ਮੁਫ਼ਤ ਸਲਾਹ ਲਈ ਤੁਹਾਡਾ ਆਪਣਾ
SUKHDEEP (SUNNY) KHOSA
FINANCIAL SECURITY ADVISOR
Ph. : 403-619-8545

"ਜੇਕਰ ਘਰ ਵੇਚਣਾ ਹੈ ਜਾਂ ਨਵੇਂ ਘਰ ਦੀ ਕਰ ਰਹੇ ਹੋ ਭਾਲ ਤਾਂ ਭਰੋਸੇਯੋਗ ਸੇਵਾਵਾਂ ਲਈ ਬਲਜਿੰਦਰ ਸੰਘਾ ਨੂੰ ਕਰੋ ਕਾਲ"
urban Real Estate Services Ltd.
BALJINDER SANGHA (B.Com)
MLS Real Estate Associate
CERTIFIED CONDOMINIUM SPECIALIST
Cell :403-680-3212 Fax :587-472-7530
"All our buyers Get 2 year Purchase Guarantee"
"Buy or Sell Home with 1 year Home Warranty"
(call for more detail)
Urban Real Estate Services Ltd.
REALTOR
Email : baljindersangha@urban-realty.ca www.urban-realty.ca
Call for all your house BUYING and SELLING needs
Office : 4101-19 St NE, Calgary,T2E6X8, AB,Canada,

DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com


# ਭਾਰਤ 'ਚ ਨਾਸਤਿਕਤਾ ਦਾ ਸਵਾਲ ਅਤੇ ਸਾਡੀ ਵਿਰਾਸਤ

-ਡਾ. ਸੁਖਦੇਵ ਹੁੰਦਲ

2017 ਦਾ ਸਾਲ ਚੜ੍ਹਦਿਆਂ ਹੀ, ਪੰਜਾਬੀ ਭਵਨ ਲੁਧਿਆਣਾ ਵਿਖੇ, ਜਨਚੇਤਨਾ ਪੁਸਤਕ ਵਿੱਕਰੀ ਕੇਂਦਰ 'ਤੇ ਇੱਕ ਹਿੰਦੂਤਵਵਾਦੀ ਜਥੇਬੰਦੀ ਦੇ ਹਮਲੇ ਨੇ, ਧਰਮ ਤੇ ਨਾਸਤਿਕਤਾ ਦੇ ਵਿਸ਼ੇ 'ਤੇ ਲਿਖੀਆਂ ਕਿਤਾਬ 'ਮੈਂ ਨਾਸਤਿਕ ਕਿਉਂ ਹਾਂ?' ਅਤੇ ਰਾਧਾ ਮੋਹਨ ਗੋਕੁਲ ਦੀਆਂ ਕਿਤਾਬਾਂ 'ਧਰਮ ਕਾ ਢਕੋਂਸਲਾ', 'ਈਸ਼ਵਰ ਕਾ ਬਹਿਸ਼ਕਾਰ' ਅਤੇ 'ਇਸਤ੍ਰੀਉਂ ਕੀ ਸਵਾਧੀਨਤਾ' ਨੂੰ ਦੇਸ਼ ਧ੍ਰੋਹ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੀਆਂ ਕਿਤਾਬਾਂ ਦਾ ਫ਼ਤਵਾ ਦਿੱਤਾ ਹੈ। ਦੇਸ਼ ਦੀ ਜਵਾਨੀ ਦੇ ਪ੍ਰੇਰਨਾ ਸ੍ਰੋਤ ਸ਼ਹੀਦ ਭਗਤ ਸਿੰਘ ਅਤੇ ਇਨਕਲਾਬੀਆਂ ਦੇ ਪੂਰਾਂ ਦੇ ਪੂਰ ਤਿਆਰ ਕਰਨ ਵਾਲ਼ੇ, ਅਜ਼ਾਦੀ ਘੁਲਾਟੀਏ ਅਤੇ ਮਹਾਨ ਅਧਿਆਪਕ 'ਰਾਧਾ ਮੋਹਨ ਗੋਕੁਲ' ਬਾਰੇ ਏਨੀਂ ਘਟੀਆ ਤੇ ਕਮੀਨੀ ਟਿੱਪਣੀ ਕਰਨ ਵਾਲੇ, ਆਪੇ ਸਜੇ ਜੱਜਾਂ ਬਾਰੇ ਤਾਂ ਲੋਕ ਹੀ ਫ਼ੈਸਲਾ ਕਰਨਗੇ।

ਪਰ ਜੋ ਸਵਾਲ ਉਠਾਇਆ ਗਿਆ ਹੈ ਉਸ ਬਾਰੇ ਗੰਭੀਰ ਗੱਲਬਾਤ ਕਰਨੀ ਜਰੂਰੀ ਹੈ। ਫਾਂਸੀ ਤੋਂ ਕੁਝ ਦਿਨ ਪਹਿਲਾਂ, ਸ਼ਹੀਦ ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ?' ਲਿਖੀ। ਕੀ ਸਾਡੇ ਦੇਸ਼ ਦੀ ਨੌਜਵਾਨ ਪੀੜ੍ਹੀ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆ ਦਾ ਸਮਾਜ ਸਿਰਜਣ ਦੀ ਜੱਦੋਜਹਿਦ ਵਿੱਚ ਲੱਗੀਆਂ ਸਾਡੇ ਦੇਸ਼ ਦੇ ਇਨਕਲਾਬੀਆਂ ਦੀਆਂ ਸਫਾਂ ਨੇ ਆਪਣੇ ਮਹਾਨ ਨਾਇਕ ਵਲੋਂ ਉਠਾਏ ਗਏ, ਇਸ ਗੰਭੀਰ ਦਾਰਸ਼ਨਿਕ ਮੁੱਦੇ ਪ੍ਰਤੀ, ਗੰਭੀਰਤਾ ਵਿਖਾਈ ਹੈ? ਮਾਰਕਸ, ਏਂਗਲਜ਼ ਅਤੇ ਲੈਨਿਨ ਨੇ, ਯੂਰਪ ਵਿੱਚ ਪ੍ਰਬੋਧਨ ਕਾਲ ਦੇ ਦੌਰਨ ਨਾਸਤਿਕਤਾ ਦੇ ਪ੍ਰਚਾਰ ਦੇ ਮਹੱਤਵ ਨੂੰ ਸਮਝਣ ਤੇ ਜ਼ੋਰ ਦਿੱਤਾ ਸੀ। ਸਾਡੇ ਦੇਸ਼ ਵਿੱਚ ਇਸ ਵੇਲੇ, ਪ੍ਰਗਟਾਵੇ ਦੀ ਅਜ਼ਾਦੀ ਅਤੇ ਹਰ ਤਰ੍ਹਾਂ ਦੇ ਜਮਹੂਰੀ ਸੰਘਰਸ਼ਾਂ 'ਤੇ ਹਮਲੇ ਹੋ ਰਹੇ ਹਨ। ਅੰਨ੍ਹੇ ਕੌਮਵਾਦ ਫਿਰਕਾਪ੍ਰਸਤੀ ਅਤੇ ਧਾਰਮਿਕ ਉਨਮਾਦ ਦਾ ਮਹੌਲ ਸਿਰਜ ਕੇ , ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਂ ਦੇ ਵਿਰੋਧ ਅਤੇ ਹਰ ਤਰ੍ਹਾਂ ਦੀ ਪਹਿਲ ਕਦਮੀ ਨੂੰ ਕੁਚਲਿਆ ਜਾ ਰਿਹਾ ਹੈ। ਆਮ ਧਾਰਨਾ ਪ੍ਰਚਾਰੀ ਜਾਂਦੀ ਹੈ ਕਿ ਸਾਡਾ ਦੇਸ਼ ਅਧਿਆਤਮਵਾਦੀ ਦਰਸ਼ਨਾਂ ਦਾ ਦੇਸ਼ ਹੈ, ਨਾਸਤਿਕਤਾ ਦੀ ਗੱਲ ਕਰਨ ਵਾਲਿਆਂ ਨੂੰ ਹਾਕਮ ਜਮਾਤਾਂ ਇੱਕ ਖ਼ਤਰੇ ਦੇ ਤੌਰ 'ਤੇ ਵੇਖਦੀਆਂ ਹਨ। ਲੋਕ ਮਨਾ ਵਿੱਚ ਉਹਨਾਂ ਪ੍ਰਤੀ ਨਫਰਤ ਪੈਦਾ ਕਰਨ ਲਈ, ਧਾਰਮਿਕ ਜਥੇਬੰਦੀਆਂ ਅਤੇ ਆਪਣੇ ਪ੍ਰਚਾਰ ਸਾਧਨਾ ਰਾਹੀਂ ਲਗਾਤਾਰ ਪ੍ਰਚਾਰ ਕੀਤਾ ਜਾਂਦਾ ਹੈ। ਤੁਸੀਂ ਆਪਣੇ ਆਲ਼ੇ-ਦੁਆਲ਼ੇ ਕਿਰਤੀ ਲੋਕਾਂ ਦੇ ਦੁੱਖਾਂ ਸੁੱਖਾਂ ਅਤੇ ਹੱਕਾਂ ਲਈ ਲੜਨ ਵਾਲੇ ਲਿਸਟ ਬਣਾਓ। ਤੁਸੀਂ ਵੇਖੋਗੇ ਕਿ ਉਹਨਾਂ ਉਹਨਾਂ ਵਿੱਚ ਬਹੁਗਿਣਤੀ ਇਨਕਲਾਬੀ ਨੌਜਵਾਨ ਅਤੇ ਬੁੱਧੀਜੀਵੀ, ਵਿਚਾਰਧਾਰਕ ਤੌਰ ਤੇ ਨਾਸਤਕ ਹੋਣਗੇ। ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਹੀ ਇਲਕਲਾਬੀ ਅਤੇ ਲੋਕ ਹਿੱਤਾਂ ਲਈ ਗੱਲ ਕਰਨ ਵਾਲੇ ਲੋਕ ਨਾਸਤਕ ਹੋ ਗਏ ਹਨ। ਕਿਰਤੀ ਲੋਕਾਂ ਵਿੱਚ ਵੀ ਅਜਿਹੇ ਲੋਕਾਂ ਦੀ ਕਮੀ ਨਹੀਂ ਜਿਹੜੇ ਆਪਣੀਆਂ ਸਮਾਜਕ ਇਤਿਹਾਸਕ ਹਾਲਤਾਂ ਵਿੱਚ, ਸਮਾਜ ਵਿੱਚ ਪ੍ਰਚੱਲਤ ਭਾਰੂ ਸੱਭਿਆਚਾਰ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਕਈ ਤਰ੍ਹਾਂ ਦੀਆਂ ਧਾਰਮਿਕ ਅਤੇ ਵਿਚਾਰਵਾਦੀ ਧਾਰਨਾਵਾਂ ਰੱਖਦੇ ਹੋਏ ਵੀ, ਮਜ਼ਦੂਰ ਜਮਾਤ ਇਸ ਸਮਾਜ ਨੂੰ ਚਲਾਉਣ ਵਾਲ਼ੀ, ਮੁੱਖ ਚਾਲਕ ਸ਼ਕਤੀ ਹੈ। ਸਰਮਾਏਦਾਰੀ ਪ੍ਰਬੰਧ ਨੂੰ ਚਲਾਉਣ ਵਾਲੀ ਮੁੱਖ ਚਾਲਕ ਸ਼ਕਤੀ ਮਜ਼ਦੂਰ ਜਮਾਤ ਪੈਦਾਵਾਰ ਸਬੰਧਾਂ ਵਿੱਚ ਆਪਣੇ ਸਥਾਨ ਕਰਕੇ ਇਹ ਭੂਮਿਕਾ ਨਿਭਾਉਂਦੀ ਹੈ। ਜਿੱਥੋਂ ਤੱਕ ਵਿਚਾਰਧਾਰਾ ਦਾ ਸਵਾਲ ਹੈ, ਮਜ਼ਦੂਰ ਜਮਾਤ ਨੂੰ ਆਪਣੀ ਮੁਕਤੀ ਲਈ, ਹਰ ਤਰ੍ਹਾਂ ਦੇ ਬੁਰਜੂਆ ਵਿਚਾਰਧਾਰਕ ਗਲਬੇ ਤੋਂ ਮੁਕਤ, ਆਪਣੇ ਹਰਾਵਲ ਦਸਤੇ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਨਾਸਤਿਕਤਾ ਦਾ ਸਵਾਲ, ਸਰਮਾਏਦਾਰੀ ਅਤੇ ਮਜ਼ਦੂਰ ਜਮਾਤ ਦੇ ਵਿਚਾਰਧਾਰਕ ਸੰਘਰਸ਼ ਵਿੱਚ, ਇੱਕ ਅਹਿਮ ਥਾਂ ਰੱਖਦਾ ਹੈ। ਭਾਵੇਂ ਇਹ ਇੱਕ ਮਾਤਰ ਸਵਾਲ ਨਹੀਂ ਹੈ। ਇਸ ਪ੍ਰਬੰਧ ਵਿੱਚ ਇਸ ਸਵਾਲ ਨੂੰ ਸਮਝਣ ਨੂੰ ਦੀ ਕੋਸ਼ਿਸ਼ ਕਰਾਂਗੇ।

ਕੀ ਧਰਮ ਦੀ ਹਮੇਸ਼ਾ ਹੋਂਦ ਰਹੀ ਹੈ? ਸਮਾਜ ਦਾ ਵਿਕਾਸ ਸਾਮਵਾਦੀ ਕਬਾਇਲੀ ਸਮਾਜ ਤੋਂ ਜਮਾਤੀ ਸਮਾਜ ਵਿੱਚ ਤਬਦੀਲੀ ਦੇ ਦੌਰ ਵਿੱਚੋਂ ਲੰਘਿਆ ਹੈ। ਲੱਖਾਂ ਸਾਲਾਂ ਦੀ ਸੱਭਿਅਤਾ ਦੇ ਯੁੱਗ ਤੋਂ ਪਹਿਲਾਂ ਦੇ ਯੁੱਗ ਵਿੱਚ ਧਰਮ ਦੀ ਹੋਂਦ ਨਹੀਂ ਸੀ। ਮਨੁੱਖ ਆਪਣੇ ਮੁੱਢਲੇ ਦੌਰ ਤੋਂ ਵਿਕਾਸ ਕਰਦਾ ਹੋਇਆ, ਟੌਟਮ ਅਤੇ ਜਾਦੂ ਵਰਗੇ ਵਿਸ਼ਵਾਸਾਂ ਦੇ ਦੌਰ ਵਿੱਚੋਂ ਗੁਜ਼ਰਦਾ ਹੋਇਆ ਧਰਮ ਦੇ ਪੜ੍ਹਾਅ ਤੇ ਪਹੁੰਚਿਆ। ਧਰਮ, ਮਨੁੱਖ ਦੇ ਸੁਭਾਅ ਦਾ ਸਹਿਜ ਰੂਪ ਵਿੱਚ ਅੰਗ ਨਹੀਂ ਸਗੋਂ ਇਤਿਹਾਸਕ ਵਿਕਾਸ ਦੇ ਇੱਕ ਪੜ੍ਹਾਅ ਤੋਂ ਪੈਦਾ ਹੁੰਦਾ ਹੈ। ਪੁਰਾਤਨ ਦੌਰ ਵਿੱਚ, ਮਨੁੱਖ, ਕੁਦਰਤ ਦੀਆਂ ਸ਼ਕਤੀਆਂ ਨਾਲ਼ ਸੰਘਰਸ਼ ਕਰਦਾ ਹੋਇਆ, ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਕਰਦਾ ਹੈ। ਆਪਣੀ ਇਸ ਸਮੂਹਕ ਸਰਗਰਮੀ ਨਾਲ਼, ਜਦੋਂ ਉਹ ਵਾਫਰ ਪੈਦਾਵਾਰ ਕਰਨ ਦੇ ਯੋਗ ਹੋ ਗਿਆ ਤਾਂ ਸਮਾਜ ਜਮਾਤਾਂ ਵਿੱਚ ਵੰਡਿਆਂ ਗਿਆ। ਇੱਕ ਪਾਸੇ ਕੰਮ ਕਰਨ ਵਾਲ਼ੇ ਅਤੇ ਦੂਜੇ ਪਾਸੇ ਕਰਵਾਉਣ ਵਾਲ਼ਿਆਂ ਵਿੱਚ ਵੰਡਿਆਂ ਗਿਆ। ਏਂਗਲਜ਼ ਅਨੁਸਾਰ ਉਦੋਂ ਤੋਂ ਲੈ ਕੇ ਅੱਜ ਤੱਕ ਸਾਡੀ ਸੱਭਿਅਤਾ ਦਾ ਇਤਿਹਾਸ, ਜਮਾਤੀ ਟੱਕਰਾਂ ਦਾ ਇਤਿਹਾਸ ਹੈ। ਕਿਰਤ ਦੀ ਇਸ ਵੰਡ ਤੋਂ ਬਾਅਦ, ਕੰਮ ਕਰਵਾਉਣ ਵਾਲ਼ੇ ਇੱਕ ਹਿੱਸੇ ਵਲੋਂ, ਦੂਜੇ ਹਿੱਸੇ ਨੂੰ ਦਬਾਉਣ ਲਈ ਰਾਜ ਦੀ ਉਤਪਤੀ ਹੋਈ। ਰਾਜ ਦਾਬੇ ਦੇ ਹਥਿਆਰ ਦੇ ਰੂਪ ਵਿੱਚ ਪੈਦਾ ਹੋਇਆ। ਪਰ ਸਾਰੀ ਕੰਮ ਕਰਨ ਵਾਲ਼ੀ ਅਬਾਦੀ ਨੂੰ, ਬਲ ਨਾਲ਼ ਹੀ ਦਬਾਉਣਾ ਬੇਹੱਦ ਮੁਸ਼ਕਲ ਹੁੰਦਾ ਹੈ। ਦੂਜੇ ਪਾਸੇ ਅਬਾਦੀ ਦਾ ਇੱਕ ਹਿੱਸਾ ਵੇਹਲਾ ਹੋ ਕੇ, ਚਿੰਤਨ ਦੇ ਕੰਮ ਵਿੱਚ ਪੈ ਗਿਆ। ਇਸੇ ਚਿੰਤਨ ਵਿੱਚੋਂ, ਹਾਕਮ ਜਮਾਤਾਂ ਦੀ ਸਹਾਇਤਾ ਲਈ, ਧਰਮ ਦੀ ਉਤਪਤੀ ਹੋ ਗਈ, ਜਿਸ ਦਾ ਮੁੱਖ ਕੰਮ ਲੋਕਾਂ ਨੂੰ ਬਦਲੇ ਹੋਏ ਹਾਲਤਾਂ ਨੂੰ ਪ੍ਰਵਾਨ ਕਰਨ ਲਈ, ਭਾਣਾ ਮੰਨਣ ਦੀ ਸਿੱਖਿਆ ਦੇਣਾ ਸੀ। ਰਾਹੁਲ ਸਾਂਕ੍ਰਤਾਇਨ ਅਨੁਸਾਰ ਸਿਰਫ਼ ਵਿਸ਼ਵਾਸ ਨਾਲ਼ ਹੀ ਸਾਡੇ ਲੋਕਾਂ ਨੂੰ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ, ਇਸ ਲਈ ਉੱਨਤ ਦਿਮਾਗਾਂ ਨੂੰ ਸਿਧਾਉਣ ਲਈ, ਹਾਕਮ ਜਮਾਤਾਂ ਦੀ ਸੇਵਾ ਲਈ, ਤਰਕ ਦਾ ਹਥਿਆਰ ਲੈ ਕੇ, ਦਰਸ਼ਨ ਆ ਹਾਜ਼ਰ ਹੋਇਆ।




ਤੇਜ਼ ਸਮਾਜਕ ਤਬਦੀਲੀਆਂ ਦਾ ਦੌਰ, ਬੇਹੱਦ ਸਰਗਰਮ ਬੌਧਿਕ ਬਹਿਸਾਂ ਅਤੇ ਵਿਚਾਰਧਾਰਕ ਟੱਕਰਾਂ ਦਾ ਦੌਰ ਵੀ ਹੁੰਦਾ ਹੈ। ਪੁਰਾਤਨ ਭਾਰਤੀ ਦਰਸ਼ਨ ਅਤੇ ਯੂਨਾਨੀ ਦਰਸ਼ਨ ਇਸ ਦੀਆਂ ਮਿਸਾਲਾਂ ਹਨ। ਚੀਜ਼ਾਂ ਵਿਰੋਧ ਤੋਂ ਬਿਨ੍ਹਾਂ ਅੱਗੇ ਨਹੀਂ ਵਧਦੀਆਂ। ਵਿਰੋਧ ਵਿਕਾਸ, ਹਰੇਕ ਗਤੀਸ਼ੀਲ ਵਰਤਾਰੇ ਦਾ ਨਿਯਮ ਹੈ। ਹਾਕਮ ਜਮਾਤਾਂ ਦੀ ਸੇਵਾ ਲਈ ਪੈਦਾ ਹੋਏ ਧਰਮ ਅਤੇ ਦਰਸ਼ਨ ਦਾ ਵਿਰੋਧੀ ਪੱਖ, ਉਸ ਦੇ ਨਾਲ਼ ਹੀ ਪੈਦਾ ਹੋ ਜਾਂਦਾ ਹੈ। ਦਰਸ਼ਨ ਦੇ ਸਬੰਧ ਵਿੱਚ ਇਹ ਵੰਡ, ਵਿਚਾਰਧਾਵਾਦੀ ਅਤੇ ਪਦਾਰਥਵਾਦੀ ਦਰਸ਼ਨ ਦੀ ਟੱਕਰ ਦੇ ਰੂਪ ਵਿੱਚ ਸਾਹਮਣੇ ਆਈ। ਮਨੁੱਖੀ ਵਿਕਾਸ ਦੇ ਇਸ ਬੇਹੱਦ ਜਟਿਲ ਵਰਤਾਰੇ ਦੇ ਹੋਰ ਵੀ ਕਈ ਪੱਖ ਹਨ। ਪਰ ਏਥੇ ਅਸੀਂ ਇਸ ਦੇ ਕੇਂਦਰੀ ਨੁਕਤੇ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਸਰਮਾਏਦਾਰੀ ਦੇ ਦੌਰ ਤੋਂ ਪਹਿਲਾਂ ਦੇ ਸਾਰੇ ਜਮਾਤੀ ਢਾਂਚਿਆਂ ਵਿੱਚ ਅਤੇ ਖਾਸ ਕਰਕੇ ਜਗੀਰਦਾਰੀ ਦੇ ਲੰਬੇ ਦੌਰ ਵਿੱਚ, ਹਾਕਮ ਜਮਾਤਾਂ ਦੇ ਵਿਚਾਰਧਾਰਕ ਗਲਬੇ ਨੂੰ ਕਾਇਮ ਰੱਖਣ ਲਈ, ਧਰਮ ਦੀ ਮੁੱਖ ਭੂਮਿਕਾ ਰਹੀ ਹੈ। ਏਥੋਂ ਤੱਕ ਕਿ ਇਤਿਹਾਸ ਵਿੱਚ ਐਸੀਆਂ ਵੀ ਮਿਸਾਲਾਂ ਮਿਲ ਜਾਂਦੀਆਂ ਹਨ ਜਦੋਂ ਹਾਕਮਾਂ ਦੇ ਵਿਰੋਧ ਵਿੱਚ ਉੱਠਣ ਵਾਲ਼ੇ, ਲੋਕਾਂ ਦੇ ਸੰਘਰਸ਼ ਵੀ, ਧਾਰਮਿਕ ਪ੍ਰਬੰਧ ਵਿੱਚ ਉੱਠੇ। ਜਦੋਂ ਹਾਕਮਾਂ ਦਾ ਜ਼ਬਰ, ਵਿਰੋਧ ਦੇ ਹਰੇਕ ਰੂਪ ਨੂੰ ਤਬਾਹ ਕਰਨ ਤੇ ਉੱਤਰ ਆਉਂਦਾ ਤਾਂ ਲੋਕਾਂ ਦਾ ਵਿਰੋਧ, ਹਾਕਮ ਜਮਾਤਾਂ ਦੇ ਬਣਾਏ ਹੋਏ ਢਾਚਿਆਂ ਦੇ ਅੰਦਰੋਂ ਹੀ, ਆਪਣਾ ਰਸਤਾ ਤਲਾਸ਼ ਲੈਂਦਾ ਹੈ। ਇਸ ਲਈ ਇਤਿਹਾਸ ਵਿੱਚ ਕਈ ਧਾਰਮਿਕ ਲਹਿਰਾਂ ਦਾ ਲੋਕ-ਪੱਖੀ ਚਿਹਰਾ ਨਜ਼ਰ ਆਉਂਦਾ ਹੈ ਤਾਂ ਇਸ ਦਾ ਵੀ ਆਪਣਾ ਇਤਿਹਾਸਕ ਮਹੱਤਵ ਹੈ। ਬੇਸ਼ਕ ਅੱਗੇ ਜਾ ਕੇ ਇਸ ਤਰ੍ਹਾਂ ਦੀਆਂ ਜਥੇਬੰਦੀਆਂ ਜਾਂ ਧਰਮ ਆਪਣੇ ਉਲਟ ਵਿੱਚ ਬਦਲ ਜਾਂਦੇ ਹਨ। ਮੁੱਖ ਤੌਰ 'ਤੇ ਧਰਮ ਹਾਕਮ ਜਮਾਤਾਂ ਦੇ ਹੱਕ ਵਿੱਚ ਹੀ ਭੁਗਤਦਾ ਹੈ। ਅਤੇ ਇਹ ਇੱਕ ਇਤਿਹਾਸਕ ਵਰਤਾਰਾ ਹੈ।

ਆਸਤਿਕਤਾ ਅਤੇ ਨਾਸਤਿਕਤਾ ਦਾ ਸਵਾਲ ਧਰਮ ਨਾਲ਼ ਸਬੰਧਤ ਹੈ। ਹਾਕਮ ਜਮਾਤਾਂ ਵਲ਼ੋਂ, ਲੋਕਾਂ ਵਲ਼ੋਂ ਹੋਣ ਵਾਲ਼ੇ ਹਰ ਤਰ੍ਹਾਂ ਦੇ ਵਿਰੋਧ ਤੋਂ ਨਾਸਤਿਕਤਾ ਦਾ ਠੱਪਾ ਲਾ ਕੇ, ਆਮ ਲੋਕਾਂ ਨੂੰ ਗੁਮਰਾਹ ਕਰਨ ਦਾ ਇਤਿਹਾਸ ਰਿਹਾ ਹੈ। ਮੁੱਢਲੀ ਈਸਾਈਅਤ ਦੇ ਦੌਰ ਵਿੱਚ ਉਹਨਾਂ ਨੂੰ ਨਾਸਤਿਕ ਗਰਦਾਨਿਆਂ ਗਿਆ। ਸਿੱਖ ਪੰਥ ਦੇ ਮੋਢੀ ਗੁਰੂ ਨਾਨਕ ਨੂੰ, 'ਕੋਈ ਕਹੇ ਭੂਤਨਾ, ਕੋਈ ਬੇਤਾਲਾ...' ਵਰਗੇ ਲਜਾਂ ਦਾ ਸਾਹਮਣਾ ਕਰਨਾ ਪਿਆ।

ਸਵਾਲ ਪੈਦਾ ਹੁੰਦਾ ਹੈ ਕਿ ਇਤਿਹਾਸਕ ਤੌਰ 'ਤੇ ਹਾਕਮ ਜਮਾਤਾਂ ਦੀ ਸੇਵਾ ਲਈ ਪੈਦਾ ਹੋਏ ਧਰਮ ਦੀਆਂ, ਆਮ ਕਿਰਤੀ ਲੋਕਾਂ ਵਿੱਚ ਏਨੀਆਂ ਮਜ਼ਬੂਤ ਜੜ੍ਹਾ ਦਾ ਕੀ ਕਾਰਨ ਹੈ? ਜਮਾਤੀ ਪ੍ਰਬੰਧ ਆਮ ਲੋਕਾਂ ਲਈ ਅਥਾਹ ਮੁਸੀਬਤਾਂ ਲੈ ਕੇ ਆਉਂਦਾ ਹੈ। ਅਸੁਰੱਖਿਆ ਤੇ ਡਰ ਦੀ ਭਾਵਨਾ, ਹਰ ਤਰ੍ਹਾਂ ਦੇ ਭਰਮ ਪੂਰਣ ਵਿਚਾਰਾਂ ਲਈ, ਜ਼ਰਖੇਜ਼ ਅਧਾਰ ਮੁਹੱਈਆ ਕਰਾਉਂਦੀ ਹੈ। ਧਰਮ ਲੋਕਾਂ ਲਈ, ਇੱਕ ਭਰਮਪੂਰਣ ਸਹਾਰੇ ਦੇ ਰੂਪ ਵਿੱਚ ਮੱਲ੍ਹਮ ਦਾ ਕੰਮ ਕਰਦਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਕਾਰਲ ਮਾਰਕਸ ਦੀਆਂ ਧਰਮ ਸਬੰਧੀ ਲਿਖਤਾਂ ਪੜ੍ਹਨੀਆਂ ਚਾਹੀਦੀਆਂ ਹਨ। ਇਸ ਲਈ ਕਿਰਤੀ ਲੋਕਾਂ ਦੀ ਮੁੱਖ ਲੜਾਈ ਧਰਮ ਵਿਰੁੱਧ ਨਹੀਂ ਸਗੋਂ ਗੈਰ-ਮਨੁੱਖੀ ਹਾਲਤਾਂ ਵਿਰੁੱਧ ਹੈ ਜਿਸਨੇ ਇਸ ਨੂੰ ਪੈਦਾ ਕੀਤਾ ਹੈ। ਲੋਕਾਂ ਦੀ ਸੱਚੀ ਮੁਕਤੀ, ਉਹਨਾਂ ਹਾਲਤਾਂ ਨੂੰ ਬਦਲਣ ਨਾਲ਼ ਹੀ ਹੋ ਸਕਦੀ ਹੈ। ਮਜ਼ਦੂਰ ਜਮਾਤ ਦੇ ਮੁਕਤੀ ਸੰਗਰਾਮ ਤੋਂ ਨਿਖੇੜ ਕੇ, ਨਿਰੋਲ ਬੌਧਿਕ ਸਰਗਰਮੀ ਦੇ ਖੇਤਰ ਵਿੱਚ ਇਸ ਵਿਸ਼ੇ ਤੋਂ ਕੀਤੀ ਜਾਣ ਵਾਲੀ ਕੋਈ ਵੀ ਬਹਿਸ ਸਾਰਥਕ ਨਤੀਜਾ ਨਹੀਂ ਕੱਢ ਸਕਦੀ।

**ਭਾਰਤੀ ਇਤਿਹਾਸ ਵਿੱਚ ਆਸਤਿਕ ਤੇ ਨਾਸਤਿਕ ਦੀ ਪਰਿਭਾਸ਼ਾ :**

ਕੇ.ਦਾਮੋਦਰਨ ਦੇ ਅਨੁਸਾਰ ਭਾਰਤ ਦੀਆਂ ਮੁੱਖ ਦਾਰਸ਼ਨਿਕ ਪ੍ਰਣਾਲੀਆਂ ਨੂੰ ਆਮ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆਂ ਜਾ ਸਕਦਾ ਹੈ। ਆਸਤਿਕ ਦਰਸ਼ਨ ਅਤੇ ਨਾਸਤਿਕ ਦਰਸ਼ਨ। ਪਤੰਜਲੀ ਦੇ ਅਨੁਸਾਰ ਆਸਤਿਕ ਦਾ ਅਰਥ ਹੈ ਉਹ ਜੋ ਅਸਤੀ ਨੂੰ ਮੰਨਦਾ ਹੈ ਅਤੇ ਨਾਸਤਿਕ ਉਹ ਜੋ ਨਾਸਤੀ ਨੂੰ ਮੰਨਦਾ ਹੈ। ਆਸਤਿਕ ਉਹ ਮੰਨਿਆ ਜਾਂਦਾ ਹੈ ਜੋ ਇਹ ਵਿਸ਼ਵਾਸ ਕਰਦਾ ਹੈ ਕਿ ਪਰਲੋਕ ਹੈ। ਨਾਸਤਿਕ ਪਰਲੋਕ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ। ਪਰ ਅੱਗੇ ਚੱਲ ਕੇ ਇਹਨਾਂ ਸ਼ਬਦਾਂ ਨਾਲ਼ ਨਵੇਂ ਅਰਥ ਜੁੜ ਗਏ। ਨਵੇਂ ਵਰਗੀਕਰਨ ਵਿੱਚ ਵੇਦਾਂ ਦੀ ਸੱਤਾ ਨੂੰ ਮੰਨਣਾ ਜਾਂ ਨਾ ਮੰਨਣਾ ਮੁੱਖ ਹੋ ਗਿਆ। ਇਸ ਅਨੁਸਾਰ ਸਾਂਖ, ਯੋਗ, ਨਿਆਏ, ਵੇਦਾਂਤ, ਮੀਮਾਂਸਾ, ਅਤੇ ਵੈਸ਼ੇਸ਼ਕ ਪ੍ਰਣਾਲੀਆਂ ਵੇਦਾਂ ਦੀ ਸੱਤਾ ਨੂੰ ਪ੍ਰਵਾਨ ਕਰਨ ਕਰਕੇ ਆਰਥਿਕ ਦਰਸ਼ਨ ਦੇ ਖੇਮੇ ਵਿੱਚ ਆ ਗਈਆਂ ਅਤੇ ਲੋਕਾਇਤ, ਬੁੱਧ ਦਰਸ਼ਨ ਨਾਲ਼ ਸਬੰਧਤ ਮਾਧਿਅਮਕਾ, ਸੌਤਾਂਤਰਿਤਕਾ, ਵੈਭਾਸ਼ਿਕਾ ਅਤੇ ਜੈਕ ਪ੍ਰਣਾਲੀਆਂ ਨਾਸਤਿਕ ਦਰਸ਼ਨ ਹੋ ਗਈਆਂ। ਦਰਸ਼ਨ ਦਾ ਇੱਕ ਹੋਰ ਮੁੱਖ ਸਵਾਲ ਸੀ ਕਿ ਇਸ ਸੰਸਾਰ ਦੀ ਰਚਨਾ ਕਿਸ ਨੇ ਕੀਤੀ। ਕੀ ਪ੍ਰਮਾਤਮਾ ਜਾਂ ਰੱਬ ਵਰਗੀ, ਸੰਸਾਰ ਤੋਂ ਬਾਹਰ ਕਿਸੇ ਗੈਬੀ ਸ਼ਕਤੀ ਨੇ ਸੰਸਾਰ ਦੀ ਰਚਨਾ ਕੀਤੀ। ਇਸ ਵੰਡ ਅਨੁਸਾਰ, ਲੋਕਾਇਤ, ਸਾਂਖ, ਨਿਆਏ, ਵੈਸ਼ੇਸ਼ਕ, ਬੁੱਧ ਤੇ ਜੈਕ ਮੱਤ, ਸੰਸਾਰ ਤੋਂ ਬਾਹਰ ਕਿਸੇ ਬ੍ਰਹਮ ਜਾਂ ਰੱਬ ਦੀ ਹੋਂਦ ਨੂੰ ਰੱਦ ਕਰਦੇ ਸਨ, ਅਤੇ ਅਨੀਸ਼ਵਰਵਾਦੀ ਦਰਸ਼ਨ ਦੇ ਖੇਮੇ ਵਿੱਚ ਆਉਂਦੇ ਸਨ। ਜੇ ਰੱਬ ਦੀ ਹੋਂਦ ਤੋਂ ਇਨਕਾਰ ਕਰਨਾ ਨਾਸਤਿਕਤਾ ਹੈ ਤਾਂ ਇਹ ਨਾਸਤਿਕ ਮੱਤ ਸਨ। ਇੱਕ ਹੋਰ ਮਹੱਤਵਪੂਰਨ ਵਰਗੀਕਰਨ ਹੈ, ਵਿਚਾਰਵਾਦ ਅਤੇ ਪਦਾਰਥਵਾਦ ਦੇ ਨਜ਼ਰੀਏ ਤੋਂ। ਇਸ ਨਜ਼ਰੀਏ ਤੋਂ ਭਾਰਤੀ ਦਰਸ਼ਨਾਂ ਦੀ ਵੱਡੀ ਗਿਣਤੀ ਪਦਾਰਥਵਾਦੀ ਦ੍ਰਿਸ਼ਟੀਕੋਣ ਰੱਖਦੀ ਹੈ। ਅੱਗੇ ਚੱਲ ਕੇ, ਜਗੀਰਦਾਰੀ ਦੌਰ ਦੇ ਬੇਹੱਦ ਜ਼ਾਬਰ ਮਹੌਲ ਵਿੱਚ ਕਈ ਪਦਾਰਥਵਾਦੀ

SHAHEED BHAGAT SINGH LIBRARY





ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ ਸੰਪਰਕ ਕਰ ਸਕਦੇ ਹੋ।

403-455-4220

ਇੱਥੋਂ ਤੁਸੀਂ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਕ ਤੇ ਸਿਹਤਕ ਕਿਤਾਬਾਂ ਵਾਜਬ ਕੀਮਤਾਂ ਤੇ ਲੈ ਸਕਦੇ ਹੋ। ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।



ਦਰਸ਼ਨਾਂ ਦੇ ਪੈਰੋਕਾਰ ਸਮਝੌਤਾਵਾਦੀ ਰੁੱਖ ਅਖਤਿਆਰ ਕਰਦੇ ਹਨ ਪਰ ਫਿਰ ਵੀ ਉਹਨਾਂ ਦੀਆਂ ਲਿਖਤਾਂ ਵਿੱਚ, ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਚੀਜ਼ਾਂ ਨੂੰ ਸਮਝਣ ਦੇ ਸਿਧਾਂਤ, ਪੂਰੀ ਤਰ੍ਹਾਂ ਅਲੋਪ ਨਹੀਂ ਹੁੰਦੇ। ਵਿਗਿਆਨ ਦੇ ਖੇਤਰ ਵਿੱਚ, ਖਾਸ ਕਰਕੇ ਖਗੋਲ ਵਿਗਿਆਨ ਅਤੇ ਮੈਡੀਕਲ ਵਿਗਿਆਨ ਵਿੱਚ, ਪਦਾਰਥਵਾਦੀ ਦਰਸ਼ਨ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਜਿਸ ਦਾ ਪ੍ਰਸਿੱਧ ਅਰਬੀ ਵਿਗਿਆਨੀ ਤੇ ਵਿਦਵਾਨ ਅਲ ਬੈਰੂਕੀ ਨੇ ਵੀ ਹਵਾਲਾ ਦਿੱਤਾ ਹੈ। ਮੁੱਖ ਗੱਲ ਇਹ ਹੈ ਕਿ ਭਾਰਤੀ ਦਰਸ਼ਨ ਦੀ ਪ੍ਰੰਪਰਾ ਵਿੱਚ ਪਦਾਰਥਵਾਦੀ ਨਜ਼ਰੀਆ, ਵਿਚਾਰਵਾਦ ਦੀ ਟੱਕਰ ਵਿੱਚ ਬੇਹੱਦ ਮਜ਼ਬੂਤੀ ਨਾਲ਼ ਖੜਾ ਨਜ਼ਰ ਆਉਂਦਾ ਹੈ। ਜੇ ਪਦਾਰਥਵਾਦੀ ਦਰਸ਼ਨ, ਨਾਸਤਿਕ ਦਰਸ਼ਨ ਹੈ ਤਾਂ ਭਾਰਤ ਵਿੱਚ ਨਾਸਤਿਕਤਾ ਦੀ ਬੇਹੱਦ ਅਮੀਰ ਵਿਰਾਸਤ ਮੌਜੂਦ ਹੈ। ਸਭ ਤੋਂ ਮਜ਼ਬੂਤੀ ਨਾਲ਼, ਵਿਚਾਰਵਾਦ ਨਾਲ਼ ਟੱਕਰ ਲੈਣ ਵਾਲੇ ਦਰਸ਼ਨ, ਲੋਕਾਇਤ ਦੇ ਸਾਰੇ ਗ੍ਰੰਥ, ਹਾਕਮ ਜਮਾਤਾਂ ਵੱਲੋਂ ਤਬਾਹ ਕਰ ਦਿੱਤੇ ਗਏ ਪਰ ਫਿਰ ਵੀ ਵਿਚਾਰਵਾਦੀ ਦਰਸ਼ਨ ਨਾਲ਼ ਸਬੰਧਤ ਸ਼ਾਇਦ ਕੋਈ ਵੱਡਾ ਗ੍ਰੰਥ ਹੋਵੇਗਾ ਜਿਸ ਵਿੱਚ ਲੋਕਾਇਤ ਦਰਸ਼ਨ ਦੇ ਵਿਰੁੱਧ ਕੁਝ ਦਾ ਕੁਝ ਲਿਖਿਆ ਨਾ ਹੋਵੇ। ਇਹ ਪਦਾਰਥਵਾਦੀ ਧਾਰਾ ਦੇ ਸਭ ਤੋਂ ਦ੍ਰਿੜ ਦਰਸ਼ਨ, ਲੋਕਾਇਤ ਦੀ ਮਜ਼ਬੂਤ ਹੋਂਦ ਦਾ ਸਬੂਤ ਹੈ।

ਨਿਚੋੜ ਇਹ ਹੈ ਕਿ ਭਾਰਤ ਵਿਚਾਰਵਾਦੀ ਦਰਸ਼ਨ ਨੂੰ ਮੰਨਣ ਵਾਲ਼ਾ, ਅਧਿਆਤਮਵਾਦੀ ਦੇਸ਼ ਹੈ, ਇਹ ਧਾਰਨਾ ਹਕੀਕਤਾਂ ਨਾਲ਼ ਮੇਲ ਨਹੀਂ ਖਾਂਦੀ। ਇੱਥੇ ਪਦਾਰਥਵਾਦੀ ਦਰਸ਼ਨ ਦੀ ਸ਼ਾਨਦਾਰ ਵਿਰਾਸਤ ਵੀ ਮੌਜੂਦ ਰਹੀ ਹੈ। ਰੱਬ ਨੂੰ ਨਾ ਮੰਨਣ ਵਾਲੇ ਅਨੀਸ਼ਵਰਵਾਦੀ ਦਰਸ਼ਨ ਵੀ ਰਹੇ ਹਨ ਅਤੇ ਵੇਦਾਂ ਦੀ ਸੱਤਾ ਨੂੰ ਵੰਗਾਰਨ ਵਾਲੇ ਮੱਤ ਵੀ ਬੜੇ ਮਜ਼ਬੂਤ ਸਨ।

ਸਾਡਾ ਵਰਤਮਾਨ ਸਮਾਂ, ਸਰਮਾਏਦਾਰੀ ਢਾਂਚੇ ਦੇ ਆਖਰੀ ਪੜਾਅ ਵਿੱਚ ਹੈ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਵਾਲ਼ੇ ਜਮਾਤ ਰਹਿਤ ਸਮਾਜ ਦੀ ਸਥਾਪਨਾ ਲਈ, ਬਾਹਰਮੁਖੀ ਅਧਾਰ ਤਿਆਰ ਹੋ ਚੁੱਕਾ ਹੈ। 21ਵੀਂ ਸਦੀ ਦੇ ਨਵੇਂ ਸਮਾਜਵਾਦੀ ਇਨਕਲਾਬਾਂ ਦੀ ਤਿਆਰੀ ਲਈ ਲੋਕਾਂ ਵਿੱਚ ਅਤੇ ਖਾਸ ਕਰਕੇ ਮਜ਼ਦੂਰ ਜਮਾਤ ਵਿੱਚ ਘਰ ਕਰੀ ਬੈਠੇ ਬੁਰਜੂਆ ਵਿਚਾਰਧਾਰਕ ਗਲਬੇ ਵਿਰੁੱਧ ਘੋਲ ਦਾ ਮਹੱਤਵ ਬਹੁਤ ਵਧ ਗਿਆ ਹੈ। ਦੂਜੇ ਪਾਸੇ ਸੰਸਾਰ ਵਿੱਚ ਅਤੇ ਭਾਰਤ ਵਿੱਚ ਵੀ ਫਾਸ਼ੀਵਾਦੀ ਰੁਝਾਨ ਜ਼ੋਰ ਫੜ ਰਹੇ ਹਨ। ਅੰਨ੍ਹਾ-ਕੌਮਵਾਦੀ ਉਨਮਾਦ, ਫਿਰਕਾਪ੍ਰਸਤੀ, ਜਾਤ-ਪਾਤ ਅਤੇ ਹਰ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਨਾਲ਼ ਲੈਸ, ਇਹ ਮਜ਼ਦੂਰ ਜਮਾਤ ਵਿਰੁੱਧ, ਜਮਹੂਰੀ ਘੋਲਾਂ ਅਤੇ ਹਰ ਤਰ੍ਹਾਂ ਦੇ ਅਜ਼ਾਦ ਚਿੰਤਨ ਅਤੇ ਵਿਚਾਰਾਂ ਵਿਰੁੱਧ ਹਮਲਾ ਹੈ। ਸਾਨੂੰ ਆਪਣੀ ਸ਼ਾਨਦਾਰ ਵਿਰਾਸਤ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਬੀਤੇ ਦੇ ਸਾਡੇ ਇਤਿਹਾਸ ਵਿੱਚ, ਹਾਕਮ ਜਮਾਤਾਂ ਦੇ ਕਾਰਨਾਮੇ, ਵਰਣ-ਜਾਤ ਵਿਵਸਥਾ, ਮਨੂੰ ਸਿਮ੍ਰਤੀ ਵਰਗੇ ਵਿਧਾਨ, ਅੰਧ-ਵਿਸ਼ਵਾਸ ਅਤੇ ਹੋਰ ਬਹੁਤ ਕੁਝ ਦਕੀਆਨੂਸੀ ਕਿਸਮ ਦੇ ਵਿਚਾਰ, ਜਿਹਨਾਂ ਨੇ ਕਿਰਤੀ ਲੋਕਾਂ ਦੇ ਪੈਰੀਂ ਬੇੜੀਆਂ ਦਾ ਕੰਮ ਕੀਤਾ, ਸਾਡੀ ਵਿਰਾਸਤ ਨਹੀਂ ਹੈ। ਮਨੁੱਖ ਜਾਤੀ ਦੇ ਇਤਿਹਾਸ ਵਿੱਚ, ਮੁਕਤੀ ਅਤੇ ਅਜ਼ਾਦੀ ਲਈ ਲੜੇ ਗਏ ਘੋਲ, ਚਾਹੇ ਉਹ ਗੁਲਾਮਾਂ ਦੇ ਵਿਦਰੋਹ ਹੋਣ ਜਾਂ ਜਗੀਰਦਾਰੀ ਦੌਰ ਵਿੱਚ ਕਿਸਾਨਾਂ ਦੇ ਸੰਘਰਸ਼ ਹੋਣ, ਸਾਡੀ ਵਿਰਾਸਤ ਹਨ। ਵਿਚਾਰਧਾਰਾ ਦੇ ਖੇਤਰ ਵਿੱਚ, ਵਿਰੋਧ-ਵਿਕਾਸੀ ਪਦਾਰਥਵਾਦੀ ਦਰਸ਼ਨ, ਮਜ਼ਦੂਰ ਜਮਾਤ ਦੀ ਮੁਕਤੀ ਦਾ ਰਾਹ ਦਰਸਾਵਾ ਸਿਧਾਂਤ ਹੈ ਅਤੇ ਪਦਾਰਥਵਾਦੀ ਦਾਰਸ਼ਨਿਕ ਪ੍ਰਣਾਲੀਆਂ ਦਾ ਇਤਿਹਾਸ ਸਾਡੀ ਵਿਰਾਸਤ ਹੈ।

# 75% ਫੀਸਾਂ ਦੇ ਵਾਧੇ ਨੂੰ ਲੈਕੇ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਸੰਘਰਸ਼ ਜਾਰੀ




ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਫੀਸਾਂ ਵਿਚ ਕੀਤੇ ਗਏ 75% ਵਾਧੇ ਨੂੰ ਲੈ ਕੇ ਪੀ. ਐਸ. ਯੂ. ਦੀ ਅਗਵਾਈ ਹੇਠ ਫਾਜ਼ਿਲਕਾ ਜ਼ਿਲ੍ਹੇ ਦੇ ਇਕੋ ਇਕ ਸਰਕਾਰੀ ਐਮ .ਆਰ. ਕਾਲਜ ਦੇ ਵਿਦਿਆਰਥੀਆਂ ਦਾ ਸੰਘਰਸ਼ ਜਾਰੀ ਹੈ।

ਫਾਜ਼ਿਲਕਾ ਪੰਜਾਬ ਦੇ ਦੂਸਰੇ ਸ਼ਹਿਰਾਂ ਦੇ ਮੁਕਾਬਲੇ ਆਰਥਿਕ ਪੱਖ ਤੋਂ ਕਮਜ਼ੋਰ ਹੈ। ਬਾਰਡਰ ਏਰੀਆ ਹੋਣਕਰਕੇ ਇਥੇ ਕੰਮ ਦੀ ਕਿੱਲਤ ਹੈ। ਸਰਕਾਰੀ ਐਮ. ਆਰ. ਕਾਲਜ ਇਸ ਇਲਾਕੇ ਦਾ ਇਕੋ ਇਕ ਸਰਕਾਰੀ ਕਾਲਜ ਹੈ। ਜਿਥੇ 3000 ਦੇ ਕਰੀਬ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਵੱਡੀ ਗਿਣਤੀ ਵਿਦਿਆਰਥੀ ਗਰੀਬ ਪਰਿਵਾਰਾਂ ਨਾਲ ਸਬੰਧਤ ਹੈ। ਇਸ ਕਾਲਜ ਵਿਚ ਗਰੈਜੂਏਸ਼ਨ ਤੋਂ ਬਿਨਾ ਮਾਸਟਰ ਡਿਗਰੀ ਕੋਰਸ ਨਹੀਂ ਹਨ। ਤਿੰਨ ਅਧਿਆਪਕ ਰੈਗੂਲਰ ਹਨ ਤੇ ਪੱਕਾ ਪ੍ਰਿੰਸੀਪਲ ਨਹੀਂ ਹੈ। 1940 ਤੋਂ ਇਹ ਕਾਲਜ ਚਲ ਰਿਹਾ ਹੈ। ਪ੍ਰੰਤੂ ਇਸ ਕਾਲਜ ਨੂੰ ਬੰਦ ਕਰਾਉਣ ਲਈ ਪ੍ਰਾਈਵੇਟ ਕਾਲਜਾਂ ਦੀ ਪੂਰੀ ਦੀ ਪੂਰੀ ਲੌਬੀ ਬਣੀ ਹੋਈ ਹੈ ਜੋ ਇਸ ਕਾਲਜ ਨੂੰ ਬੰਦ ਕਰਾਉਣਾ ਚਾਹੁੰਦੀ ਹੈ ਤੇ ਪ੍ਰਾਈਵੇਟ ਕਾਲਜਾਂ ਨੂੰ ਪੂਰਾ ਮੁਨਾਫ਼ਾ ਦੇ ਰਹੀ ਹੈ। ਇਸ ਇਲਾਕੇ ਦੇ ਸੈਨੇਟ ਮੈਂਬਰ ਵੀ ਇਸ ਕਾਲਜ ਨੂੰ ਬਚਾਉਣ ਦੀ ਬਜਾਏ ਇਸ ਨੂੰ ਬੰਦ ਕਰਾਵੁਣ 'ਤੇ ਤੁਲੀ ਹੋਈ ਹੈ। ਇਸ ਕਰਕੇ ਇਸ ਮਸਲੇ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਪਿਛਲੇ ਦਿਨਾਂ ਤੋਂ ਲਗਾਤਾਰ ਵਿਦਿਆਰਥੀ ਸੰਘਰਸ਼ ਦੇ ਰਾਹ ਪਏ ਹੋਏ ਹਨ। 13 ਫਰਵਰੀ ਨੂੰ ਵਿਦਿਆਰਥੀਆਂ ਨੇ ਪ੍ਰਿੰਸੀਪਲ ਦਾ ਘਿਰਾਓ ਕੀਤਾ। ਉਸਨੇ ਵਿਦਿਆਰਥੀਆਂ ਦਾ ਕੋਈ ਨਾ ਕੀਤਾ। 14 ਫਰਵਰੀ ਨੂੰ ਡੀ. ਸੀ. ਦਫ਼ਤਰ ਦਾ ਘਿਰਾਓ ਕੀਤਾ ਗਿਆ। 15 ਫਰਵਰੀ ਨੂੰ ਸ਼ਹਿਰ ਵਿਚ ਰੋਸ ਮੁਜ਼ਾਹਰਾ ਕੱਢਿਆ ਗਿਆ। 18 ਫਰਵਰੀ ਨੂੰ ਸ਼ਹਿਰ ਵਿਚ ਕੈਂਡਲ ਮਾਰਚ ਕੱਢਿਆ ਗਿਆ। 20 ਫਰਵਰੀ ਨੂੰ ਕਾਲਜ ਵਿਚ ਕਾਲੇ ਬਿੱਲੇ ਲਾ ਕੇ ਰੋਸ ਪ੍ਰਗਟਾਇਆ ਗਿਆ। ਇਸ ਤੋਂ ਬਿਨਾਂ ਪਿੰਡਾਂ ਵਿਚ ਰੈਲੀਆਂ, ਮੀਟਿੰਗਾਂ ਕੀਤੀਆਂ ਗਈਆਂ। 23 ਫਰਵਰੀ ਨੂੰ 'ਵਿਦਿਆ ਬਚਾਓ' ਮੁਹਿੰਮ ਤਹਿਤ ਐਮ.ਆਰ. ਕਾਲਜ ਦੇ ਸਟੇਡੀਅਮ ਵਿਚ ਵਿਦਿਆਰਥੀ-ਮਾਪੇ ਕਾਨਫਰੰਸ ਕੀਤੀ ਗਈ ਜਿਸ ਵਿਚ ਹਜ਼ਾਰ ਤੋਂ ਵੱਧ ਵਿਦਿਆਰਥੀ ਸ਼ਾਮਲ ਹੋਏ। ਕਾਨਫਰੰਸ ਤੋਂ ਬਾਅਦ ਸ਼ਹਿਰ ਵਿਚ ਮਾਰਚ ਕੱਢਿਆ ਗਿਆ ਪ੍ਰੰਤੂ ਅਜੇ ਤੱਕ ਇਸ ਮਸਲੇ ਦਾ ਕੋਈ ਹੱਲ ਨਹੀਂ ਕੀਤਾ ਗਿਆਜ। 2500 ਦੇ ਕਰੀਬ ਵਿਦਿਆਰਥੀਆਂ ਨੇ ਅਜੇ ਤੱਕ ਫੀਸ ਨਹੀਂ ਭਰੀ ਉਨ੍ਹਾਂ ਦਾ ਭਵਿੱਖ ਖਤਰੇ ਵਿਚ ਹੈ। ਇਸ ਲਈ 27 ਤੱਕ ਫਰਵਰੀ ਨੂੰ ਡੀ. ਸੀ. ਦਫ਼ਤਰ ਜਿੰਦਾ ਲਗਾਇਆ ਜਾਵੇਗਾ। ਇਸ ਸੰਘਰਸ਼ ਵਿਚ ਸੂਬਾ ਪ੍ਰਧਾਨ ਰਜਿੰਦਰ ਸਿੰਘ, ਜ਼ੋਨਲ ਸਕੱਤਰ ਗਗਨ ਸੰਗਰਾਮੀ, ਜ਼ੋਨਲ ਪ੍ਰਧਾਨ ਹਰਦੀਪ ਕੌਰ ਕੋਟਲਾ, ਜ਼ਿਲ੍ਹਾ ਪ੍ਰਧਾਨ ਸਤਨਾਮ ਘੱਲੂ, ਕਾਲਜ ਕਮੇਟੀ ਆਗੂ ਜੋਤੀ, ਮੋਨਿਕਾ ਖੰਨਾ ਸ਼ਵੇਤਾ, ਸ਼ਿਲਪਾਹ, ਪੂਨਮ ਰਾਣੀ, ਮੁਕੇਸ਼ ਕੁਮਾਰ, ਵੀਰਪਾਲ ਕੌਰ, ਮਾਨਸੀ, ਜੀਨੂ ਕੰਬੋਜ਼, ਈਸ਼ਾ ਖੱਟਰ, ਰਣਜੀਤ ਸਿੰਘ, ਸਨੀ, ਸਚਿਨ, ਵਿਕਰਮ ਕੁਮਾਰ, ਲੇਖਰਾਜ ਆਦਿ ਆਗੂ ਮੌਜੂਦ ਸਨ।


## ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਣ ਵਾਲਾ ਸਿਲੇਬਸ

ਜਦੋਂ ਸੰਸਦ 'ਚ ਬੈਠੇ
ਡੂਮਣਿਆਂ ਹੱਥੋਂ ਤੈਅ ਹੋਣ ਲੱਗਦੈ
ਤਾਂ ਵਿਸ਼ਵ ਵਿੱਦਿਆਲਿਆਂ ਦੇ ਮਾਅਨੇ
ਕਿਸੇ ਤੇਲੂ ਬਾਣੀਏ ਦੀ ਹੱਟੀ ਨਾਲੋਂ ਵੱਧਕੇ
ਕੁੱਝ ਨਹੀਂ ਰਹਿ ਜਾਂਦੇ
ਆਏ ਰੋਜ਼ ਜਾਰੀ ਹੁੰਦੇ
ਫੀਸਾਂ ਵੱਧਣ ਦੇ ਬਾਬਰੀ ਫਰਮਾਣ
ਸਾਡੇ ਮੱਥਿਆਂ 'ਤੇ ਟੰਗੇ ਜਾਂਦੇ ਨੇ
ਸੋਚਦੇ ਨੇ ਉਹ
ਨੱਪ ਕੇ ਸੰਘੀਆਂ
ਕਤਲ ਕਰ ਦੇਣਗੇ ਕਰਾਂਤੀ ਦਾ
ਪਰ ਕੁੜੀਆਂ ਦੇ ਹੋਸਟਲ ਨੂੰ
ਤਾਲੇ ਲਾਉਂਦਾ ਪ੍ਰਸ਼ਾਸਨ
ਬੇਖਬਰ ਰਹਿ ਜਾਂਦਾ ਹੈ
ਕਰਾਂਤੀ, ਚਾਰ ਦੀਵਾਰੀ 'ਚ ਕੈਦ ਨਹੀਂ ਹੁੰਦੀ

ਲੜਾਈ ਤਾਂ ਉਦੋਂ ਹੀ ਛਿੜ ਜਾਂਦੀ ਹੈ
ਜਦੋਂ ਫੀਸ ਮਾਫੀ ਦੀਆਂ ਅਰਜ਼ੀਆਂ
ਵੀ.ਸੀ. ਨੱਕ ਪੂੰਝ ਕੇ ਸੁੱਟ ਦਿੰਦੈ
ਖੂਨ ਖੌਲਦੈ ਫੇਰ ਬਗਾਵਤ ਦਾ
ਲਾਈਬ੍ਰੇਰੀਆਂ 'ਚ ਬੈਠੀ ਜਵਾਨੀ
ਸੜਕਾਂ 'ਤੇ ਉੱਤਰ ਆਉਂਦੀ ਹੈ
ਵਿਦਿਆਰਥੀ ਕੇਂਦਰ (stu'C)
Freedom Square ਬਣ ਜਾਂਦੈ

ਧਰਨੇ 'ਤੇ ਬੈਠੀ ਵਿਦਿਆਰਥਣ ਕੁੜੀ
ਜਦੋਂ ਲਾਠੀਚਾਰਜ ਕਰਦੇ ਪੁਲਸੀਏ ਦੀਆਂ
ਅੱਖਾਂ 'ਚ ਅੱਖਾਂ ਪਾਉਂਦੀ ਹੈ
ਤਾਂ ਟਕਮਵਰਅ ਦਾ ਤੀਜਾ ਲੱਅ
ਬੇ-ਮਾਅਨੇ ਨਹੀਂ ਲੱਗਦਾ
ਅਸੀਂ, ਨੌਜਵਾਨ
ਅੱਜ ਸਹੁੰ ਚੱਕਦੇ ਹਾਂ
ਯੂਨੀਵਰਸਿਟੀ ਦੀਆਂ ਕੰਧਾਂ ਦਾ ਰੰਗ
ਮੁੜ ਭਗਵੇਂ ਤੋਂ ਲਾਲ ਕਰਨ ਦੀ
ਰੋਹਿਤ ਵੈਮੁੱਲਾ ਤੇ ਅਫਰੋਜ਼
ਅਸੀਂ ਮੁੜ ਜਿਉਂਦੇ ਕਰਾਂਗੇ
ਆਉਣ ਵਾਲੇ ਸਮਿਆਂ ਦਾ ਸੂਰਜ
ਉਹਨਾਂ ਦੇ ਮੱਥਿਆਂ 'ਤੇ ਲਿਸ਼ਕਦਾ ਦੇਖਣ ਲਈ

-ਅੰਤਰਪ੍ਰੀਤ










# ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਬਰਸੀ ਮੌਕੇ

ਇਹ ਠੀਕ ਹੈ ਕਿ ਅਸੀਂ ਹਥਿਆਰਬੰਦ ਇਨਕਲਾਬ ਦੇ ਰਸਤੇ 'ਤੇ ਸੀ ਪਰ ਉਸ ਇਨਕਲਾਬ ਦਾ ਮੁੱਖ ਉਦੇਸ਼ ਸੀ ਮਨੁੱਖਤਾ ਖਾਤਰ ਸੁੱਖ ਅਤੇ ਅਮਨ ਦਾ ਵਾਤਾਵਰਣ ਤਿਆਰ ਕਰਨਾ। 'ਸਾਰੀ ਦੁਨੀਆ ਇਕ ਪਰਿਵਾਰ' ਸਾਡਾ ਉਦੇਸ਼ ਸੀ ਅਤੇ ਇਸੇ ਰਿਸ਼ਤੇ ਕਾਰਨ ਇਨਸਾਨਾਂ ਦੇ ਪ੍ਰਾਣਾਂ ਨਾਲ ਸਾਡਾ ਡੂੰਘਾ ਮੋਹ ਸੀ। ਅਸੀਂ ਲੋਟੂ ਢਾਂਚੇ ਦੇ ਵਿਰੋਧੀ ਸਾਂ, ਵਿਅਕਤੀਆਂ ਦੇ ਨਹੀਂ। ਵਿਅਕਤੀਆਂ ਨਾਲ ਸਾਡਾ ਟਕਰਾਅ ਉਸੇ ਹੱਦ ਤੱਕ ਸੀ ਜਿਸ ਹੱਦ ਤੱਕ ਉਹ ਗੈਰ ਬਰਾਬਰੀ 'ਤੇ ਆਧਾਰਤ ਸਮਾਜ ਦੀ ਸਮਾਜਿਕ ਅਤੇ ਸਿਆਸੀ ਪ੍ਰਣਾਲੀ ਦੇ ਨੁਮਾਇੰਦੇ ਬਣ ਕੇ ਆਉਂਦੇ ਸਨ। ਵਿਅਕਤੀਗਤ ਖ਼ੂਨ-ਖਰਾਬਾ ਸਾਡਾ ਉਦੇਸ਼ ਨਹੀਂ ਸੀ ਅਤੇ ਫਿਰ ਆਜ਼ਾਦ ਤਾਂ ਉਨ੍ਹਾਂ ਲੋਕਾਂ ਵਿਚੋਂ ਸਨ ਜਿਨ੍ਹਾਂ ਨੂੰ ਮਾਸ ਦੇਖ ਕੇ ਵਿਚਾਰੇ ਬੇਗੁਨਾਹ ਮਾਸੂਮ ਬੱਕਰੇ ਦੀ ਸ਼ਕਲ ਯਾਦ ਆਉਣ ਲੱਗ ਜਾਂਦੀ ਸੀ ਅਤੇ ਸੱਚੀ ਗੱਲ ਤਾਂ ਇਹ ਹੈ ਕਿ ਜਿਸ ਦੀਆਂ ਅੱਖਾਂ ਵਿਚ ਹਰ ਇਕ ਲਈ ਹੰਝੂ ਨਹੀਂ ਅਤੇ ਜਿਸਦੇ ਦਿਲ ਵਿਚ ਸਭ ਲਈ ਪਿਆਰ ਨਹੀਂ, ਉਹ ਲੁਟੇਰਿਆਂ ਅਤੇ ਜ਼ਾਲਮਾਂ ਨੂੰ ਨਫ਼ਰਤ ਵੀ ਨਹੀਂ ਕਰ ਸਕਦਾ, ਅਖ਼ੀਰ ਤੱਕ ਉਨ੍ਹਾਂ ਵਿਰੁੱਧ ਲੜ ਨਹੀਂ ਸਕਦਾ। ਹਿੰਸਾ ਅਤੇ ਅਹਿੰਸਾ ਇਕ ਹੀ ਤਸਵੀਰ ਦੇ ਦੋ ਪੱਖ ਹਨ ਜੋ ਸਮੇਂ ਅਤੇ ਹਾਲਤਾਂ ਮੁਤਾਕ ਆਪਣਾ ਰੂਪ ਬਦਲਦੇ ਰਹਿੰਦੇ ਹਨ। ਜਿਹੜਾ ਕੰਮ ਇਕ ਸਮੇਂ ਹਿੰਸਾ ਲਗਦਾ ਹੈ, ਬਦਲੀ ਹੋਈ ਹਾਲਤ ਵਿਚ ਉਹੀ ਅਹਿੰਸਾ ਬਣ ਜਾਂਦਾ ਹੈ ਅਤੇ ਜਿਸ ਉਪਰ ਇਕ ਸਮੇਂ ਅਸੀਂ ਅਹਿੰਸਾ ਕਹਿ ਕੇ ਫਖ਼ਰ ਮਹਿਸੂਸ ਕਰਦੇ ਹਾਂ ਦੂਸਰੀ ਹਾਲਤ ਵਿਚ ਉਹ ਹਿੰਸਾ ਬਣ ਜਾਂਦਾ ਹੈ। ਆਜ਼ਾਦ ਵਿਚ ਇਨ੍ਹਾਂ ਦੋਵਾਂ ਰੂਪਾਂ ਦਾ ਕਮਾਲ ਦਾ ਸੰਯੋਗ ਸੀ ਅਤੇ ਮੈਂ ਸਮਝਦਾ ਹਾਂ ਕਿ ਇਸ ਕਾਰਨ ਉਹ ਸਾਡੇ ਸਭ ਨਾਲੋਂ ਵੱਡੇ ਸਨ।"



ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਬਰਸੀ ਮੌਕੇ-ਜਨਮ 23 ਜੁਲਾਈ 1906, ਮੌਤ 27 ਫਰਵਰੀ 1931

- ਸ਼ਿਵ ਵਰਮਾ

# ਪ੍ਰੋਫੈਸਰ ਰਾਨਾਵਤ ਦੀ ਮੁਅੱਤਲੀ ਰੱਦ ਕੀਤਾ ਜਾਵੇ : ਜਮਹੂਰੀ ਅਧਿਕਾਰ ਸਭਾ

ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ ਪੰਜਾਬ ਜੈ ਨਰੈਣ ਵਿਆਸ ਯੂਨੀਵਰਸਿਟੀ ਜੋਧਪੁਰ (ਰਾਜਸਥਾਨ) ਦੀ ਪ੍ਰੋਫੈਸਰ ਰਾਜਸ਼੍ਰੀ ਰਾਨਾਵਤ ਨੂੰ ਯੂਨੀਵਰਸਿਟੀ ਵਿਚ ਅਖਾਉਤੀ ਰਾਸ਼ਟਰ ਵਿਰੋਧੀ ਤਕਰੀਰ ਕਰਵਾਉਣ ਬਦਲੇ ਨੌਕਰੀ ਤੋਂ ਮੁਅੱਤਲ ਕੀਤੇ ਜਾਣ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ। ਯਾਦ ਰਹੇ ਕਿ 2 ਫਰਵਰੀ ਨੂੰ ਯੂਨੀਵਰਸਿਟੀ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਪ੍ਰੋਫੈਸਰ ਨਿਵੇਦਿਤਾ ਮੈਨਨ ਦਾ ਰਿਸੋਰਸ ਪਰਸਨ ਦੇ ਤੌਰ 'ਤੇ ਲੈਕਚਰ ਕਰਵਾਇਆ ਸੀ। ਜਿਸ ਵਿਚ ਪ੍ਰੋਫੈਸਰ ਮੈਨਨ ਨੇ ਹੋਰ ਸਵਾਲਾਂ ਦੇ ਨਾਲ-ਨਾਲ ਕਸ਼ਮੀਰ ਅਤੇ ਹਿੰਦੁਸਤਾਨੀ ਫ਼ੌਜ ...ਦੀ ਭੂਮਿਕਾ ਬਾਰੇ ਆਪਣੇ ਵਿਚਾਰ ਰੱਖੇ ਸਨ। ਇਨ੍ਹਾਂ ਵਿਚਾਰਾਂ ਨੂੰ ਲੈਕੇ ਭਗਵੇਂ ਬਿਰਗੇਡ ਨੇ ਰਾਸ਼ਟਰ ਵਿਰੋਧੀ ਕਾਰਵਾਈ ਦਾ ਹੋ-ਹੱਲਾ ਮਚਾਕੇ ਪ੍ਰਦਰਸ਼ਨ ਕੀਤਾ ਅਤੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਉਸਨੂੰ ਸੰਘ ਪਰਿਵਾਰ ਅਤੇ ਪ੍ਰਸ਼ਾਸਨ ਵਲੋਂ ਲਗਾਤਾਰ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਸੰਘ ਪਰਿਵਾਰ ਦੇ ਦਬਾਓ ਹੇਠ ਕਾਨਫਰੰਸ ਦੀ ਆਯੋਜਕ ਪ੍ਰਫੋਸਰ ਰਾਨਾਵਤ ਨੂੰ ਯੂਨਵੀਰਿਸਟੀ ਵਲੋਂ ਮੁਅੱਤਲ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਸੰਘੀਆਂ ਦੇ ਦਬਾਓ ਹੇਠ ਇਕ ਜਾਂਚ ਕਮੇਟੀ ਬਣਾਈ ਗਈ ਹੈ ਜੋ ਫਾਸ਼ੀਵਾਦੀ ਤਾਕਤਾਂ ਦੀ ਮੰਗ ਅਨੁਸਾਰ ਉਸਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਨਜ਼ਰੀਏ ਨਾਲ ਕਥਿਤ ਜਾਂਚ ਕਰ ਰਹੀ ਹੈ। ਸਭਾ ਸਮਝਦੀ ਹੈ ਕਿ ਪ੍ਰੋਫੈਸਰ ਰਾਨਾਵਤ ਦੀ ਮੁਅੱਤਲੀ ਅਤੇ ਉਸ ਦੇ ਖ਼ਿਲਾਫ਼ ਕਾਰਵਾਈ ਵਿਚਾਰਾਂ ਦੀ ਆਜ਼ਾਦੀ ਉੱਪਰ ਹਮਲਾ ਹੈ ਅਤੇ ਇਹ ਸੰਘ ਪਰਿਵਾਰ ਦੇ ਯੂਨੀਵਰਸਿਟੀਆਂ ਅਤੇ ਹੋਰ ਉੱਚ ਸਿਖਿਆ ਸੰਸਥਾਵਾਂ ਦੇ ਉਸਾਰੂ ਬਹਿਸ ਅਤੇ ਵਿਚਾਰਾਂ ਦੇ ਆਦਾਨ ਪ੍ਰਦਾਨ ਦੇ ਰਚਨਾਤਮਕ ਮਾਹੌਲ ਨੂੰ ਖ਼ਤਮ ਕਰਕੇ ਆਪਣਾ ਹਿੰਦੂਤਵੀ ਏਜੰਡਾ ਥੋਪਣ ਦੇ ਘਿਣਾਉਣੇ ਸਿਲਸਿਲੇ ਦੀ ਕੜੀ ਹੈ। ਸਭਾ ਮੰਗ ਕਰਦੀ ਹੈ ਕਿ ਪ੍ਰੋਫੈਸਰ ਰਾਨਾਵਤ ਨੂੰ ਤੁਰੰਤ ਬਹਾਲ ਕੀਤਾ ਜਾਵੇ, ਉਸਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ ਅਤੇ ਅਕਾਦਮਿਕ ਅਦਾਰਿਆਂ ਅੰਦਰ ਹਿੰਦੂਤਵੀ ਫਾਸ਼ੀਵਾਦੀਆਂ ਦੀਆਂ ਮਨਮਾਨੀਆਂ ਉੱਪਰ ਰੋਕ ਲਾਈ ਜਾਵੇ।



# ਟੋਰਾਂਟੋ ਪੀਅਰਸਨ ਏਅਰਪੋਰਟ ਸਪੋਰਟਸ ਰਨਰ ਕਲੱਬ ਵਲੋਂ ਮੁਕਾਬਲੇ 8 ਅਪ੍ਰੈਲ ਨੂੰ

## ਦੂਸਰਾ ਈਵੈਂਟ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵਲੋਂ ਆਰੰਭ







ਟੋਰਾਂਟੋ ਪੀਅਰਸਨ ਏਅਰਪੋਰਟ ਸਪੋਰਟਸ ਰਨਰ ਕਲੱਬ 2012 ਵਿਚ ਯੂਨਾਈਟਿਡ ਵੇਅ ਨਾਲ ਪਹਿਲੀ ਵਾਰ ਸੀ. ਐਨ. ਟਾਵਰ ਦੀਆਂ ਪੌੜੀਆਂ ਚੜ੍ਹਨ ਵਾਸਤੇ ਸ਼ਾਮਲ ਹੋਈ ਸੀ। ਇਸ ਵਿਚ ਉਸ ਸਮੇਂ ਕਲੱਬ ਦੇ 5 ਮੈਂਬਰ ਚੜ੍ਹੇ ਸਨ। ਉਸ ਤੋਂ ਬਾਅਦ 2016 ਤੱਕ ਇਸ ਦੀ ਗਿਣਤੀ 40 ਹੋ ਗਈ ਹੈ। ਇਸ ਸਾਲ ਇਹ ਕਲੱਬ ਡਬਲਿਊ. ਡਬਲਿਊ. ਐਫ. ਨਾਲ 8 ਅਪ੍ਰੈਲ ਨੂੰ ਸੀ. ਐਨ. ਟਾਵਰ ਦੀਆਂ ਪੌੜੀਆਂ ਚੜ੍ਹਨ ਵਿਚ ਭਾਗ ਲਵੇਗੀ। ਡਬਲਿਊ. ਡਬਲਿਊ. ਐਫ. ਦੀ ਚੈਰਟੀ ਅਪ੍ਰੈਲ ਮਹੀਨੇ ਵਿਚ ਯੂਨਾਈਟਿਡ ਵੇਅ ਅਤੇ ਅਕਤੂਬਰ ਵਿਚ ਹੁੰਦੀ ਹੈ। ਦੋਨੋਂ ਚੈਟਰੀਆਂ ਆਪਣਾ ਇਹ ਕਾਰਜ ਸ਼ਨਿਚਰਵਾਰ ਅਤੇ ਐਤਵਾਰ ਨੂੰ ਕਰਦੀਆਂ ਹਨ। ਸ਼ਨਿਚਰਵਾਰ ਨੂੰ ਆਮ ਲੋਕਾਂ ਦੀ ਸ਼ਮੂਲੀਅਤ ਹੁੰਦੀ ਹੈ ਅਤੇ ਐਤਵਾਰ ਨੂੰ ਸਪਾਂਸਰ, ਬੈਂਕਾਂ ਅਤੇ ਬਿਜਨਸ ਅਦਾਰਿਆਂ ਦੇ ਕਾਮੇ ਇਸ ਵਿਚ ਭਾਗ ਲੈਂਦੇ ਹਨ। ਦੋਨੋਂ ਚੈਰਟੀਆਂ ਵਿਚ ਭਾਗ ਲੈਣ ਵਾਸਤੇ ਲਗਭਗ ਤਿੰਨ ਲੱਖ ਹਿੱਸਾ ਪਾਉਂਦੇ ਹਨ। ਟਾਵਰ ਦੀਆਂ ਪੌੜੀਆਂ ਚੜ੍ਹਨ ਲਈ ਇਹ ਈਵੈਂਟ ਸਾਲ ਵਿਚ ਇਕ ਵਾਰ ਹੀ ਹੁੰਦਾ ਹੈ। ਦੋਨੋਂ ਚੈਰਟੀਆਂ ਤਕਰੀਬਨ 6 ਮਿਲੀਅਨ ਡਾਲਰ ਇਕੱਠਾ ਕਰਦੀਆਂ ਹਨ। ਸੀ. ਐਨ. ਟਾਵਰ ਦੀਆਂ ਕੁੱਲ ਪੌੜੀਆਂ 176 ਹਨ। ਇਸ ਵਿਚ ਭਾਗ ਲੈਣ ਵਾਸਤੇ ਇਸ ਦੀ ਫੀਸ 100 ਡਾਲਰ ਹੁੰਦੀ ਹੈ ਜਿਸ ਨੂੰ ਤੁਸੀਂ ਟੈਕਸ ਵਿਚ ਕਲੇਮ ਕਰ ਸਕਦੇ ਹੋ। ਤੁਸੀਂ ਇਸ ਸ਼ੁਭ ਕੰਮ ਵਿਚ ਹਿੱਸਾ ਪਾਉਣ ਲਈ ਆਨਲਾਈਨ ਰਜਿਸਟਰ ਕਰਵਾ ਸਕਦੇ ਹੋ। ਇਸ ਵਿਚ ਹਿੱਸਾ ਲੈਣ ਵਾਸਤੇ ਤੁਹਾਨੂੰ ਟੀ. ਸ਼ਰਟ ਉਪਰ ਤੁਹਾਡਾ ਨਾਂ ਅਤੇ ਟਾਈਮ ਲਿਖਿਆ ਹੋਵੇਗਾ। ਆਮ ਤੌਰ 'ਤੇ ਪੌੜੀਆਂ ਚੜ੍ਹਨ ਦਾ ਸਮਾਂ ਤਕਰੀਬਨ 15 ਮਿੰਟ ਹੁੰਦਾ ਹੈ।

ਟੋਰਾਂਟੋ ਪੀਅਰਸਨ ਏਅਰਪੋਰਟ ਸਪੋਰਟਸ ਰਨਰ ਕਲੱਬ ਵਲੋਂ ਦੂਸਰਾ ਕਾਰਜ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵਲੋਂ ਮੈਰਾਥਨ ਜੋ ਸਕਾਬਰੋ ਗੁਰੂ ਤੋਂ ਆਰੰਭ ਹੋ ਕੇ ਡਿਕਸੀ ਗੁਰੂ ਘਰ ਵਿਚ ਖਤਮ ਹੁੰਦਾ ਹੈ। ਇਸ ਮੈਰਾਥਨ ਵਿਚ ਯੋਗਇੰਗ ਅਤੇ ਦੌੜ ਵਿਚੋਂ ਕੋਈ ਵੀ ਚੁਣਿਆ ਜਾ ਸਕਦਾ ਹੈ। ਇਹ 42 ਕਿਲੋਮੀਟਰ, 21 ਕਿਲੋਮੀਟਰ, 12 ਕਿਲੋਮੀਟਰ, 5 ਕਿਲੋਮੀਟਰ ਦੀ ਦੌੜ ਹੁੰਦੀ ਹੈ। ਇਸ ਚੈਰਟੀ ਵਿਚ ਸਭ ਵਲੰਟੀਅਰ ਫਰੀ ਕੰਮ ਕਰਦੇ ਹਨ। ਇਸ ਚੈਰਟੀ ਦੇ ਤਕਰੀਬਨ 300 ਬੱਚੇ ਇੰਡੀਆ ਅਤੇ ਦੂਸਰੇ ਮੁਲਕਾਂ ਵਿਚ ਸਪਾਂਸਰ ਕੀਤੇ ਹਨ। ਇਹ ਹਰ ਸਾਲ ਮਈ ਦੇ ਮਹੀਨੇ ਵਿਕਟੋਰੀਆ ਡੇਅ ਵਾਲੇ ਵੀਕ ਐਂਡ 'ਤੇ ਕਰਵਾਈ ਜਾਂਦੀ ਹੈ। ਇਸ ਵਿਚ ਸਾਡੇ ਕਲੱਬ ਦੇ ਤਕਰੀਬਨ 200 ਮੈਂਬਰ ਹਿੱਸਾ ਲੈਂਦੇ ਹਨ। ਇਸ ਦੀ ਫੀਸ 20 ਡਾਲਰ ਹੈ ਤੁਸੀਂ ਇਸ ਨੂੰ ਆਨਲਾਈਨ ਵੀ ਰਜਿਸਟਰ ਕਰਵਾ ਸਕਦੇ ਹੋ। ਤੁਸੀਂ ਵਲੰਟੀਅਰ ਵੀ ਰਜਿਸਟਰ ਹੋ ਸਕਦੇ ਹੋ। ਵਲੰਟਰੀਅਰਾਂ ਵਾਸਤੇ ਇਹ ਫਰੀ ਹੁੰਦੀ ਹੈ। ਸਕੂਲ ਦੇ ਬੱਚਿਆਂ ਵਾਸਤੇ ਵਲੰਟੀਅਰ ਕੰਮ ਕਰਨ ਵਾਸਤੇ ਘੰਟੇ ਦਿੱਤੇ ਜਾਂਦੇ ਹਨ। ਇਹ ਸਕੋਸੀਆ ਬੈਂਕ ਮੈਰਾਥਨ ਟੋਰਾਂਟੋ ਵੀ ਇਸ ਸਪੋਰਟਸ ਕਲੱਬ ਭਾਗ ਲੈਂਦੀ ਹੈ। ਉਸ ਵਿਚ ਤਕਰੀਬਨ 27000 ਰਨਰ ਭਾਗ ਲੈਂਦੇ ਹਨ। ਹੋਰ ਜਾਣਕਾਰੀ ਲੈਣ ਲਈ ਤੁਸੀਂ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ। ਕਲੱਬ ਦੇ ਪ੍ਰਧਾਨ ਹਰਭਜਨ ਸਿੰਘ ਗਿੱਲ 905-488-2869, ਸੈਕਟਰੀ ਜੈਪਾਲ ਸਿੱਧੂ 416-837-1562 ਅਤੇ ਰਾਕੇਸ਼ ਸ਼ਰਮਾ 905-918-6858 'ਤੇ ਰਜਿਸਟ੍ਰੇਸ਼ਨ ਵਾਸਤੇ ਸੰਪਰਕ ਕੀਤਾ ਜਾ ਸਕਦਾ।


GILL
Truck & Trailer Repair and Mobile Service
Cell: 416.312.4707
Tel: 905.458.3455
Fax: 905.458.3456
"Hiring Full and Part Time mechanics"
Open 7 days a week and, make it nice
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic



HomeLife Liberty Realty Inc.
Brokerage, Independently Owned & Operated
Nachhater Singh Badesha
SALES REPRESENTATIVE
Cell: 647-267-3397
Off: 905-293-9595
Fax: 905-293-9590
nbadesha@yahoo.ca
7895 Tranmere Dr., Unit 22
Mississauga ON L5S 1V9
"The Professional with Integrity"



Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative



**5 ਮਾਰਚ ਨੂੰ ਬਰਸੀ ਮੌਕੇ ਵਿਸ਼ੇਸ਼**

# ਮਹਾਨ ਇਨਕਲਾਬੀ ਦੇਸ਼-ਭਗਤ : ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ

ਅਮਰ ਗ਼ਦਰੀ ਸੂਰਮੇਂ ਗੁਰਮੁੱਖ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਲਲਤੋਂ ਖੁਰਦ ਵਿਖੇ ਇੱਕ ਗਰੀਬ ਕਿਸਾਨ ਹੁਸ਼ਨਾਕ ਸਿੰਘ ਦੇ ਘਰੇ 3 ਦਸੰਬਰ 1892 'ਚ ਜਨਮ ਲਿਆ। ਮੁਢਲੀ ਪੜ੍ਹਾਈ ਪਿੰਡ 'ਚ ਕਰਨ ਉਪਰੰਤ ਆਪ ਨੇ ਮਿਸ਼ਨ ਸਕੂਲ ਲੁਧਿਆਣਾ 'ਚੋਂ ਮੈਟ੍ਰਿਕ ਪਾਸ ਕੀਤੀ। ਉੱਚ-ਵਿੱਦਿਆ ਤੇ ਰੋਟੀ-ਰੋਜ਼ੀ ਲਈ, ਹਾਂਗ ਕਾਂਗ ਹੁੰਦੇ ਹੋਏ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਰਾਹੀਂ ਵੈਨਕੂਵਰ (ਕੈਨੇਡਾ) ਨੇੜੇ ਪਹੁੰਚੇ। ਬਰਤਾਨਵੀ ਤੇ ਕੈਨੇਡਾ ਸਰਕਾਰਾਂ ਨੇ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦਿੱਤਾ। ਅਗਨਬੋਟਾਂ ਰਾਹੀਂ ਸਾਮਰਾਜੀ ਪੁਲਿਸ ਨੇ ਮੁਸਾਫਰਾਂ 'ਤੇ ਹੱਲਾ ਬੋਲਿਆ ਮੁਸਾਫਰਾਂ ਨੇ ਇਸਦਾ ਟਾਕਰਾ ਕੀਤਾ। ਜ਼ਿੰਦਗੀ-ਮੌਤ ਦੀ ਇਸ ਲੜਾਈ 'ਚ ਬਹਾਦਰ ਗੁਰਮੁੱਖ ਸਿੰਘ ਦਾ ਨਾਂਅ ਉਭਰ ਕੇ ਸਾਹਮਣੇ ਆਇਆ ਤੇ ਉਹ ਗ਼ਦਰ ਪਾਰਟੀ ਦਾ ਮੈਂਬਰ ਬਣਿਆ। ਕਾਮਾਗਾਟਾਮਾਰੂ ਦੀ ਇਸ ਮਿਸਾਲੀ ਲੜਾਈ ਤੋਂ ਕੈਨੇਡਾ ਵਸਦੀ ਭਾਰਤੀ ਜਨਤਾ ਦੇ ਹੱਕੀ ਸੰਘਰਸ਼ ਦੇ ਸਿੱਟੇ ਵਜੋਂ ਮੁਸਾਫਰਾਂ ਨੂੰ ਰਾਸ਼ਨ-ਪਾਣੀ ਦੇਣ ਦੀ ਆਗਿਆ ਮਿਲੀ। ਜਹਾਜ਼ ਵਾਪਸ ਹੋ ਕੇ ਬੱਜ-ਬੱਜ ਘਾਟ, ਕਲਕੱਤਾ 'ਤੇ ਆ ਲੱਗਿਆ। ਅੰਗਰੇਜ਼ੀ ਹਕੂਮਤ ਨੇ ਬੇਤਹਾਸ਼ਾ ਗੋਲੀਆਂ ਚਲਾ ਕੇ 19 ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਤੇ 9 ਗੰਭੀਰ ਫੱਟੜ ਕਰ ਦਿੱਤੇ। ਗੁਰਮੁੱਖ ਸਿੰਘ ਸਮੇਤ ਅਨੇਕਾਂ ਜੁਝਾਰੂਆਂ ਨੂੰ ਫੜ ਕੇ ਅਲੀਪੁਰ ਜੇਲ੍ਹ 'ਚ ਡੱਕ ਦਿੱਤਾ ਤੇ ਪਿੱਛੋਂ ਪਿੰਡਾਂ 'ਚ ਜੂਹਬੰਦੀ ਕਰ ਦਿੱਤੀ ਗਈ। ਇਨ੍ਹਾਂ ਰੋਕਾਂ ਨੂੰ ਤੋੜਦੇ ਹੋਏ, ਆਪ ਗ਼ਦਰ ਪਾਰਟੀ ਦੀਆਂ ਮੋਹਰੀ ਸਫਾਂ 'ਤੇ ਹੋ ਕੇ ਬਰਤਾਨਵੀ ਰਾਜ ਦਾ ਤਖਤਾ ਪਲਟਣ ਲਈ ਹਥਿਆਰਬੰਦ ਗ਼ਦਰ ਦੀ ਤਿਆਰੀ 'ਚ ਜੁੱਟ ਗਏ।

ਸਤੰਬਰ 1915 'ਚ ਆਪ ਲਾਹੌਰ ਤੋਂ ਗ੍ਰਿਫ਼ਤਾਰ ਕਰ ਲਏ ਗਏ। ਕਾਲੇ ਪਾਣੀ ਦੀ ਉਮਰ ਕੈਦ ਹੋਈ, ਘਰ-ਬਾਰ ਤੇ ਜ਼ਮੀਨ ਜ਼ਬਤ ਕਰ ਲਈ ਗਈ। 1917 'ਚ ਅੰਡੇਮਾਨ ਭੇਜ ਦਿੱਤਾ ਗਿਆ। 1922 'ਚ ਜੇਲ੍ਹ ਬਦਲੀ ਮੌਕੇ ਆਪ ਨੇ ਤਰਿਚਨਾਪਲੀ (ਮਦਰਾਸ) ਨੇੜੇ ਚੱਲਦੀ ਰੇਲ ਗੱਡੀ 'ਚੋਂ ਸਣੇ ਹੱਥਕੜੀਆਂ-ਬੇੜੀਆਂ ਛਾਲਾਂ ਮਾਰ ਦਿੱਤੀਆਂ। ਸੰਗਲ ਕਟਵਾ ਕੇ, ਫੁਰਤੀ ਨਾਲ ਗੁਪਤਵਾਸ ਹੋ ਕੇ ਅਫ਼ਗਾਨਿਸਤਾਨ ਜਾ ਪੁੱਜੇ ਤੇ ਅੰਗਰੇਜ਼ ਸਰਕਾਰ ਵਿਰੁੱਧ ਗ਼ਦਰ ਦੇ ਨਵੇਂ ਪੜਾਅ ਦੀ ਤਿਆਰੀ ਲਈ ਡਟ ਗਏ ।

ਰੂਸ 'ਚ ਅਕਤੂਬਰ 1917 ਦੇ ਮਹਾਨ ਇਨਕਲਾਬ ਦੇ ਸਾਰੀ ਦੁਨੀਆਂ 'ਤੇ ਡੂੰਘੇ ਪ੍ਰਭਾਵ ਅਧੀਨ 1925 'ਚ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ। ਅੱਡ-ਅੱਡ ਮੁਲਕਾਂ 'ਚ ਜਾ ਕੇ ਦੇਸ਼ ਦੀ ਮੁਕਤੀ ਲਈ ਸੰਘਰਸ਼ ਜਾਰੀ ਰੱਖਿਆ। ਕਈ ਵਾਰੀ ਰੂਸ ਪੁੱਜ ਕੇ, ਕਮਿਊਨਿਸਟ ਵਿੱਦਿਆ ਤੇ ਸਿਖਲਾਈ ਹਾਸਲ ਕੀਤੀ । 1928 'ਚ ਅਮਰੀਕਾ ਜਾ ਕੇ ਗ਼ਦਰ ਪਾਰਟੀ ਦੀ ਮੁੜ ਜੱਥੇਬੰਦੀ ਦਾ ਕਾਰਜ ਆਰੰਭਿਆ। 1929 'ਚ ਮੁੜ ਕਾਬਲ ਆ ਕੇ ਇਨਕਲਾਬੀ ਕੰਮ ਦੀ ਵਾਗਡੋਰ ਸਾਂਭੀ।

1934 'ਚ 'ਕੇਸ਼ੋ ਰਾਮ' ਦੇ ਨਾਂਅ ਹੇਠ ਕਿਰਤੀ ਪਾਰਟੀ ਦੀ ਅਗਵਾਈ 'ਚ ਕਿਸਾਨ ਮੋਰਚੇ ਦੀ ਕਮਾਨ ਸਾਂਭ ਲਈ। 1935 'ਚ ਇਸ ਪਾਰਟੀ ਦੇ ਸਕੱਤਰ ਬਣੇ। ਪਾਰਟੀ ਦੇ 2 ਪਰਚਿਆਂ-'ਕਿਰਤੀ' ਤੇ 'ਲਾਲ ਢੰਡੋਰਾ' ਦੇ ਇੰਚਾਰਜ ਰਹੇ। 1936 'ਚ ਲਾਹੌਰ ਤੋਂ ਮੁੜ ਫੜੇ ਗਏ। ਦੁਬਾਰਾ ਕਾਲੇ ਪਾਣੀ ਭੇਜਿਆ ਗਿਆ। 1946 ਤੱਕ ਵੱਖ-ਵੱਖ ਜੇਲ੍ਹਾਂ 'ਚ ਰਹਿ ਕੇ ਬਾਮੁਸ਼ੱਕਤ ਕੈਦਾਂ ਕੱਟੀਆਂ ਅਤੇ ਅਨੇਕਾਂ ਜੇਲ੍ਹ-ਘੋਲਾਂ ਦੀ ਰਹਿਨੁਮਾਈ ਕੀਤੀ।



1947 'ਚ ਅੰਗਰੇਜ਼ਾਂ ਨੂੰ ਭਾਰਤ 'ਚੋਂ ਨਿਕਲਣਾ ਪਿਆ। ਆਪ ਨੇ 1948 ਤੋਂ 52 ਤੱਕ ਗੁਪਤਵਾਸ ਰਹਿ ਕੇ ਸਾਮਰਾਜੀ-ਜਗੀਰੂ ਪ੍ਰਬੰਧ ਨੂੰ ਬਦਲ ਕੇ ਨਵਾਂ ਲੋਕਰਾਜੀ ਪ੍ਰਬੰਧ ਕਾਇਮ ਕਰਨ ਲਈ ਹਥਿਆਰਬੰਦ ਮੁਜ਼ਾਰਾ ਲਹਿਰ ਦੀ ਅਗਵਾਈ 'ਚ ਅਹਿਮ ਰੋਲ ਨਿਭਾਇਆ। 1959 'ਚ ਆਪ ਦੀ ਕਮਾਂਡ ਹੇਠ ਪੰਜਾਬ ਕਿਸਾਨ ਸਭਾ ਨੇ ਖੁਸ਼ਹੈਸੀਅਤੀ ਟੈਕਸ ਵਿਰੁੱਧ ਇਤਿਹਾਸਕ ਜੇਤੂ ਮੋਰਚਾ ਲਾਇਆ। 1962 ਦੀ ਹਿੰਦ-ਚੀਨ ਜੰਗ ਵੇਲੇ ਆਪ ਨੂੰ ਮੁੜ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਆਪ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਉਸਾਰੀ ਲਈ ਬਿਰਧ ਅਵਸਥਾ ਦੇ ਬਾਵਜੂਦ ਦੇਸ਼-ਪ੍ਰਦੇਸ਼ ਵਿੱਚੋਂ ਬੇਮਿਸਾਲ ਸਹਾਇਤਾ ਹਾਸਲ ਕਰਵਾਈ। ਚੜ੍ਹਦੀ ਜਵਾਨੀ ਵੇਲੇ ਤੋਂ ਲੈ ਕੇ ਅੰਤਮ ਸਾਹਾਂ ਤੱਕ ਆਪ ਦੀ ਜ਼ਿੰਦਗੀ ਦਾ ਪਲ ਪਲ ਜਮਹੂਰੀ ਇਨਕਲਾਬ ਰਾਹੀਂ ਨਵਾਂ ਨਰੋਆ ਸਮਾਜਵਾਦੀ ਰਾਜ ਪ੍ਰਬੰਧ ਉਸਾਰਨ ਦੇ ਮਹਾਨ ਕਾਜ ਨੂੰ ਸਮਰਪਤ ਸੀ। 13 ਮਾਰਚ 1977 ਨੂੰ ਵਤਨ-ਵਾਸੀਆਂ ਨੂੰ ਸਦੀਵੀ ਅਲਵਿਦਾ ਕਹਿ ਗਏ। ਮਿਹਨਤਕਸ਼ ਲੋਕਾਂ ਲਈ ਤੇ ਦੇਸ਼ ਲਈ ਕੀਤੀਆਂ ਭਾਰੀ ਕੁਰਬਾਨੀਆਂ ਤੇ ਵੱਡੇ ਤਿਆਗ ਸਦਕਾ ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਸਦਾ ਲਈ ਅਮਰ ਰਹਿਣਗੇ ਤੇ ਰੌਸ਼ਨ ਲਾਲ ਸਿਤਾਰੇ ਦੀ ਹੈਸੀਅਤ 'ਚ ਨਵੀਂ ਰੋਸ਼ਨੀ ਦਿੰਦੇ ਰਹਿਣਗੇ।

ਸਕੂਲ ਵਿਦਿਆਰਥੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ, 5 ਮਾਰਚ 2017 ਦਿਨ ਐਤਵਾਰ ਨੂੰ ਉਨ੍ਹਾਂ ਦੀ ਵਾਰਿਸ-ਗਦਰੀ ਬਾਬਾ ਗੁਰਮੁੱਖ ਸਿੰਘ ਯਾਦਗਾਰ ਕਮੇਟੀ ਲਲਤੋਂ ਖੁਰਦ ਵਲੋਂ ਕੌਮਾਗਾਟਾਮਾਰੂ ਯਾਦਗਾਰੀ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਸਰਪ੍ਰਸਤੀ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੁੱਖ ਸਰਪ੍ਰਸਤੀ ਹੇਠ ਅਤੇ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਨ੍ਹਾਂ ਦੀ 40ਵੀਂ ਸਲਾਨਾ ਬਰਸੀ ਵਿਸ਼ਾਲ ਦੇਸ਼ ਭਗਤ ਮੇਲਾ ਲਲਤੋਂ ਖੁਰਦ (ਜ਼ਿਲ੍ਹਾ ਲੁਧਿਆਣਾ) ਦੇ ਸਕੂਲ ਵਿਖੇ ਲਗਾਇਆ ਜਾ ਰਿਹਾ ਹੈ । ਇਸ ਵਿੱਚ ਇਨਕਲਾਬੀ ਨਾਟਕ, ਕੋਰੀਓਗ੍ਰਾਫੀਆਂ, ਗੀਤ-ਸੰਗੀਤ, ਤੇ ਚੋਣਵੇਂ ਬੁਲਾਰੇ ਗਦਰੀ ਬਾਬਾ ਜੀ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨਗੇ।

**ਜਸਦੇਵ ਸਿੰਘ ਲਲਤੋਂ**
**ਫੋਨ ਨੰ: 0161-2805677**

## ਕੈਨੇਡੀਅਨਾਂ ਦੇ ਸਿਰਾਂ 'ਤੇ ਹਵਾਈ ਹਵਾਈ ਯਾਤਰਾਵਾਂ ਕਰ ਰਹੇ ਰਾਜਨੇਤਾ



ਪ੍ਰਧਾਨ ਮੰਤਰੀ ਯੌਂ ਕ੍ਰੇਚੀਐਂ ਆਪਣੀ ਟੀਮ ਨਾਲ ਫਰਵਰੀ 7 ਤੋਂ 17, 2001 ਵਿੱਚ 11 ਦਿਨ ਦੀ ਯਾਤਰਾ 'ਤੇ ਚੀਨ ਗਏ ਸਨ। ਖ਼ਰਚ ਆਇਆ ਸੀ 67 ਲੱਖ ਡਾਲਰ। ਹਾਂ ਜੀ, 67 ਲੱਖ 57 ਹਜ਼ਾਰ 908 ਡਾਲਰ ! ਪ੍ਰਧਾਨ ਮੰਤਰੀ ਪੌਲ ਮਾਰਟਿਨ ਨੇ 2005 ਵਿੱਚ ਥਾਈਲੈਂਡ, ਭਾਰਤ, ਸ੍ਰੀ ਲੰਕਾ, ਜਾਪਾਨ ਅਤੇ ਚੀਨ ਦਾ ਦੌਰਾ ਕੀਤਾ; 9 ਦਿਨਾਂ ਵਿੱਚ 20 ਲੱਖ ਡਾਲਰ ਦਾ ਸਫਾਇਆ ਹੋਇਆ, ਕੁੱਲ 20 ਲੱਖ 48 ਹਜ਼ਾਰ 222 ਡਾਲਰ । ਸਾਲ 2008 ਵਿੱਚ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਜੀ-8 ਦੇਸ਼ਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਚੀਨ ਗਏ। ਖ਼ਰਚ ਸੀ ਸਿਰਫ਼ 14 ਲੱਖ ਡਾਲਰ। ਸਾਲ 2014, ਨਵੰਬਰ 5 ਤੋਂ 10 ਤੱਕ ਸਟੀਵਨ ਹਾਰਪਰ ਮੁੜ ਚੀਨ ਅਤੇ ਹਾਂਗਕਾਂਗ ਗਏ। ਇਸ ਵਾਰ ਦਾ ਸਿਰਫ਼ 6 ਦਿਨਾਂ ਦਾ ਖ਼ਰਚ ਸੀ 16 ਲੱਖ 98 ਹਜ਼ਾਰ 802 ਡਾਲਰ। ਇਹ ਅੰਕੜੇ ਖ਼ਰਚਿਆਂ ਦੇ ਤਾਲਾਬ ਵਿੱਚੋਂ ਇਕ ਬਾਲਟੀ ਭਰ ਹਨ। ਕੈਨੇਡਾ ਵਾਸੀ ਇਹਨਾਂ ਖ਼ਰਚਿਆਂ ਦੀ ਅਦਾਇਗੀ ਕਰਦੇ ਆ ਰਹੇ ਹਨ, ਪਰ ਕਿਸੇ ਨੂੰ ਵੀ ਇਸ ਦਾ ਭੋਰਾ ਪਤਾ ਨਹੀਂ ਹੈ। ਹੁਣ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੇ ਵਰ੍ਹੇ ਗਏ ਸਨ ਚੀਨ। ਹਾਂਗਕਾਂਗ, ਹੈਂਗਜ਼ਾਉ, ਸ਼ੰਘਾਈ ਅਤੇ ਬੀਜਿੰਗ ਦਾ ਇਹ ਦੌਰਾ ਜੀ-20 ਦੇਸ਼ਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਕੀਤਾ ਗਿਆ ਸੀ। ਦਸ ਦਿਨਾਂ ਦੇ ਇਸ ਦੌਰੇ ਦਾ ਖ਼ਰਚ 18 ਲੱਖ 2 ਹਜ਼ਾਰ 804 ਡਾਲਰ ਆਇਆ ਸੀ। ਨਵੰਬਰ 2015 ਵਿੱਚ ਪ੍ਰਧਾਨ ਮੰਤਰੀ ਟਰੂਡੋ ਇੰਗਲੈਂਡ, ਮਾਲਟਾ ਅਤੇ ਫ੍ਰਾਂਸ ਗਏ ਸਨ ਅਤੇ ਇਸ ਦਾ ਖ਼ਰਚ ਰਿਹਾ 10 ਲੱਖ ਡਾਲਰ। ਫਿਰ, ਜਨਵਰੀ 2016 ਵਿੱਚ ਉਹ ਗਏ ਡਾਵੋਸ (ਸਵਿਟਜ਼ਰਲੈਂਡ) ਅਤੇ 20 ਤੋਂ 23 ਜਨਵਰੀ ਦੌਰਾਨ ਇਸ ਯਾਤਰਾ ਦਾ ਖ਼ਰਚ ਆਇਆ ਸੀ ਸਿਰਫ਼ 8 ਲੱਖ 55 ਹਜ਼ਾਰ ਡਾਲਰ।

ਪ੍ਰਧਾਨ ਮੰਤਰੀ ਟਰੂਡੋ ਦੇ ਪਿਛਲੇ ਸਾਲ 29 ਅਗਸਤ ਤੋਂ 7 ਸਤੰਬਰ ਦੌਰਾਨ ਜਹਾਜ਼ ਦਾ ਖ਼ਰਚ ਸੀ 5 ਲੱਖ 43 ਹਜ਼ਾਰ 682 ਡਾਲਰ। ਇਸ ਵਿੱਚੋਂ 1 ਲੱਖ 27 ਹਜ਼ਾਰ 432 ਡਾਲਰ ਦਾ ਖ਼ਰਚ ਭੋਜਨ ਦਾ ਸੀ ਜਿਹੜਾ ਜਹਾਜ਼ ਦੇ ਅੰਦਰ ਪਰੋਸਿਆ ਗਿਆ। ਇਕ ਹੋਰ ਹੈਰਾਨ ਕਰ ਦੇਣ ਵਾਲੀ ਗੱਲ ਦਾ ਖੁਲਾਸਾ ਹੋਇਆ ਹੈ। ਪ੍ਰਧਾਨ ਮੰਤਰੀ ਦੇ ਚੀਨ ਦੌਰੇ ਤੋਂ ਪਹਿਲਾਂ 'ਗ੍ਰਾਊਂਡ ਵਰਕ' ਕਰਨ ਲਈ 'ਐਡਵਾਂਸ ਟੀਮ' ਉੱਥੇ ਭੇਜੀ ਗਈ ਸੀ। ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਹਵਾਈ ਖ਼ਰਚਾ 10 ਲੱਖ 12 ਹਜ਼ਾਰ 509 ਡਾਲਰ ਆਇਆ ਹੈ। ਪ੍ਰਿਵੀ ਕੌਂਸਿਲ ਦਾ ਹਵਾਈ ਖ਼ਰਚ 2 ਲੱਖ 46 ਹਜ਼ਾਰ 613 ਡਾਲਰ ਆਇਆ ਹੈ।

ਚੀਨ ਨਾਲ ਪ੍ਰਧਾਨ ਮੰਤਰੀ ਟਰੂਡੋ ਸੌਦਾ ਕਰਕੇ ਆਏ ਹਨ ਕਿ ਕੈਨੇਡਾ ਦੀ ਕੈਨੋਲਾ ਇੰਡਸਟਰੀ ਚੀਨ ਨਾਲ 2 ਬਿਲੀਅਨ ਡਾਲਰ ਦਾ ਵਪਾਰ ਕਰੇਗੀ। ਕੈਨੇਡਾ-ਚੀਨ ਫ੍ਰੀ ਟਰੇਡ ਸਮਝੌਤੇ ਉਤੇ ਗੱਲਬਾਤ ਅੱਗੇ ਵਧਾਈ ਗਈ।

ਚਰਚਾ ਇਹ ਨਹੀਂ ਕਿ ਕਿਹੜੇ ਕਿਹੜੇ ਸਮਝੌਤੇ ਕਦੋਂ ਕਦੋਂ ਕੀਤੇ ਗਏ। ਚਰਚਾ ਹੈ ਕਿ ਸਾਡਾ ਦੇਸ਼ ਅਤੇ ਸਾਡੇ ਦੇਸ਼ ਵਾਸੀ ਕੀ ਇੰਨਾ ਖ਼ਰਚਾ ਕਰਨ ਦੇ ਸਮਰੱਥ ਹਨ? ਨੈਸ਼ਨਲ ਬੈਂਕ ਆਫ਼ ਕੈਨੇਡਾ ਨੇ ਪਿਛਲੇ ਹਫ਼ਤੇ ਜਾਰੀ ਆਪਣੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਮੌਜੂਦਾ ਫੈਡਰਲ ਸਰਕਾਰ ਦਾ ਇਸ ਵਾਰੀ (4 ਸਾਲ ਦਾ ਕਾਰਜਕਾਲ) ਦਾ ਘਾਟੇ ਦਾ ਬਜਟ 90 ਬਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ। ਜੇ ਸਰਕਾਰ ਆਪਣੇ ਖ਼ਰਚ ਨਹੀਂ ਘਟਾਵੇਗੀ, ਇਹ ਬਜਟ ਘਾਟਾ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ? ਖ਼ਬਰਾਂ ਆਉਂਦੀਆਂ ਨੇ ਕਿ ਇਕ ਮੰਤਰੀ ਨੇ 8 ਲੱਖ ਡਾਲਰ ਤੋਂ ਵੱਧ ਖ਼ਰਚ ਦਫ਼ਤਰ ਦੀ ਰੈਨੋਵੇਸ਼ਨ 'ਤੇ ਹੀ ਖ਼ਰਚ ਕਰ ਦਿੱਤੇ, ਫਿਰ ਖ਼ਬਰ ਆਉਂਦੀ ਹੈ ਕਿ ਇਕ ਮੰਤਰੀ ਬੀਬੀ ਨੇ ਸਧਾਰਨ ਟੈਕਸੀ ਦੀ ਥਾਂ ਆਪਣੇ ਇਕ ਸਮਰਥਕ ਦੀ ਲਿਮੋਜ਼ਿਨ ਸਰਵਿਸ ਲੈ ਕੇ ਉਸ ਨੂੰ ਲਾਭ ਦਿੱਤਾ ਹੈ। ਆਖ਼ਰ ਇਹ ਜੋ ਕੁੱਝ ਹੋ ਰਿਹਾ ਹੈ, ਇਸ ਗੱਲ ਦਾ ਵਾਦਾ ਤਾਂ ਨਹੀਂ ਕੀਤਾ ਗਿਆ ਸੀ! ਕੀ ਲੋਕਾਂ ਦਾ ਵੀ ਕੁੱਝ ਸੋਚਿਆ ਜਾਵੇਗਾ ਕਿ ਨਹੀਂ?




**AKAL OPTICAL**

**Family Eye Care Centres**

We take Care of Your Vision
And Help You to Stay in Style

• Eye Glasses • Contact Lenses • Sun Glasses • Safety Eye Wear

**We have 15 Locations to Serve You :**

| | | |
|---|---|---|
| Brampton | 10095 Bramalea Rd Unit 108, Brampton On, L6R 0K1 | Tel. 905-792-7242 |
| | 120-499 Main street S.Brampton, OnN, L6Y 1N7 | Tel. 905-459-9978 |
| | 4525 Ebenezer Rd Unit 18, Brampton, ON L6P 2K8 | Tel. 905-794-8200 |
| | 80 Celementine Dr, Unit 9, Brampton, ON, L67 OL8 | Tel. 905-457-5656 |
| | 15 Ashby Field Road, Unit 10, Brampton ON, L6X 3B7 | Tel.905-456-0700 |
| Milton : | 15 Martin St Milton, ON L9T 2R1 | Tel. 905-876-0556 |
| Mississauga: | 2901 Eglinton Ave. W. Unit 10, Mississauga ON L5M 6J3 | Tel. 905-607-7000 |
| | 5380 Terry Fox Way, Unit 11, Mississauga ON, L5V 0A5 | Tel. 905-858-0080 |
| | 719 Central Parkway West, Unit 204, Mississauga, ON, L5B 4L1 | Tel. 905-949-2520 |
| Markham : | 6001-14th Ave Markham Unit B, On L3S 0A2 | Tel. 905-294-4900 |
| Orangeville: | 235 Centennial Rd Orangeville, ON, L9W 5K9 | Tel. 519-941-0188 |
| Toronto: | 1058 Albion Rd Tronto, ON, M9V 1A7 | Tel. 416-745-7242 |







Our mission is to provide customers with high quality vision care and personalized service at affordable prices by Akal Optical, owned by Avninder Singh, has developed a large clientele in the past several years due to the excellent vision care. At Akal Optical, Eye Exam's are done by Canandian Qualified Optometerists at all our location's using latest equipment. Eye Exam are covered by OHIP once a year under the age of 20 & over the age of 65. Diabatic, Cataract and few other condition are also covered by OHIP regardless of age. Call one of Akal Optical location to book your Eye Exam appointment at your convenience.

380 Bovaird Dr. Unit # 27,
Brampton ON, L6Z 2S8
Ph. : 905-846-8400 Fax : 905-846-4143

60 Lacoste Blvd., Unit 107
Brampton, ON L6P 4B5
Ph. : 905-794-6300 Fax : 905-794-6308

www.akaloptical.com Email : info@akaloptical.com



# ਅਛੂਤ ਦਾ ਸਵਾਲ-ਸ਼ਹੀਦ ਭਗਤ ਸਿੰਘ

*(ਕਾਕੀਨਾੜਾ ਵਿਖੇ 1928 ਵਿਚ ਕਾਂਗਰਸ ਸੰਮੇਲਨ ਹੋਇਆ ਜਿਸ ਵਿਚ ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਜਿਨਾਂ ਨੂੰ ਅਛੂਤ ਕਿਹਾ ਜਾਂਦਾ ਸੀ, ਹਿੰਦੂ ਅਤੇ ਮੁਸਲਮਾਨ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਏਸੇ ਦੌਰਾਨ ਭਗਤ ਸਿੰਘ ਦਾ ਇਹ ਲੇਖ 'ਕਿਰਤੀ' ਦੇ ਜੂਨ, 1928 ਦੇ ਅੰਕ ਵਿਚ 'ਵਿਦਰੋਹੀ' ਦੇ ਜਾਅਲੀ ਨਾਂਮ ਹੇਠ ਛਪਿਆ ਸੀ)*

ਸਾਡਾ ਦੇਸ਼ ਬਾਹਲਾ ਹੀ ਅਧਿਆਤਮਵਾਦੀ ਹੈ। ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣ ਤੋਂ ਝਿਜਕਦੇ ਹਾਂ, ਜਦ ਕਿ ਬਿਲਕੁੱਲ ਹੀ ਪੂੰਜੀਵਾਦੀ ਕਹਾਉਣ ਵਾਲਾ ਯੂਰਪ ਸਦੀਆਂ ਤੋਂ ਪਹਿਲਾਂ ਦੀ ਡੌਂਡੀ ਪਿੱਟਦਾ ਆ ਰਿਹਾ ਹੈ। ਉਨ੍ਹਾਂ ਨੇ ਸਮਤਾ ਦਾ ਐਲਾਨ ਅਮਰੀਕਾ ਅਤੇ ਫ਼ਰਾਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ। ਅੱਜ ਰੂਸ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਨੂੰ ਮਿਟਾ ਦੇਣ ਲਈ ਪਹਿਲੀ ਮਈ ਦੇ ਸਿਧਾਂਤ ਉਤੇ ਅਡੋਲ ਹੈ ਅਸੀਂ ਪ੍ਰਮਾਤਮਾਂ ਦਾ ਹੀ ਰੋਣਾ ਰੋਣ ਵਾਲੇ ਅੱਜ ਵੀ ਇਨ੍ਹਾਂ ਮੁੱਦਿਆਂ ਉੱਤੇ ਜ਼ੋਰਦਾਰ ਬਹਿਸਾਂ ਵਿਚ ਉਲਝੇ ਹੋਏ ਹਾਂ ਕਿ ਅਛੂਤਾਂ ਨੂੰ ਜਨੇਊ ਪਾਉਣ ਦਿੱਤਾ ਜਾਵੇ ਜਾਂ ਨਾ ਅਤੇ ਉਹ ਵੇਦ ਸ਼ਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਜਾਂ ਨਹੀਂ? ਅਸੀਂ ਇਸ ਨੂੰ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਹੈ ਕਿ ਦੂਜੇ ਦੇਸ਼ਾਂ ਵਿਚ ਸਾਡੇ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ। ਗੋਰਾਸ਼ਾਹੀ ਵਿਚ ਸਾਨੂੰ ਗੋਰਿਆਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ? ਸਿੰਧ ਦੇ ਇਕ ਮੁਸਲਮਾਨ ਸੱਜਣ ਸ੍ਰੀ ਨੂਰ ਮੁਹੰਮਦ, ਮੈਂਬਰ ਕੌਂਸਲ ਨੇ ਇਸ ਮਸਲੇ ਬਾਰੇ 1926 ਵਿਚ ਖ਼ੂਬ ਕਿਹਾ ਸੀ-

If a Hindu society refuses to allow other human beings, fellow creatures to attend public Schools, and if…. The President of local board representing so many lakhs of people in this house refuses to allow his fellows and broth-ers elementary human right of having water to drink, what right have they to ask for more rights from the bureaucracy? Before we accuse people coming from other lands, we should see how we our selves behave to words our own people… How can we ask for greater political rights when we ourselves deny elementary rights of others human beings."

ਉਹ ਕਹਿੰਦਾ ਹੈ ਕਿ ਜਦੋਂ ਤੁਸੀ ਇਕ ਮਨੁੱਖ ਨੂੰ ਪੀਣ ਵਾਲਾ ਪਾਣੀ ਦੇਣ ਤੋਂ ਵੀ ਇਨਕਾਰ ਕਰਦੇ ਹੋ ਜਾਂ ਜਦੋਂ ਤੁਸੀ ਉਨਾਂ ਨੂੰ ਸਕੂਲਾਂ ਵਿਚ ਪੜਨ ਤੱਕ ਨਹੀਂ ਦਿੰਦੇ ਤਾਂ ਤੁਹਾਡਾ ਕੀ ਹੱਕ ਬਣਦਾ ਹੈ ਕਿ ਆਪਣੇ ਲਈ ਹੋਰ ਹੱਕਾਂ ਦੀ ਮੰਗ ਕਰੋ? ਜਦੋਂ ਤੁਸੀਂ ਇਕ ਇਨਸਾਨ ਦੇ ਸਾਧਰਨ ਅਧਿਕਾਰ ਵੀ ਉਸ ਨੂੰ ਨਹੀਂ ਦੇ ਸਕਦੇ ਤਾਂ ਤੁਸੀਂ ਹੋਰ ਰਾਜਨੀਤਕ ਅਧਿਕਾਰ ਮੰਗਣ ਦੇ ਹੱਕਦਾਰ ਕਿਵੇਂ ਬਣ ਗਏ? ਇਹ ਵੱਡੀ ਸਹੀ, ਸੱਚੀ ਗੱਲ ਹੈ। ਪਰ ਕਿਉਂਕਿ ਇਕ ਮੁਸਲਮਾਨ ਨੇ ਇਹ ਗੱਲ ਆਖੀ ਹੈ, ਇਸ ਲਈ ਹਿੰਦੂ ਇਹ ਆਖਣਗੇ ਕਿ ਉਹ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ 'ਚ ਸ਼ਾਮਲ ਕਰਨ ਲਈ ਇਹੋ ਜਿਹੀਆਂ ਗੱਲਾਂ ਕਰ ਰਿਹਾ ਹੈ। ਉਸ ਨੇ ਸਾਫ ਤੌਰ 'ਤੇ ਇਹ ਮੰਨ ਲਿਆ ਹੈ ਕਿ ਜਦ ਇਨਸਾਨਾਂ ਨੂੰ ਇਸ ਤਰ੍ਹਾਂ ਜਾਨਵਰਾਂ ਨਾਲੋਂ ਵੀ ਗਿਆ-ਗੁਜ਼ਾਰਿਆ ਸਮਝੋਗੇ ਤਾਂ ਉਹ ਨਿਸਚੇ ਹੀ ਦੂਜਾ ਧਰਮ ਅਪਣਾ ਲੈਣਗੇ, ਜਿੱਥੇ ਉਨ੍ਹਾਂ ਨੂੰ ਵੱਧ ਅਧਿਕਾਰ ਮਿਲਣਗੇ, ਜਿੱਥੇ ਉਨ੍ਹਾਂ ਨਾਲ ਮਨੁੱਖਾਂ ਵਰਗਾ ਵਿਹਾਰ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਈਸਾਈ ਅਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ। ਕਿੰਨੀ ਸੱਚੀ ਗੱਲ ਹੈ, ਪਰ ਇਹ ਸੁਣ ਕੇ ਸਾਰੇ ਤੜਪ ਉਠੱਦੇ ਹਨ। ਖੈਰ ਠੀਕ ਏਸੇ ਗੱਲ ਦੀ ਚਿੰਤਾ ਹਿੰਦੂਆਂ ਨੂੰ ਵੀ ਹੋਈ।

ਸਨਾਤਨੀ ਪੰਡਤ ਵੀ ਇਸ ਮਸਲੇ ਉੱਤੇ ਕੁਝ ਸੋਚਾਂ ਵਿਚ ਪੈ ਗਏ। ਵਿਚ-ਵਿਚ ਵੱਡੇ 'ਯੁੱਗ ਪਰਿਵਰਤਕ' ਅਖਵਾਉਣ ਵਾਲੇ ਸ਼ਾਮਲ ਹੋਏ। ਪਟਨਾ ਵਿਚ ਹਿੰਦੂ ਮਹਾਂਸਭਾ ਹੋਈ ਲਾਲਾ ਲਾਜਪਾਤ ਰਾਏ, ਜੋ ਕਿ ਅਛੂਤਾਂ ਦੇ ਬੜੇ ਪੁਰਾਣੇ ਹਮਾਇਤੀ ਹਨ, ਪ੍ਰਧਾਨ ਬਣੇ। ਲੰਮੀ ਚੌੜੀ ਬਹਿਸ ਛਿੜੀ ਗਰਮਾ-ਗਰਮ ਝੜਪਾਂ ਹੋਈਆਂ ਮਾਮਲਾ ਇਹ ਕਿ ਕੀ ਅਛੂਤ ਨੂੰ ਜਨੇਊ ਧਾਰਨ ਕਰਨ ਦਾ ਹੱਕ ਹੈ? ਕੀ ਉਨ੍ਹਾਂ ਨੂੰ ਵੇਦ ਸ਼ਾਸਤਰ ਪੜਨ ਦਾ ਅਧਿਕਾਰ ਹੈ? ਵੱਡੇ-ਵੱਡੇ ਸਮਾਜ ਸੁਧਾਰਕ ਗਰਮ ਹੋ ਗਏ, ਪਰ ਲਾਲਾ ਜੀ ਨੇ ਸਾਰਿਆਂ ਨੂੰ ਸਮਝਾ ਲਿਆ ਅਤੇ ਦੋਵੇ ਗੱਲਾਂ ਮੰਨ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਇਹ ਕਿਨੀ ਸ਼ਰਮ ਦੀ ਗੱਲ ਸੀ। ਜ਼ਰਾ ਸੋਚੋ, ਇਕ ਕੁੱਤਾ ਤੁਹਾਡੀ ਗੋਦ ਵਿਚ ਬੈਠ ਸਕਦਾ ਹੈ, ਰਸੋਈ ਅੰਦਰ ਘੁੰਮ-ਫਿਰ ਸਕਦਾ ਹੈ, ਪਰ ਇਕ ਆਦਮੀ ਨੂੰ ਜੇ ਛੋਹ ਲਉ ਤਾਂ ਧਰਮ ਭਿੱਟਿਆ ਜਾਂਦਾ ਹੈ। ਪੰਡਤ ਮਾਲਵੀਆ ਵਰਗੇ ਮਹਾਨ ਸਮਾਜ ਸੁਧਾਰਕ ਅਛੂਤਾਂ ਦੇ ਬਹੁਤ ਵੱਡੇ ਪ੍ਰੇਮੀ ਤੇ ਹੋਰ ਪਤਾ ਨਹੀਂ ਕੀ-ਕੀ ਪਹਿਲਾਂ ਤਾਂ ਇਕ ਭੰਗੀ ਹੱਥੋਂ ਹਾਰ ਪੁਆ ਲੈਂਦੇ ਹਨ, ਬਾਅਦ ਵਿਚ ਕੱਪੜਿਆਂ ਸਣੇ ਇਸ਼ਨਾਨ ਕੀਤੇ ਬਗੈਰ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ, ਹੈ ਬੜੀ ਚਾਲਬਾਜ਼ੀ ਸਾਰਿਆਂ ਨੂੰ ਪਿਆਰ ਕਰਨ ਵਾਲਾ ਪ੍ਰਮਾਤਮਾ! ਉਸ ਦੀ ਪੂਜਾ ਕਰਨ ਲਈ ਜੋ ਮੰਦਰ ਬਣਿਆ ਹੈ, ਉੱਥੇ ਜੇ ਉਹ ਗਰੀਬ ਚਲਾ ਜਾਵੇ ਤਾਂ ਮੰਦਰ ਭਿੱਟਿਆ ਜਾਂਦਾ ਹੈ ਪ੍ਰਮਾਤਮਾ ਨਾਰਾਜ਼ ਹੋ ਜਾਂਦਾ ਹੈ ਘਰ ਦੀ ਇਹ ਹਾਲਤ ਹੋਵੇ ਤਾਂ ਬਾਹਰ ਅਸੀਂ



Suresh Gupta
Certified Immigration Practitioner (RCIC)

Metro Immigration.com
Spousal Sponsorship
Federal Skilled Workers * Investor
Humanitarian Appeals * Super visa * Nannies
Business Applicant PNP
* Student Visa
Work Permit * Appeals
WE GETTHINGS DONE
Tel : 905-673-1200, Fax : 416-981-3332
2355 Derry Rd. E# 12 Mississauga, ON Canada L5S 1V6
info@metroimmigration.com



ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770



SECURELIFE INSURANCE AGENCY INC.
1800-746-9122
BEST SERVICE OUTSTANDING CUSTOMER SERVICE

RAVINDERJIT BASRA 416-845-6232
MONA MENGI 416-509-1509
HARPREET SAINI CLU 416-817-6500
Spl in: SUPER VISA INSURANCE
• Life • Critical Illness • Disability
• Travel & Visitor • RRSP & RESP



Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8, 647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

ਬਰਾਬਰੀ ਨੇ ਨਾਂਅ ਉੱਤੇ ਝਗੜਾ ਕਰਦੇ ਕਿਵੇਂ ਲੱਗਦੇ ਹਾਂ? ਸਾਡੇ ਇਸ ਵਿਹਾਰ ਵਿਚ ਅਕ੍ਰਿਤਘਣਤਾ ਦੀ ਹੱਦ ਹੈ ਸਾਡੇ ਲਈ ਜੋ ਘਟੀਆ ਤੋਂ ਘਟੀਆ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨਾਂ ਨੂੰ ਅਸੀਂ ਦੁਰਕਾਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ਹਾਂ। ਅੱਜ ਇਸ ਸਵਾਲ ਉੱਤੇ ਬੜਾ ਹੰਗਾਮਾ ਹੋ ਰਿਹਾ ਹੈ। ਉਨਾਂ ਵਿਚਾਰਾਂ ਵੱਲ ਖ਼ਾਸ ਤਵੱਜੋਂ ਦਿੱਤੀ ਜਾ ਰਹੀ ਹੈ। ਦੇਸ਼ ਸੁਤੰਤਰਤਾ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕੂ ਰਾਜਨੀਤੀ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ, ਏਨਾ ਜ਼ਰੂਰ ਕੀਤਾ ਹੈ ਕਿ ਬਹੁਤੇ ਹੱਕ ਮੰਗਣ ਲਈ ਆਪਣੀ-ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭ ਨੂੰ ਹੋਇਆ ਹੈ। ਮੁਸਲਮਾਨਾਂ ਨੇ ਜ਼ਰਾ ਜ਼ਿਆਦਾ ਹੀ ਜ਼ੋਰ ਦਿੱਤਾ। ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਬਰਾਬਰ ਦੇ ਇਨਸਾਨ ਬਣਾ ਕੇ ਉਨਾਂ ਨੂੰ ਇਨਸਾਨਾਂ ਦੇ ਹੱਕ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਉੱਤੇ ਵੀ ਸੱਟ ਪਈ, ਤੇ ਫ਼ਸਾਦ ਵੀ ਹੋਏ। ਖੈਰ ਹੌਲੀ-ਹੌਲੀ ਸਿੱਖਾਂ ਨੂੰ ਵੀ ਖਿਆਲ ਆਇਆ ਕਿ ਅਸੀਂ ਪਿੱਛ ਨਾ ਰਹਿ ਜਾਈਏ। ਉਨਾਂ ਨੇ ਅੰਮ੍ਰਿਤ 'ਛਕਾਉਣਾ' ਸ਼ੁਰੂ ਕਰ ਦਿੱਤਾ। ਹਿੰਦੂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਉਤਾਰਨ ਜਾਂ ਕੇਸ ਕਟਾਵਾਉਣ ਦੇ ਸਵਾਲ ਉੱਤੇ ਝਗੜੇ ਹੋਏ।

ਹੁਣ ਤਿੰਨੋ ਕੌਮਾਂ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਰਹੀਆਂ ਹਨ ਅਤੇ ਬੜਾ ਰੋਲਾ ਰੱਪਾ ਪੈ ਰਿਹਾ ਹੈ। ਓਧਰ ਈਸਾਈ ਚੁੱਪ-ਚਾਪ ਉਨ੍ਹਾਂ ਦਾ ਰੁਤਬਾ ਵਧਾਉਣ ਵਿਚ ਲੱਗੇ ਹੋਏ ਹਨ। ਇਸ ਸਾਰੀ ਹਲ ਚਲ ਵਿਚ ਹਿਦੋਸਤਾਨ ਦੀ ਲਾਹਨਤ ਦੂਰ ਹੋ ਰਹੀ ਹੈ। ਇਧਰ ਜਦ ਅਛੂਤਾਂ ਨੇ ਦੇਖਿਆ ਕੀ ਸਾਡੀ ਖਾਤਰ ਇਨ੍ਹਾਂ ਵਿਚਾਲੇ ਫ਼ਸਾਦ ਹੋ ਰਹੇ ਹਨ ਅਤੇ ਹਰ ਕੋਈ ਸਾਨੂੰ ਆਪਣੀ ਖ਼ਰਾਕ ਸਮਝ ਰਿਹਾ ਹੈ, ਤਾਂ ਉਨ੍ਹਾਂ ਸੋਚਿਆ ਕਿ ਕਿਉਂ ਨਾ ਅਸੀਂ ਵੱਖਰੇ ਤੌਰ 'ਤੇ ਸੰਗਠਤ ਹੋਈਏ। ਇਸ ਵਿਚਾਰ ਨੂੰ ਪੈਦਾ ਕਰਨ ਵਿਚ ਅੰਗਰੇਜ਼ ਸਰਕਾਰ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ ਏਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫੀ ਹੱਥ ਰਿਹਾ ਆਦਿ ਧਰਮ ਮੰਡਲ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹੈ। ਹੁਣ ਇਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ-ਠੀਕ ਹੱਲ ਕੀ ਹੈ?

ਸਭ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ। ਨਾ ਤਾਂ ਜਨਮ ਨਾਲ ਤੇ ਨਾ ਹੀ ਕੰਮਕਾਜ ਨਾਲ ਕੋਈ ਹਨ, ਨਾ ਹੀ ਇਕ ਆਦਮੀ ਭੰਗੀ ਦੇ ਘਰ ਪੈਦਾ ਹੋਇਆ ਹੈ ਸਿਰਫ ਇਸ ਲਈ ਸਾਰੀ ਉਮਰ ਉਹ ਭੰਗੀ ਦਾ ਹੀ ਕੰਮ ਕਰੇਗਾ ਅਤੇ ਦੁਨੀਆਂ ਵਿਚ ਕਿਸੇ ਕਿਸਮ ਦੀ ਤਰੱਕੀ ਕਰਨ ਦਾ ਉਸਦਾ ਕੋਈ ਹੱਕ ਨਹੀਂ। ਇਹ ਬਿਲਕੁੱਲ ਵਿਅਰਥ ਗੱਲ ਹੈ। ਇਹਨਾਂ ਲੋਕਾਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਆਂ ਨੇ ਇਹ ਜ਼ੁਲਮ ਕੀਤਾ ਉਨ੍ਹਾਂ ਨੇ ਨੀਚ ਕਹਿ ਕੇ ਅਲੱਗ ਕਰ ਦਿੱਤਾ ਅਤੇ ਨੀਚ ਕੰਮ ਕਰਵਾਉਣ ਲੱਗੇ ਅਤੇ ਨਾਲ ਹੀ ਇਹ ਚੰਤਾ ਹੋਈ ਕਿ ਕਿਤੇ ਇਹ ਬਗਾਵਤ ਨਾ ਕਰ ਦੇਣ, ਉਦੋਂ ਪੁਨਰ-ਜਨਮ ਦੇ ਦਰਸ਼ਨ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਸਭ ਤੁਹਾਡੇ ਪਿਛਲੇ ਜਨਮਾਂ ਦੇ ਪਾਪਾਂ ਦਾ ਫਲ ਹੈ, ਕੀ ਹੋ ਸਕਦਾ ਹੈ? ਚੁੱਪ-ਚਾਪ ਗੁਜਾਰਾ ਕਰੋ। ਇਸ ਤਰਾਂ ਸਬਰ ਕਰਨ ਦਾ ਸਬਕ ਪੜਾ ਕੇ ਉਹ ਇਨਾਂ ਲੋਕਾਂ ਨੂੰ ਏਨੇ ਸਮੇਂ ਤੱਕ ਚੁੱਪ ਕਰਵਾ ਗਏ। ਉਨਾਂ ਨੇ ਬਹੁਤ ਵੱਡਾ ਪਾਪ ਕੀਤਾ। ਇਨਸਾਨ ਅੰਦਰ ਇਨਸਾਨੀਅਤ ਦਾ ਮਾਦਾ ਸਵੈ-ਭਰੋਸਾ, ਸਵੈ-ਨਿਭਰਤਾ ਦੀ ਭਾਵਨਾ ਨੂੰ ਖਤਮ ਕਰ ਦਿੱਤਾ ਗਿਆ।

ਖੈਰ, ਅੱਜ ਇਹ ਸਭ ਕਾਸੇ ਲਈ ਪਛਤਾਉਣ ਦਾ ਸਮਾਂ ਹੈ। ਇਸੇ ਦੇ ਨਾਲ ਹੀ ਇਕ ਹੋਰ ਗੜਬੜ ਪੈਦਾ ਹੋਈ। ਲੋਕਾਂ ਦੇ ਮਨਾਂ ਅੰਦਰ ਜ਼ਰੂਰੀ ਕੰਮਾਂ ਲਈ ਨਫਰਤ ਪੈਦਾ ਹੋ ਗਈ। ਅਸੀਂ ਬਣਕਰਾਂ ਨੂੰ ਵੀ ਦੁਰਕਾਰ ਦਿੱਤਾ ਅਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਉਤਰ ਪ੍ਰਦੇਸ਼ ਵੱਲ ਕਹਾਰ ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਹ ਸਾਰੀਆਂ ਗੱਲਾਂ ਸਾਡੀ ਤਰੱਕੀ ਵਿਚ ਬਹੁਤ ਵੱਡੀਆਂ ਰੁਕਾਵਟਾਂ ਬਣਦੀਆਂ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਵਧਣਾ ਹੈ। ਇਨਸਾਨਾਂ ਨੂੰ ਨਾ ਅਛੂਤ ਕਹਿਣਾ ਹੈ ਤੇ ਨਾ ਹੀ ਸਮਝਣਾ ਹੈ। ਨੌਜਵਾਨ ਕਾਨਫਰੰਸ ਅਤੇ ਨੌਜਵਾਨ ਭਾਰਤ ਸਭਾ ਨੇ ਜੋ ਤਰੀਕਾ ਤਿਆਰ ਕੀਤਾ ਹੈ। ਉਹ ਬੇਹੱਦ ਖੂਬਸੂਰਤ ਹੈ। ਜਿਨਾਂ ਭਰਾਵਾਂ ਨੂੰ ਅੱਜ ਤੱਕ ਅਛੂਤ-ਅਛੂਤ ਕਿਹਾ ਕਰਦੇ ਸਨ, ਉਨਾਂ ਤੋਂ ਆਪਣੇ ਇਸ ਪਾਪ ਲਈ ਮੁਆਫ਼ੀ ਮੰਗਣੀ ਅਤੇ ਉਨਾਂ ਨੂੰ ਆਪਣੇ ਵਰਗੇ ਹੀ ਇਨਸਾਨ ਸਮਝਣਾ ਬਿਨਾਂ 'ਅਮ੍ਰਿਤ' ਛਕਾਏ ਜਾਂ 'ਕਲਮਾਂ' ਪੜਾਏ ਜਾਂ 'ਸ਼ੁੱਧ ਕੀਤੇ', ਉਨ੍ਹਾਂ ਨੂੰ ਆਪਣੇ ਵਿਚ ਸ਼ਾਮਲ ਕਰ ਲੈਣਾ, ਉਨ੍ਹਾਂ ਹੱਥੋਂ ਪਾਣੀ ਪੀਣਾ, ਏਹੀ ਠੀਕ ਤਰੀਕਾ ਹੈ ਆਪਸ ਵਿਚ ਹੀ ਖਿੱਚੋਤਾਣਾ ਕਰਨੀ ਅਤੇ ਅਮਲ ਵਿਚ ਕੋਈ ਵੀ ਅਧਿਕਾਰ ਨਾ ਦੇਣਾ, ਇਹ ਅਨੁਚਿਤ ਹੈ।

ਜਦੋਂ ਪਿੰਡਾਂ ਵਿਚ 'ਕਿਰਤੀ' ਦਾ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਸਮਝਾ ਕੇ ਭੜਕਾਉਂਦੇ ਸਨ ਕਿ ਇਹ ਚੂਹੜੇ-ਚਮਾਰਾਂ ਨੂੰ ਸਿਰ 'ਤੇ ਚੜਾਂ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਵਾਉਣਗੇ। ਬਸ, ਜੱਟ ਏਸੇ ਗੱਲੋਂ ਉਲਟ ਹੋ ਗਏ। ਉਨਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨਾਂ ਦੀ ਹਾਲਤ ਉਦੋਂ ਤੱਕ ਨਹੀਂ ਸੁਧਰ ਸਕੇਗੀ, ਜਦ ਤੱਕ ਕਿ ਇਨਾਂ ਗ਼ਰੀਬਾਂ ਨੂੰ ਕਮੀਣ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਥੱਲੇ ਦਬਾਈ ਰੱਖਣਾ ਚਾਹੁਣਗੇ। ਉਹ ਸਫਾਈ ਨਹੀਂ ਰੱਖਦੇ, ਕਿਉਂਕਿ ਗ਼ਰੀਬ ਹਨ। ਗ਼ਰੀਬ ਦਾ ਇਲਾਜ ਕਰੋ। ਬੜੀ ਉੱਚੀ ਕੁਲ ਦੇ ਗ਼ਰੀਬ ਆਦਮੀ ਵੀ ਘੱਟ ਗੰਦੇ ਨਹੀਂ ਰਹਿੰਦੇ, ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਚਲ ਸਕਦਾ ਮਾਵਾਂ ਬੱਚਿਆਂ ਦੀ ਗੰਦਗੀ ਸਾਫ ਕਰਨ ਨਾਲ ਅਛੂਤ ਨਹੀਂ ਹੋ ਜਾਂਦੀਆਂ। ਪਰ ਇਹ ਕੰਮ ਉਦੋਂ ਤੱਕ ਨਹੀਂ ਹੋ ਸਕਦਾ, ਜਦੋਂ ਤੱਕ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਹੀਂ ਕਰ ਲੈਦੀਆਂ।

ਅਸੀਂ ਤਾਂ ਸਮਝਦੇ ਹਾਂ ਕਿ ਉਨਾਂ ਦਾ ਆਪਣੇ ਆਪ ਨੂੰ ਵੱਖਰੇ ਤੌਰ ਤੇ ਸੰਗਠਿਤ ਕਰ ਲੈਣਾ ਅਤੇ ਮੁਸਲਮਾਨਾਂ ਦੇ ਬਰਾਬਰ ਦੀ ਗਿਣਤੀ ਵਿਚ ਹੋਣ ਉੱਤੇ ਬਰਾਬਰ ਦੇ ਹੱਕ-ਹਕੂਕ ਦੀ ਮੰਗ ਕਰਨਾ ਬੜੀ ਹੌਸਲਾ-ਵਧਾਊ ਸਥਿਤੀ ਹੈ, ਜਾਂ ਤਾਂ ਫਿਰਕਾਵਾਰਾਨਾ ਰਾਜਨੀਤੀ ਦਾ ਟੰਟਾ ਹੀ ਖਤਮ ਹੋਵੇ ਜਾਂ ਫਿਰ ਉਨਾਂ ਦੇ ਅਧਿਕਾਰ ਉਨ੍ਹਾਂ ਦਿੱਤੇ ਜਾਣ। ਕੌਸਲਾਂ ਅਤੇ ਅਸੈਂਬਲੀਆਂ ਦਾ ਕਰਤੱਵ ਹੋ ਕਿ ਸਕੂਲਾਂ, ਕਾਲਜਾਂ, ਖੂਹਾਂ ਅਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਸੁਤੰਤਰਤਾ ਉਨ੍ਹਾਂ ਨੂੰ ਦਿਵਾਉਣ, ਮੂੰਹ-ਜ਼ਬਾਨੀ ਹੀ ਨਹੀਂ, ਸਗੋਂ ਨਾਲ ਲਿਜਾ ਕੇ ਉਨਾਂ ਨੂੰ ਖੂਹਾਂ ਉੱਤੇ ਚੜ੍ਹਾਉਣ, ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਵਾਉਣ।

ਖੈਰ, ਜਿਸ ਵਿਧਾਨ ਪਾਲਿਕਾ ਵਿਚ ਘੱਟ ਉਮਰ ਵਿਚ ਵਿਆਹ ਵਿਰੁੱਧ ਪੇਸ਼ ਕੀਤੇ ਗਏ ਬਿੱਲ ਉਤੇ ਮਜ਼ਬ ਦਾ ਬਹਾਨਾ ਲੈ ਕੇ ਹਾਏ-ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰਾਂ ਕਰ ਸਕਦੇ ਹਨ? ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਉਨਾਂ ਦੇ ਆਪਣੇ ਪ੍ਰਤੀਨਿਧ ਕਿਉਂ ਨਾ ਹੋਣ? ਉਹ ਵੱਖਰੇ ਅਧਿਕਾਰਾਂ ਦੀ ਮੰਗ ਕਿਉਂ ਨਾ ਕਰਨ? ਅਸੀਂ ਸਪਸ਼ਟ ਕਹਿੰਦੇ ਹਾਂ ਕਿ ਅਛੂਤ ਕਹਾਉਣ ਵਾਲੇ ਭਰਾਵੋ ਉਠੋ। ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿਚ ਅਸਲੀ ਤਾਕਤ ਤੁਹਾਡੀ ਹੀ ਸੀ। ਸ਼ਿਵਾ ਜੀ ਸਿਰਫ ਤੁਹਾਡੀ ਤਾਕਤ ਉੱਤੇ ਹੀ ਸਭ ਕੁਝ ਕਰ ਸਕਿਆ, ਜਿਸ ਕਰਕੇ ਉਨਾਂ ਦਾ ਨਾਂ ਅੱਜ ਤੱਕ ਜਿਉਂਦਾ ਹੈ। ਤੁਹਾਡੀਆਂ ਕੁਰਬਾਨੀਆਂ ਸਵਰਨ ਲੇਖਕਾਂ ਨੇ ਲਿਖੀਆਂ ਹੋਈਆਂ ਹਨ। ਤੁਸੀਂ ਜੋ ਸੇਵਾ ਕਰਕੇ, ਕੌਮ ਦੇ ਸੁੱਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਨੂੰ ਸੁਖਾਲਾ ਬਣਾ ਕੇ ਭਾਰੀ ਅਹਿਸਾਨ ਕਰ ਰਹੇ ਹੋ, ਉਸ ਸਭ ਕੁਝ ਨੂੰ ਅਸੀਂ ਲੋਕ ਨਹੀਂ ਸਮਝਦੇ। ਇੰਤਕਾਲੇ-ਇਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ ਉੱਤੇ ਏਨੇ ਜ਼ੁਲਮ ਹੋ ਰਹੇ ਹਨ ਕਿ ਅਮਰੀਕਾ ਦੀ ਮਿਸ ਮਯੋ ਇਸ ਨੂੰ ਇਨਸਾਨ ਤੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ ਆਪਣੀ ਤਾਕਤ ਪਛਾਣੋ। ਸੰਗਠਤ ਹੋ ਜਾਓ। ਅਸਲ ਵਿਚ ਤੁਹਾਡੇ ਆਪਣੇ ਯਤਨਾਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ।

ਅਜ਼ਾਦੀ ਦੀ ਖਾਤਰ ਅਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦਾ ਇਹ ਸੁਭਾਅ ਬਣ ਗਿਆ ਹੈ ਕਿ ਉਹ ਆਪਣੇ ਲਈ ਤਾਂ ਹੱਕ ਮੰਗਣਾ ਚਾਹੁੰਦਾ ਹੈ, ਪਰ ਜਿਨਾਂ ਉੱਤੇ ਉਹਦਾ ਆਪਣਾ ਦਬਦਬਾ ਹੋਵੇ, ਉਨਾਂ ਨੂੰ ਪੈਰਾਂ ਹੇਠਾਂ ਹੀ ਰੱਖਣਾ ਚਾਹੁੰਦਾ ਹੈ, ਇਸ ਲਈ ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ। ਸੰਗਠਨ ਹੋ ਕੇ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਸਾਰੇ ਸਮਾਜ ਨੂੰ ਲਲਕਾਰੋ। ਦੇਖੋ, ਫਿਰ ਕੌਣ ਤੁਹਾਡੇ ਹੱਕ ਤੁਹਾਨੂੰ ਨਾ ਦੇਣ ਦੀ ਜੁਅਰਤ ਕਰਦਾ ਹੈ। ਤੁਸੀ ਦੂਜੇ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕਦੇ ਰਹੋ। ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ, ਕਿਉਂਕਿ ਤੁਹਾਨੂੰ ਇਕ ਸੰਦ ਬਣਾਉਣ ਚਾਹੁੰਦੀ ਹੈ। ਇਹੋ ਸਰਮਾਏਦਾਰ, ਨੌਕਰਸ਼ਾਹੀ ਤੁਹਾਡੀ ਗੁਲਾਮੀ ਅਤੇ ਗ਼ਰੀਬੀ ਦਾ ਮੁੱਖ ਕਾਰਨ ਹੈ। ਇਸ ਲਈ ਉਨ੍ਹਾਂ ਨਾਲ ਤੁਸੀਂ ਨਾ ਮਿਲ ਜਾਣਾ, ਉਨਾਂ ਦੀਆਂ ਚਾਲਾਂ ਤੋਂ ਬਚਣਾ। ਫਿਰ ਕੰਮ ਬਣ ਜਾਵੇਗਾ। ਤੁਸੀਂ ਅਸਲੀ ਮਜ਼ਦੂਰ ਹੋ। ਮਜ਼ਦੂਰੋ ਸੰਗਠਿਤ ਹੋ ਜਾਓ। ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ, ਸਿਰਫ ਗੁਲਾਮੀ ਦੀਆਂ ਜ਼ੰਜੀਰਾਂ ਹੀ ਕੱਟਣਗੀਆਂ।

ਉਠੋ ਅਤੇ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜੀ ਕਰ ਦਿਓ। ਇੱਕ-ਦੁੱਕਾ ਸੁਧਾਰਾਂ ਨਾਲ ਕੁਝ ਨਹੀਂ ਬਣਨਾ। ਸਮਾਜਕ ਇਨਕਲਾਬ ਪੈਦਾ ਕਰ ਦਿਓ ਅਤੇ ਰਾਜਨੀਤਿਕ ਤੇ ਆਰਥਿਕ ਇਨਕਲਾਬ ਲਈ ਕਮਰਕੱਸੇ ਕਰੋਂ। ਤੁਸੀਂ ਹੀ ਤਾਂ ਦੇਸ਼ ਦਾ ਆਧਾਰ ਹੋ, ਅਸਲੀ ਤਾਕਤ ਹੋ। ਉਠੋ ਸੁੱਤੇ ਹੋ ਸ਼ੇਰੋ, ਵਿਦਰੋਹੀਓ, ਵਿਦਰੋਹ ਕਰ ਦਿਓ!

-ਸ਼ਹੀਦ ਭਗਤ ਸਿੰਘ

# ਮਹਾਨ ਵਿਗਿਆਨੀ :ਸਟੀਫਿਨ ਹੋਕਿੰਗ

ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ, ਲੇਕਿਨ ਮੈਨੂੰ ਮਰਨ ਦੀ ਵੀ ਕੋਈ ਜਲਦੀ ਨਹੀਂ। ਕਿਉਂਕਿ ਮਰਨ ਤੋਂ ਪਹਿਲਾਂ ਜ਼ਿੰਦਗੀ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਇਹ ਕਹਿਣਾ ਹੈ ਮਹਾਨ ਵਿਗਿਆਨੀ ਸਟੀਫਿਨ ਹੋਕਿੰਗ ਦਾ।



ਇਹਨਾਂ ਦੇ ਸਰੀਰ ਦਾ ਕੋਈ ਵੀ ਅੰਗ ਕੰਮ ਨਹੀਂ ਕਰਦਾ, ਇਹ ਚੱਲ ਨਹੀਂ ਸਕਦੇ, ਇਹ ਬੋਲ ਨਹੀਂ ਸਕਦੇ, ਇਹ ਕੁਝ ਕਰ ਨਹੀਂ ਸਕਦੇ। ਲੇਕਿਨ ਫਿਰ ਵੀ ਜਿਓਣਾ ਚਾਹੁੰਦੇ ਨੇ। ਸਟੀਫਿਨ ਦਾ ਕਹਿਣਾ ਹੈ ਕਿ ਮੌਤ ਤਾਂ ਨਿਸਚਿਤ ਹੈ, ਪਰ ਜਨਮ ਅਤੇ ਮੌਤ ਦੇ ਵਿਚਕਾਰ ਤੁਸੀਂ ਕਿਵੇਂ ਜਿਓਣਾਂ ਚਾਹੁੰਦੇ ਹੋ, ਓ ਤੁਹਾਡੇ ਤੇ ਨਿਰਭਰ ਕਰਦਾ ਹੈ। ਚਾਹੇ ਜ਼ਿੰਦਗੀ ਜਿੰਨ੍ਹੀ ਵੀ ਮਰਜ਼ੀ ਕਠਨ ਕਿਉਂ ਨਾ ਹੋਵੇ, ਤੁਸੀਂ ਕੁਝ ਨਾ ਕੁਝ ਕਰ ਸਕਦੇ ਹੋ, ਅਤੇ ਸਫਲ ਹੋ ਸਕਦੇ ਹੋ।

ਸਟੀਫਿਨ ਦਾ ਜਨਮ 8 ਜਨਵਰੀ 1942 ਵਿੱਚ ਇੰਗਲੈਂਡ ਦੇ ਔਕਸਫੋਰਡ (Oxford) ਸ਼ਹਿਰ ਵਿੱਚ ਹੋਇਆ ਸੀ । ਜਦੋਂ ਸਟੀਫਿਨ ਦਾ ਜਨਮ ਹੋਇਆ ਤਾਂ ਉਸ ਸਮੇਂ ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਸੀ। ਸਟੀਫਿਨ ਦੇ ਮਾਤਾ ਪਿਤਾ ਲੰਡਨ ਦੇ ਹਾਈਗੇਟ ਵਿੱਚ ਰਹਿੰਦੇ ਸੀ। ਜਿਥੇ ਅਕਸਰ ਬੰਬ-ਬਾਰੀ ਹੁੰਦੀ ਰਹਿੰਦੀ ਸੀ। ਜਿਸ ਕਾਰਨ ਸਟੀਫਿਨ ਦੇ ਮਾਤਾ, ਪਿਤਾ ਆਪਣੇ ਪੁੱਤਰ ਦੇ ਜਨਮ ਲਈ ਔਕਸਫੋਰਡ ਚਲੇ ਆਏ ਸੀ। ਜਿਥੇ ਸੁਰੱਖਿਅਤ ਰੂਪ ਵਿੱਚ ਸਟੀਫਿਨ ਦਾ ਜਨਮ ਹੋ ਸਕਿਆ। ਬਚਪਨ ਤੋਂ ਹੀ ਸਟੀਫਿਨ ਬਹੁਤ ਹੁਸ਼ਿਆਰ ਸੀ। ਸਟੀਫਿਨ ਦੇ ਪਿਤਾ ਡਾਕਟਰ ਅਤੇ ਮਾਂ ਘਰੇਲੂ ਔਰਤ (ਹਾਊਸ ਵਾਇਫ) ਸੀ। ਸਟੀਫਿਨ ਦੀ ਬੁੱਧੀਮਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਕਿ ਬਚਪਨ ਵਿੱਚ ਉਸ ਨੂੰ ਲੋਕ ਆਇਸਟਾਇਨ ਕਹਿ ਕਿ ਬਲਾਉਣਦੇ ਸਨ। ਸਟੀਫਿਨ ਨੂੰ ਗਣਿਤ ਵਿੱਚ ਬਹੁਤ ਦਿਲਚਸਪੀ ਸੀ। ਏਥੋਂ ਤੱਕ ਉਹਨਾਂ ਨੇ ਪੁਰਾਣੇ ਇਲੈਕਟ੍ਰੋਨਿਕ ਉਪਕਰਨਾ ਨਾਲ ਕੰਪਿਊਟਰ ਬਣਾ ਦਿੱਤਾ ਸੀ। 17 ਸਾਲ ਉਮਰ ਵਿੱਚ Oxford ਯੂਨੀ: ਵਿੱਚ ਦਾਖਲਾ ਲੈ ਲਿਆ। Oxford ਦੀ ਪੜ੍ਹਾਈ ਦੇ ਦੌਰਾਨ ਉਹਨਾਂ ਨੂੰ ਕੁਝ ਕੰਮ ਕਰਨ ਵਿੱਚ ਦਿੱਕਤ ਆਊਣ ਲੱਗੀ ਸੀ। ਇਕ ਵਾਰ ਸਟੀਫਿਨ ਛੁੱਟੀਆਂ ਮਨਾਉਣ ਲਈ ਆਪਣੇ ਘਰ ਆਏ ਹੋਏ ਸੀ, ਤਾਂ ਪੌੜੀਆਂ ਤੋਂ ਡਿੱਗ ਪਏ ਅਤੇ ਬੇਹੋਸ਼ ਹੋ ਗਏ। ਸ਼ੁਰੂ ਵਿੱਚ ਤਾਂ ਸਭ ਨੇ ਕਮਜ਼ੋਰ ਕਾਰਨ ਡਿੱਗਿਆ ਸਮਝ ਲਿਆ ਸੀ, ਤੇ ਜ਼ਿਆਦਾ ਧਿਆਨ ਨਹੀਂ ਸੀ ਦਿੱਤਾ। ਪਰ ਵਾਰ-ਵਾਰ ਇਸੇ ਤਰ੍ਹਾਂ ਅਲੱਗ-ਅੱਲਗ ਸਮੱਸਿਆਂਵਾ ਆਉਣ ਕਾਰਨ ਜਾਂਚ ਕਰਵਾਈ ਤਾਂ ਪਤਾ ਲੱਗਿਆ ਕਿ ਉਹਨਾਂ ਨੂੰ ਕਦੀ ਨਾ ਠੀਕ ਹੋਣ ਵਾਲੀ ਬਿਮਾਰੀ ਹੈ । ਜਿਸ ਦਾ ਨਾਮ "Neuron Motor Disease"ਸੀ। ਇਸ ਬਿਮਾਰੀ ਨੇ ਮਾਸਪੇਸ਼ੀਆਂ ਨੂੰ ਕੰਟਰੋਲ ਕਰਨ ਵਾਲਿਆਂ ਸਾਰੀਆਂ ਨਸਾਂ ਹੌਲੀ-ਹੌਲੀ ਬੰਦ ਦਿੰਦੀਆਂ ਹਨ, ਜਿਸ ਕਾਰਨ ਸਰੀਰ ਆਪੰਗ ਹੋ ਜਾਂਦਾ ਹੈ ਅਤੇ ਪੂਰੇ ਅੰਗ ਕੰਮ ਕਰਨਾ ਬੰਦਾ ਕਰ ਦਿੰਦੇ ਹਨ। ਡਾਕਟਰ ਦਾ ਕਹਿਣਾ ਸੀ ਕਿ ਸਟੀਫਿਨ ਹੁਣ ਸਿਰਫ 2 ਸਾਲ ਹੋਰ ਜਿਓਂ ਸਕਦਾ, ਕਿਉਂਕਿ ਅਗਲੇ ਦੋ ਸਾਲਾਂ ਵਿੱਚ ਉਹਨਾਂ ਦਾ ਪੂਰਾ ਸਰੀਰ ਹੌਲੀ-ਹੌਲੀ ਕੰਮ ਕਰਨਾ ਬੰਦ ਕਰ ਦੇਵੇਗਾ। ਸਟੀਫਿਨ ਨੂੰ ਇਸ ਗੱਲ੍ਹ ਦਾ ਡੂੰਘਾ ਸਦਮਾ ਲੱਗਿਆ। ਉਹਨਾਂ ਨੇ ਕਿਹਾ ਮੈਂ ਏਦਾਂ ਨਹੀਂ ਮਰ ਸਕਦਾ, ਮੇਰਾ ਜੀਵਨ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਸਟੀਫਿਨ ਨੇ ਆਪਣੀ ਬਿਮਾਰੀ ਨੂੰ ਭੁਲਾ ਕਿ ਤੁਰੰਤ ਆਪਣੇ ਵਿਗਿਆਨਕ ਜੀਵਨ ਦਾ ਸਫਰ ਸ਼ੁਰੂ ਕੀਤਾ, 'ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਵਿਗਿਆਨ ਨੂੰ ਸਮਰਪਿਤ ਕਰ ਦਿੱਤਾ ।

ਹੌਲੀ-ਹੌਲੀ ਉਹਨਾਂ ਦਾ ਨਾਮ ਪੂਰੀ ਦੁਨੀਆਂ ਤੇ ਫੈਲ ਗਿਆ। ਉਹਨਾਂ ਨੇ ਆਪਣੀ ਬਿਮਾਰੀ ਨੂੰ ਇਕ ਵਰਦਾਨ ਦੇ ਰੂਪ ਵਿੱਚ ਸਮਝ ਲਿਆ। ਪਰ ਦੂਜੇ ਪਾਸੇ ਉਹਨਾਂ ਦਾ ਸਰੀਰ ਵੀ ਉਹਨਾਂ ਦਾ ਸਾਥ ਛੱਡਦਾ ਜਾ ਰਿਹਾ ਸੀ, ਤੇ ਉਹਨਾਂ ਦਾ ਖੱਬਾ ਪਾਸਾ ਕੰਮ ਕਰਨਾ ਬੰਦ ਕਰ ਚੁੱਕਿਆ ਸੀ। ਬਿਮਾਰੀ ਵਧਣ ਕਾਰਨ ਉਹਨਾਂ ਨੂੰ ਵੀਲਚੇਅਰ ਦਾ ਸਹਾਰਾ ਲੈਣਾ ਪਿਆ। ਇਹਨਾਂ ਦਾ ਚੇਅਰ (ਕੁਰਸੀ) ਇਕ ਕੰਪਿਊਟਰ ਨਾਲ ਬਣੀ ਹੈ, ਜੋ ਉਹਨਾਂ ਦੇ ਸਿਰ, ਅੱਖਾਂ ਔਰ ਉਹਨਾਂ ਦੇ ਹੱਥਾਂ ਦੀ ਕੰਪਨ ਨਾਲ ਪਤਾ ਲਗਾ ਲੈਂਦੀ ਹੈ ਕਿ ਉਹ ਕੀ ਬੋਲਣਾ ਚਾਹੁੰਦੇ ਨੇ। ਤੇ ਹੌਲੀ-ਹੌਲੀ ਸਟੀਫਿਨ ਦੇ ਪੂਰੇ ਸਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਲੇਕਿੰਨ ਉਸ ਬਿਮਾਰੀ ਵਿੱਚ ਇਕ+ਪੁਆਇੰਟ ਵੀ ਸੀ ਕਿ ਉਸ ਬਿਮਾਰੀ ਕਾਰਨ ਸਟੀਫਿਨ ਸਿਰਫ ਸਰੀਰਕ ਰੂਪ ਵਿੱਚ ਆਪੰਗ ਹੋ ਰਹੇ ਸੀ, ਨਾ ਕਿ ਮਾਨਸਿਕ ਰੂਪ ਵਿੱਚ ।

ਉਸ ਤੋਂ ਬਾਅਦ ਲੋਕ ਸਟੀਫਿਨ ਨੂੰ ਏਦਾਂ ਹੀ ਦੇਖ ਰਹੇ ਸੀ ਤੇ ਸਟੀਫਿਨ ਮੌਤ ਨੂੰ ਮਾਤ ਦੇ ਰਹੇ ਸਨ। ਉਹਨਾਂ ਨੇ ਬਲੈਕ ਹੋਰ ਦਾ ਕੋਨਸੈਪਟ ਅਤੇ ਸਟੀਫਿਨ ਰੇਟੀਏਸ਼ਨ ਦਾ ਮਹਾਨ ਵਿਚਾਰ ਦੁਨੀਆਂ ਨੂੰ ਦਿੱਤਾ। ਉਹਨਾਂ ਨੇ ਆਪਣੇ ਵਿਚਾਰਾਂ ਨੂੰ ਹੋਰ ਸਰਲ ਭਾਸ਼ਾ ਵਿੱਚ ਸਮਝਾਉਣ ਲਈ ਇਕ ਕਿਤਾਬ ਲਿਖੀ "A BRIEF HISTORY OF TIME" (ਸਮੇਂ ਦਾ ਸੰਖੇਪ ਇਤਿਹਾਸ)। ਇਸ ਨੇ ਦੁਨੀਆਂ ਭਰ ਦੇ ਵਿਗਿਆਨ ਵਿੱਚ ਤਹਿਲਕਾ ਮਚਾ ਦਿੱਤਾ। ਸਟੀਫਿਨ ਹਾਕਿੰਗ ਇਕ ਐਸਾ ਨਾਮ ਹੈ ਜਿਨ੍ਹਾਂ ਨੇ ਸਰੀਰਕ ਰੂਪ ਵਿੱਚ ਆਪੰਗ ਹੋਣ ਕਾਰਨ, ਆਪਣੇ ਆਤਮ ਵਿਸ਼ਵਾਸ਼ ਦੇ ਬਲ 'ਤੇ ਵਿਸ਼ਵ ਦਾ ਸਭ ਤੋਂ ਅਨੋਖਾ ਵਿਗਿਆਨਕ ਬਣ ਕਿ ਦਿਖਾਇਆ ਹੈ।

- ਸੁਖਵਿੰਦਰ ਅਜ਼ਾਦ

# ਨਾਟਕ 'ਇੱਕ ਸੁਪਨੇ ਦਾ ਰਾਜਨੀਤਕ ਕਤਲ' ਅਤੇ 'ਨਵਾਂ ਜਨਮ' ਦੀ ਪੇਸ਼ਕਾਰੀ 2 ਅਪਰੈਲ ਨੂੰ

ਟੋਰਾਂਟੋ- ਨਾਟ-ਸੰਸਥਾ "ਹੈਟਸ-ਅੱਪ" (ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਆਫ਼ ਯੂਨਾਈਟਡ ਪ੍ਰੋਡਕਸ਼ਨਜ਼) ਵੱਲੋਰੰਗਮੰਚ ਤੇ ਫਿਲਮੀ ਹਸਤੀ ਮਰਹੂਮ ਸ੍ਰੀ ਓਮਪੁਰੀ ਨੂੰ ਸਮਰਪਿਤ ਸਾਲਾਨਾ 'ਵਿਸ਼ਵ ਰੰਗਮੰਚ ਦਿਵਸ ਸਮਾਰੋਹ' ਇਸ ਸਾਲ 2 ਅਪਰੈਲ, 2017 ਦਿਨ ਐਤਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਨਿਰਦੇਸ਼ਕ ਹੀਰਾ ਰੰਧਾਵਾ ਨੇ ਦੱਸਿਆ ਕਿ ਉਕਤ ਦਿਨ ਨੂੰ ਬਰੈਂਪਟਨ ਸ਼ਹਿਰ ਦੇ ਬਰੈਮਲੀ ਸਿਟੀ ਸੈਂਟਰ ਸਥਿੱਤ ਲੈਸਟਰ ਬੀ ਪੀਅਰਸਨ ਥੀਏਟਰ ਵਿੱਚ ਸਮਾਰੋਹ ਸ਼ਾਮ ਦੇ 3 ਵਜੇ ਸ਼ੁਰੂ ਹੋਵੇਗਾ ਜਿਸ ਵਿੱਚ ਦੋ ਨਾਟਕਾਂ ਦਾ ਮੰਚਣ ਕੀਤਾ ਜਾਵੇਗਾ। ਪਹਿਲਾ ਨਾਟਕ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਪਾਲੀ ਭੁਪਿੰਦਰ ਦਾ ਲਿਖਿਆ ਤੇ ਸਰਬਜੀਤ ਅਰੋੜਾ ਦੇ ਨਿਰਦੇਸ਼ਨ ਹੇਠ 'ਇੱਕ ਸੁਪਨੇ ਦਾ ਰਾਜਨੀਤਿਕ ਕਤਲ' ਦਾ ਮੰਚਣ ਹੋਵੇਗਾ ਜਦ ਕਿ ਦੂਸਰਾ ਨਾਟਕ 'ਹੈਟਸ-ਅੱਪ' ਵੱਲੋਂ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਿਤ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦਾ ਲਿਖਿਆ ਨਾਟਕ 'ਨਵਾਂ ਜਨਮ' ਖ਼ੇਡਿਆ ਜਾਵੇਗਾ। ਇਸ




ਨਾਟ-ਮੇਲੇ ਵਿੱਚ ਹਰ ਸਾਲ ਦੀ ਤਰਾਂ ਪੰਜਾਬੀ ਰੰਗਮੰਚ ਖ਼ੇਤਰ ਵਿੱਚ ਜਿਕਰਯੋਗ ਕੰਮ ਕਰਨ ਵਾਲੀ ਸ਼ਖ਼ਸ਼ੀਅਤ ਨੂੰ 'ਸਾਲਾਨਾ ਗੁਰਸ਼ਰਨ ਸਿੰਘ ਯਾਦਗਾਰੀ ਸਨਮਾਨ' ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ 'ਵਿਸ਼ਵ ਰੰਗਮੰਚ ਦਿਵਸ' ਸਮਾਰੋਹ ਲਈ ਟੋਰਾਂਟੋ ਖ਼ੇਤਰ ਵਿੱਚ ਕੰਮ ਕਰ ਰਹੀਆਂ ਲੋਕ-ਪੱਖੀ ਜਥੇਬੰਦੀਆਂ ਤੇ ਸਮੂਹ ਨਾਟ-ਸੰਸਥਾਵਾਂ ਸਹਿਯੋਗ ਦੇ ਰਹੀਆਂ ਹਨ। ਇਸ ਸਮਾਗਮ ਨੂੰ ਸਪਾਂਸਰ ਕਰਨ ਜਾਂ ਟਿਕਟਾਂ ਆਦਿ ਲਈ ਹੀਰਾ ਰੰਧਾਵਾ ਨਾਲ 416-319-0551, ਸ਼ਿੰਗਾਰਾ ਸਮਰਾ ਨਾਲ 416-710-2615 ਜਾਂ ਬਲਜਿੰਦਰ ਲੇਲਨਾਂ ਨਾਲ 416-671-1555 ਆਦਿ ਨੰਬਰਾਂ 'ਤੇ ਫੋਨ ਕੀਤਾ ਜਾ ਸਕਦਾ ਹੈ।

# ਫ਼ੈਜ਼ ਅਹਿਮਦ ਫ਼ੈਜ (13 ਫਰਵਰੀ 1911 - ਨਵੰਬਰ 1984)

ਪੰਜਾਬ ਦੇ ਜੰਮਪਲ ਉਰਦੂ ਦੇ ਬਿਹਤਰੀਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦਾ ਜਨਮ 13 ਫਰਵਰੀ 1911 ਨੂੰ ਅਣਵੰਡੇ ਪੰਜਾਬ ਦੇ ਸ਼ਹਿਰ ਸਿਆਲਕੋਟ ਵਿੱਚ ਹੋਇਆ ਅਤੇ ਉਹਨਾਂ ਦੀ ਮੌਤ ਨਵੰਬਰ 1984 ਨੂੰ ਲਾਹੌਰ ਵਿਖੇ ਹੋਈ। ਚਾਰ ਦਹਾਕਿਆਂ ਦੇ ਅਰਸੇ ਵਿੱਚ ਫੈਲੇ ਆਪਣੇ ਸਾਹਿਤਕ ਸਫ਼ਰ ਦੌਰਾਨ ਫ਼ੈਜ਼ ਨੇ ਕਵਿਤਾਵਾਂ ਦੀਆਂ ਅੱਠ ਕਿਤਾਬਾਂ ਲਿਖੀਆਂ।

ਦੂਸਰੇ ਨੌਜਵਾਨਾਂ ਵਾਂਗ ਫੈਜ ਨੇ ਵੀ ਆਪਣਾ ਸਾਹਿਤਕ ਸਫਰ ਪਿਆਰ ਦੀ ਸ਼ਾਇਰੀ ਤੋਂ ਸ਼ੁਰੂ ਕੀਤਾ। ਪਰ ਛੇਤੀ ਹੀ ਆਮ ਲੋਕਾਂ ਦੇ ਦੁੱਖ ਦਰਦ ਉਹਨਾਂ ਦੀ ਸ਼ਾਇਰੀ ਦਾ ਹਿੱਸਾ ਬਣ ਗਏ। ਆਪਣੀ ਕਾਲਜ ਦੀ ਪੜ੍ਹਾਈ ਮੁਕਾ ਕੇ ਉਹ ਸੰਨ 1935 ਵਿੱਚ ਅੰਮ੍ਰਿਤਸਰ ਦੇ ਐੱਮ. ਓ. ਏ. ਕਾਲਜ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਆ ਲੱਗੇ ਅਤੇ 1940 ਤੱਕ ਇਸ ਅਹੁਦੇ 'ਤੇ ਰਹੇ। ਇਸ ਸਮੇਂ ਉਹਨਾਂ ਦੇ ਦੋਸਤ, ਸਾਹਿਬਜ਼ਾਦਾ ਮਹਿਮੂਦ-ਜ਼ਫ਼ਰ ਨੇ ਫੈਜ਼ ਨੂੰ ਮਾਰਕਸਵਾਦੀ ਸਾਹਿਤ ਪੜ੍ਹਨ ਵੱਲ ਪ੍ਰੇਰਿਆ। ਇਸ ਦੇ ਨਾਲ ਹੀ ਫੈਜ਼ 1936 ਵਿੱਚ ਸ਼ੁਰੂ ਹੋਈ ਇੰਡੀਅਨ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਵੀ ਮੈਂਬਰ ਬਣ ਗਏ।



ਮਾਰਕਸਵਾਦੀ ਸਾਹਿਤ ਨਾਲ ਜਾਣ-ਪਛਾਣ ਅਤੇ ਅਗਾਂਹਵਧੂ ਲੇਖਕਾਂ ਦੀ ਲਹਿਰ ਵਿੱਚ ਸ਼ਮੂਲੀਅਤ ਨੇ ਫੈਜ਼ ਲਈ ਦੁਨੀਆਂ ਨੂੰ ਦੇਖਣ ਲਈ ਨਵੀਆਂ ਖਿੜਕੀਆਂ ਖੋਲ੍ਹ ਦਿੱਤੀਆਂ। ਇਸ ਨਵੇਂ ਪ੍ਰਾਪਤ ਨਜ਼ਰੀਏ ਨਾਲ ਜਦੋਂ ਫੈਜ਼ ਨੇ ਆਪਣੇ ਆਲੇ ਦੁਆਲੇ ਦੇਖਿਆ ਤਾਂ ਉਹਨਾਂ ਨੂੰ ਆਮ ਲੋਕਾਂ ਦੇ ਦੁੱਖ ਸਾਫ ਦਿਖਾਈ ਦੇਣ ਲੱਗੇ ਅਤੇ ਉਨ੍ਹਾਂ ਦਾ ਸੰਵੇਦਨਸ਼ੀਲ ਮਨ ਲੋਕਾਂ ਦੀ ਪੀੜ ਨੂੰ ਮਹਿਸੂਸ ਕਰਨ ਲੱਗਾ। ਨਤੀਜੇ ਵਜੋਂ ਆਪਣੀ ਪਹਿਲੀ ਕਿਤਾਬ ਨਕਸ਼-ਏ-ਫਰਿਆਦੀ ਦੇ ਦੂਸਰੇ ਹਿੱਸੇ ਵਿੱਚ ਫੈਜ਼ ਨੇ ਆਪਣੀ ਮਸ਼ਹੂਰ ਨਜ਼ਮ 'ਮੁਝਸੇ ਪਹਿਲੀ ਸੀ ਮੁਹੱਬਤ ਮੇਰੇ ਮਹਿਬੂਬ ਨਾ ਮਾਂਗ' ਲਿਖ ਕੇ ਇਹ ਐਲਾਨ ਕੀਤਾ ਕਿ ਸ਼ਾਇਰ ਲਈ ਆਮ ਲੋਕਾਂ ਦੇ ਦੁੱਖਾਂ, ਮਸਲਿਆਂ ਅਤੇ ਉਹਨਾਂ ਦੀ ਜ਼ਿੰਦਗੀ ਦੀ ਬੇਵਸੀ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ। ਫੈਜ ਸਾਰੀ ਉਮਰ ਇਸ ਧਾਰਨਾ ਨਾਲ ਵਚਨਬੱਧ ਰਹੇ ਅਤੇ ਪਿਆਰ ਬਾਰੇ ਲਿਖਣ ਦੇ ਨਾਲ ਨਾਲ ਉਹ ਸਮਾਜ ਵਿੱਚ ਇਨਸਾਨ ਹੱਥੋਂ ਇਨਸਾਨ ਦੇ ਹੋ ਰਹੇ ਸ਼ੋਸ਼ਣ ਬਾਰੇ ਵੀ ਲਿਖਦੇ ਰਹੇ। ਤਾਂ ਹੀ ਉਹਨਾਂ ਨੂੰ ਪਿਆਰ ਅਤੇ ਇਨਕਲਾਬ ਦੇ ਸ਼ਾਇਰ ਵਜੋਂ ਜਾਣਿਆ ਜਾਂਦਾ ਹੈ। ਪਿਆਰ ਅਤੇ ਇਨਕਲਾਬ ਦੀ ਗੱਲ ਕਰਦਿਆਂ ਉਹ ਆਪਣੀ ਸ਼ਾਇਰੀ ਵਿੱਚ ਸਮਾਜਕ ਇਨਸਾਫ, ਮਨੁੱਖੀ ਬਰਾਬਰਤਾ, ਮਨੁੱਖੀ ਅਜ਼ਾਦੀ ਅਤੇ ਲੋਕਸੱਤਾ ਦੀ ਬਹਾਲੀ ਅਤੇ ਜ਼ੁਲਮ ਵਿਰੁੱਧ ਸੰਘਰਸ਼ ਅਤੇ ਇਸ ਸੰਘਰਸ਼ ਵਿੱਚ ਲੋਕਾਂ ਦੀ ਜਿੱਤ ਦੇ ਵਿਸ਼ਵਾਸ ਦੀ ਗੱਲ ਕਰਦੇ ਹਨ।


ਉਹਨਾਂ ਦੇ ਜਨਮ ਦਿਨ ਦੀ 106ਵੀਂ ਵਰ੍ਹੇਗੰਢ 'ਤੇ ਫੈਜ਼ ਅਹਿਮਦ ਫੈਜ਼ ਨੂੰ ਯਾਦ ਕਰਦਿਆਂ ਮੈਂ ਉਹਨਾਂ ਸੰਬੰਧਤ ਜਾਣਕਾਰੀ ਦੇ ਤਿੰਨ ਮਹੱਤਵਪੂਰਨ ਸ੍ਰੋਤ ਸਾਂਝੇ ਕਰ ਰਿਹਾ ਹਾਂ। ਆਸ ਹੈ ਤੁਹਾਨੂੰ ਇਹ ਜਾਣਕਾਰੀ ਪਸੰਦ ਆਏਗੀ। ਜੇ ਤੁਹਾਨੂੰ ਇਹ ਜਾਣਕਾਰੀ ਚੰਗੀ ਲੱਗੇ ਤਾਂ ਇਸ ਨੂੰ ਅਗਾਂਹ ਵੀ ਸਾਂਝੀ ਕਰਨਾ।

- ਸੁਖਵੰਤ ਹੁੰਦਲ

# ਪ੍ਰੋ. ਰਣਧੀਰ ਸਿੰਘ ਨੂੰ ਯਾਦ ਕਰਦਿਆਂ

ਭਾਰਤ ਦੇ ਗੰਭੀਰ ਮਾਰਕਸੀ ਵਿਚਾਰਧਾਰਕ ਅਤੇ ਰਾਜਨੀਤੀ ਸ਼ਾਸਤਰ ਦੇ ਅਧਿਆਪਕ ਪ੍ਰੋ. ਰਣਧੀਰ ਸਿੰਘ 97 ਸਾਲ ਦੀ ਉਮਰ ਭੋਗ ਕੇ ਪਿਛਲੇ ਸਾਲ (31 ਜਨਵਰੀ 2016) ਨੂੰ ਅਲਵਿਦਾ ਕਹਿ ਗਏ ਸਨ। ਉਹਨਾਂ ਦਾ ਜਨਮ 11 ਜਨਵਰੀ 1919 ਨੂੰ ਲਾਹੌਰ 'ਚ ਹੋਇਆ ਸੀ। ਲਾਹੌਰ ਪੜਦਿਆਂ ਉਹ ਕਮਿਊਨਿਸਟ ਪਾਰਟੀ ਦੇ ਵਾਹ 'ਚ ਆ ਕੇ ਕੁਲਵਕਤੀ ਬਣ ਗਏ। ਜ਼ਹੀਨ ਤੇ ਗਹਿਰਾਈ ਤੱਕ ਜਾਣਨ ਅਤੇ ਵਰਤਾਰਿਆਂ ਦੀ ਵਿਗਿਆਨਕ ਦ੍ਰਿਸ਼ਟੀ ਨਾਲ ਵਿਆਖਿਆ ਕਰਨ ਵਾਲੇ ਪ੍ਰੋ. ਰਣਧੀਰ ਸਿੰਘ 1947 ਤੋਂ ਪਿੱਛੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੁਲਵਕਤੀ ਕੰਮ ਕਾਰ ਦੀ ਜ਼ਿੰਮੇਦਾਰੀ ਤੋਂ ਮੁਕਤ ਹੋ ਕੇ ਅਧਿਆਪਨ ਦੇ ਖੇਤਰ ਨਾਲ ਜੁੜ ਗਏ ਅਤੇ ਉਹਨਾਂ ਨੇ ਪਹਿਲਾਂ ਦਿੱਲੀ ਯੂਨੀਵਰਸਿਟੀ ਅਤੇ ਫਿਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਅਧਿਆਪਕ ਦੇ ਤੌਰ 'ਤੇ ਕੰਮ ਕੀਤਾ। 1987 'ਚ ਸੇਵਾਮੁਕਤ ਹੋਣ ਤੋਂ ਬਾਅਦ ਉਹਨਾਂ ਨੇ ਨਿੱਠ ਕੇ ਕੀਤ। ਆਪਣੇ ਅਧਿਐਨ ਨੂੰ ਕਲਮ ਰਾਹੀਂ ਸ਼ਬਦੀ ਜਾਮਾ ਪਹਿਨਾਇਆ। ਉਨ੍ਹਾਂ ਦੀਆਂ ਚਰਚਿੱਤ ਪੁਸਤਕਾਂ ਵਿੱਚ-'ਕਰਾਈਸਿਸ਼ ਆਫ਼ ਸੋਸ਼ਲਿਜ਼ਮ', 'ਮਾਰਕਸਿਜ਼ਮ, ਸੋਸ਼ਲਿਜਮ ਇੰਡੀਅਨ ਪਾਲਿਟਿਕਸ, ਏ ਵਿਊ ਫਰਾਮ ਦੀ ਲੈਫਟ', ਰੀਜ਼ਨ, 'ਰੈਵੂਲੂਸ਼ਨ ਐਂਡ ਕਮਿਊਨਿਜ਼ਮ ਇੰਨ ਇੰਡਿਆ', 'ਇੰਡੀਅਨ ਪਾਲੇਟਿਕਸ ਟੂਡੇ' ਆਦਿ ਹਨ। ਉਹਨਾਂ ਸੋਵੀਅਤ ਰੂਸ ਦੇ ਢਹਿ ਢੇਰੀ ਹੋਣ ਪਿੱਛੋਂ ਸਮਾਜਵਾਦ ਦੀ ਰਾਖੀ ਦੇ ਹੱਕ 'ਚ ਖੜ੍ਹੇ ਹੋ ਕੇ ਜਿਹੜੀ ਭੂਮਿਕਾ ਨਿਭਾਈ ਉਹ ਬਹੁਤ ਅਹਿਮ ਗਿਣੀ ਜਾਵੇਗੀ।

ਉਹ ਆਪ ਕਹਿੰਦੇ ਹੁੰਦੇ ਸਨ, "ਸਮੇਂ ਸਮੇਂ ਹਰ ਕਿਸੇ ਨੂੰ ਉਸ ਗੱਲ ਨੂੰ ਦੁਹਰਾਉਂਦੇ ਰਹਿਣਾ ਚਾਹੀਦਾ ਹੈ ਜਿਸ ਉੱਤੇ ਉਸਦਾ ਯਕੀਨ ਹੈ, ਆਪਣੀ ਸਹਿਮਤੀ ਅਤੇ ਨਿੰਦਾ ਨੂੰ ਪੂਰੇ ਜ਼ੋਰਦਾਰ ਢੰਗ ਨਾਲ ਪ੍ਰਗਟ ਕਰਨਾ ਚਾਹੀਦਾ ਹੈ"। ਇੱਕ ਇਨਕਲਾਬੀ ਕਮਿਊਨਿਸਟ ਦੇ ਤੌਰ 'ਤੇ ਉਨ੍ਹਾਂ ਦੀ ਪ੍ਰਤੀਬੱਧਤਾ ਦੀਆਂ ਜੜ੍ਹਾਂ ਮਨੁੱਖੀ ਜਿਉਣ ਹਾਲਤਾਂ ਅਤੇ ਮਨੁੱਖੀ ਪੀੜਾ ਪ੍ਰਤੀ ਸੰਵੇਦਨਸ਼ੀਲ ਸਮਝਦਾਰੀ ਵਿੱਚ ਸਨ। ਉਨ੍ਹਾਂ ਅੰਦਰ ਖੁੱਲ੍ਹਾਪਣ, ਅਲੋਚਨਾ, ਆਤਮਅਲੋਚਨਾ ਅਤੇ ਬੌਧਿਕ ਈਮਾਨਦਾਰੀ ਵਰਗਾ ਵਿਸ਼ਾਲ ਕਮਿਊਨਿਸ਼ਟ ਕਿਰਦਾਰ ਠਾਠਾਂ ਮਾਰਦਾ ਸੀ। ਉਹ ਵਿਸ਼ਾਲ ਬੌਧਿਕ ਗਿਆਨ ਦੇ ਬਾਵਜੂਦ ਇਹ ਕਹਿੰਦੇ ਅਤੇ ਇੰਝ ਵਿਚਰਦੇ ਸਨ ਜਿਵੇਂ



ਇੱਕ ਸਿਖਾਂਦਰੂ, ਜਗਿਆਸੂ ਵਿਚਰਦਾ ਹੈ।

ਅੱਜ ਦੇ ਇਸ ਦੌਰ ਵਿੱਚ ਜਦੋਂ ਹਿੰਦੂਤਵੀ ਫਾਸ਼ੀਵਾਦ ਅਤੇ ਹੋਰ ਪਿਛਾਖੜ ਦਨਦਨਾ ਰਿਹਾ ਹੈ ਅਤੇ ਦਹਿਸ਼ਤ ਦੇ ਦਰਸ਼ਨ ਨੂੰ ਰਾਜਨੀਤੀ ਦਾ ਹਥਿਆਰ ਬਣਾਇਆ ਜਾ ਰਿਹਾ ਹੈ। ਵਿਦਿਅਕ ਅਦਾਰਿਆਂ ਵਿੱਚ ਮੌਲਿਕ ਚਿੰਤਨ ਦੇ ਉਪਜਣ, ਵਿਗਸਣ ਅਤੇ ਪ੍ਰਫੁੱਲਤ ਹੋਣ 'ਤੇ ਬੰਦਸ਼ਾਂ ਲਾਈਆਂ ਜਾ ਰਹੀਆਂ ਹਨ, ਰਣਧੀਰ ਸਿੰਘ ਦਾ ਤੁਰ ਜਾਣਾ ਦੁਖਦਾਈ ਹੈ।

ਪਰ ਉਨ੍ਹਾਂ ਦੀ 97 ਸਾਲ ਦੀ ਉਮਰ ਵਿੱਚ ਸਮਾਜਵਾਦ ਅਤੇ ਕਮਿਊਨਿਸਟ ਸਿਧਾਂਤ ਪ੍ਰਤੀ ਦ੍ਰਿੜ ਨਿਹਚਾ ਅਤੇ ਨਵਾਂ ਸਮਾਜ ਸਿਰਜਣ ਦਾ ਤਰਕਮਈ ਅਤੇ ਮਜ਼ਬੂਤ ਸੰਕਲਪ ਸਾਡੇ ਲਈ ਪ੍ਰੇਰਣਾ ਸ੍ਰੋਤ ਹੈ। ਉਨ੍ਹਾਂ ਦਾ ਇਹ ਕਥਨ ਕਿ "ਹਰ ਚੀਜ਼ ਦੇ ਵਰਤਾਰਿਆਂ ਦੀਆਂ ਤੈਹਾਂ ਫਰੋਲੋ ਤੇ ਦੇਖੋ, ਆਪਣੀ ਦ੍ਰਿਸ਼ਟੀ ਵਿਗਿਆਨਕ ਅਤੇ ਦਵੰਦਮਈ ਬਣਾ? ਅਤੇ ਹਰ ਵਰਤਾਰੇ ਦੀਆਂ ਵਿਰੋਧਤਾਈਆਂ ਬੁੱਝੋ ਅਤੇ ਫਿਰ ਮਜ਼ਬੂਤ ਇਰਾਦੇ, ਨਿਹਚਾ ਅਤੇ ਪੂਰੀ ਤਾਕਤ ਨਾਲ ਆਪਣੇ ਵਿਚਾਰਾਂ ਨੂੰ ਕਹਿਣ, ਪ੍ਰਚਾਰਨ ਅਤੇ ਅਮਲੀ ਜਾਮਾ ਪਹਿਨਾਉਣ ਵਿੱਚ ਜੁੱਟ ਜਾਓਂ ਸਾਡੇ ਲਈ ਹਮੇਸ਼ਾਂ ਮਾਰਗ ਦਰਸ਼ਕ ਬਣੇ ਰਹਿਣਗੇ। ਜਮਹੂਰੀ ਅਧਿਕਾਰ ਸਭਾ ਪੰਜਾਬ ਦੁਨੀਆਂ ਦੇ ਇਸ ਮਹਾਨ ਚਿੰਤਕ ਨੂੰ ਸਲਾਮ ਕਹਿੰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦਿਆਂ ਸਮਾਜ ਵਿੱਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਵਿਰੁੱਧ ਜ਼ੋਰਦਾਰ ਢੰਗ ਨਾਲ ਲੜਨ ਅਤੇ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਵਚਨਵੱਧਤਾ ਦੇ ਪ੍ਰਗਟਾਅ ਦਾ ਸੰਕਲਪ ਲੈਂਦੀ ਹੈ

**ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ ਪੰਜਾਬ।**

# ਪੰਜਾਬ ਸੰਕਟ ਅਤੇ ਗੁਰਦਾਸ ਮਾਨ ਦੀ ਪੇਸ਼ਕਾਰੀ

ਅੱਜ ਦੇ ਦੌਰ ਵਿਚ ਪੰਜਾਬੀ ਗਾਇਕੀ ਸਮਾਜਿਕ ਸਰੋਕਾਰਾਂ ਤੋਂ ਟੁੱਟੀ ਹੋਈ ਹੈ। ਪੰਜਾਬੀ ਗਾਇਕੀ ਦਾ ਇਕ ਵਰਗ ਖਪਤਵਾਦ, ਸ਼ਰਾਬ, ਜੱਟਵਾਦ, ਹਥਿਆਰਾਂ ਅਤੇ ਗੁੰਡਾਗਰਦੀ ਦੀ ਸ਼ਲਾਘਾ ਕਰਦਾ ਹੈ ਉੱਥੇ ਹੀ ਇੱਕ ਵਰਗ, ਕਿਸਾਨੀ, ਸਭਿਆਚਾਰਕ ਟੁੱਟ-ਭੱਜ, ਰਾਜਨੀਤਿਕ ਤੰਤਰ ਦੀ ਆਲੋਚਨਾ ਵਾਲੇ ਗੀਤਾਂ ਦਾ ਵੀ ਹੈ। ਗੁਰਦਾਸ ਮਾਨ ਦੇ ਨਵੇਂ ਗੀਤ ਨੂੰ ਦੂਜੇ ਵਰਗ ਵਿਚ ਰੱਖਿਆ ਜਾ ਰਿਹਾ ਹੈ। ਇਹ ਰੋਸ ਕੀਤਾ ਜਾ ਰਿਹਾ ਹੈ ਕਿ ਇਹ ਗੀਤ ਵੋਟਾਂ ਤੋਂ ਬਾਅਦ ਕਿਉਂ ਆਇਆ। ਪਰ ਇਹ ਸਮਝ ਗੀਤ ਦੇ ਅਸਲ ਤੱਤ ਨੂੰ ਸਮਝਣ ਵੱਲੋਂ ਕੁਤਾਹੀ ਦਾ ਨਤੀਜਾ ਹੈ। ਗੀਤ ਅੰਦਰ ਗੁਰਦਾਸ ਮਾਨ ਆਪ ਸਮਾਂ ਬਣ ਭਗਤ ਸਿੰਘ ਨੂੰ ਉਂਗਲ ਫੜ੍ਹਾ ਉਸ ਦੇ ਭਵਿਖ ਦੇ ਸਮਾਜ ਤੋਂ ਜਾਣੂ ਕਰਵਾਉਂਦਾ ਹੈ। ਇਹ ਕਰਦਾ ਹੋਇਆ ਉਹ ਭਗਤ ਨੂੰ ਬੇਸਮਝ ਅਤੇ ਜਨੂੰਨੀ ਨੌਜਵਾਨ ਵੱਜੋਂ ਪੇਸ਼ ਕਰਦਾ ਹੈ। ਪਰ ਕੀ ਭਗਤ ਸਿੰਘ ਇਨ੍ਹਾਂ ਗੱਲਾਂ ਤੋਂ ਅਵੇਸਲਾ ਸੀ? ਕੀ ਉਸ ਨੂੰ ਸਮਾਜ ਦੀ ਕੋਈ ਸਮਝ ਨਹੀਂ ਸੀ? ਉਸ ਦੀ ਭਾਰਤ ਦੀ ਆਜ਼ਾਦੀ ਬਾਰੇ ਸਮਝ ਬਹੁਤ ਸਪੱਸ਼ਟ ਸੀ ਜਦੋਂ ਉਹ ਕਹਿੰਦਾ ਹੈ ਕਿ "ਲਾਰਡ ਇਰਵਿਨ ਦੀ ਥਾਂ ਜੇਕਰ ਸਰ ਪਰਸ਼ੋਤਮ ਦਾਸ ਠਾਕੁਰ ਵੀ ਗੱਦੀ ਤੇ ਬੈਠ ਜਾਵੇ ਤਾਂ ਭਾਰਤ ਦੇ ਲੋਕਾਂ ਦੇ ਨੂੰ ਕੋਈ ਫਰਕ ਨਹੀਂ ਪੈਂਦਾ"। ਹੱਕਾਂ ਲਈ ਲੱਗਦੇ ਧਰਨਿਆਂ-ਮੁਜ਼ਾਹਰਿਆਂ ਨੂੰ ਵੀ ਉਹ ਨਫ਼ਰਤ ਤੋਂ ਪ੍ਰੇਰਿਤ ਦੱਸਦਾ ਹੈ ਅਤੇ ਭਗਤ ਸਿੰਘ ਦੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖ਼ਾਤਮੇ ਲਈ ਜੰਗ ਦੇ ਨਾਅਰੇ ਨੂੰ ਕੁਚਲਣ ਦੀ ਕੋਸ਼ਿਸ਼ ਕਰਦਾ ਹੈ। ਔਰਤਾਂ ਦੇ ਬੱਚੇ ਪਾਲਣ ਭੁੱਲਣ ਦੀ ਫਿਕਰ ਦਿਖਾਉਂਦਾ ਉਹ ਕਹਿੰਦਾ ਹੈ ਕਿ ਔਰਤਾਂ 'ਸਭਿਆਚਾਰ' ਤੋਂ ਟੁੱਟ ਗਈਆਂ ਹਨ। ਔਰਤ ਦੀ ਆਜ਼ਾਦੀ ਨੂੰ ਦਾਰੂ-ਸਿਗਰਟ ਨਾਲ ਤੋਲਦਾ ਹੋਇਆ ਉਹ ਕਿਤੇ ਨਾ ਕਿਤੇ ਆਰ.ਐਸ.ਐਸ ਦੀ ਪ੍ਰਾਪੇਗੰਡਾ ਮਸ਼ੀਨਰੀ ਦਾ ਲਾਉਡ-ਸਪੀਕਰ ਹੀ ਜਾਪਦਾ ਹੈ। ਜਾਤੀਵਾਦ ਦੇ ਵਿਰੋਧ ਅਤੇ ਔਰਤ




ਦੀ ਬਰਾਬਰੀ ਦੀ ਗੱਲ ਕਰਨ ਵਾਲੇ ਸਿੱਖ ਵਿਰਸੇ ਨੂੰ ਵੀ ਉਹ ਪਿਛਾਂਹਖਿੱਚੂ ਗ੍ਰੰਥ ਗੀਤਾ ਦੇ ਪੈਰਾਂ 'ਚ ਲਿਜਾ ਧਰਦਾ ਹੈ। ਇੱਕ ਜਗ੍ਹਾ ਤਾਂ ਉਹ ਨਸ਼ਿਆਂ ਦੇ ਵਿਰੁੱਧ ਲੋਕਾਂ ਦੇ ਰੁੱਸੇ ਨੂੰ ਵਰਤਦਾ ਹੈ ਅਤੇ ਦੂਜੇ ਪਾਸੇ ਖੇਤੀ ਸੰਕਟ ਨੂੰ ਰੇਹਾਂ ਸਪਰੇਹਾਂ ਦੀ ਵੱਧ ਵਰਤੋਂ ਤੱਕ ਘਟਾ ਕੇ ਪੇਸ਼ ਕਰਦਾ ਹੈ। ਪਰ ਇਹਨਾਂ ਪਿਛਲੇ ਸਮਾਜਕ-ਆਰਥਕ ਹਾਲਤਾਂ ਨੂੰ ਲਕਾਉਂਦੇ ਹੋਏ ਉਹ ਸਰਕਾਰਾਂ ਦੀ ਜਗ੍ਹਾ ਲੋਕਾਂ ਨੂੰ ਹੀ ਜ਼ਿੰਮੇਵਾਰ ਬਣਾ ਕੇ ਪੇਸ਼ ਕਰਦਾ ਹੈ। ਅਮਰੀਕਾ ਦੇ ਮਾਲ (ਟਰੈਕਟਰਾਂ, ਬੀਜਾਂ ਅਤ ਰੇਹਾਂ-ਸਪਰੇਹਾਂ ਆਦਿ) ਨੂੰ ਵੇਚਣ ਲਈ ਕੀਤੀ ਹਰੀ ਕ੍ਰਾਂਤੀ ਦੀ ਡਰਾਮੇਬਾਜ਼ੀ ਅਤੇ ਉਸ ਕਾਰਨ ਕਰਜ਼ੇ ਹੇਠ ਫਸੀ ਕਿਸਾਨੀ ਨੂੰ ਹੀ ਦੋਸ਼ੀ ਬਣਾ ਰਿਹਾ ਹੈ। ਕੋਈ ਉਸਨੂੰ ਪੰਜਾਬੀ ਮਾਂ-ਬੋਲੀ ਦਾ ਸੇਵਕ ਦੱਸਦੇ ਹੋਏ ਬਚਾਅ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਜੋ ਆਦਮੀ 3 ਘੰਟੇ ਦੇ 10 ਲੱਖ ਮੰਗਦਾ ਹੈ ਉਸ ਤੋਂ ਕਿਰਤ ਕਰੋ, ਵੰਡ ਛਕੋ ਦੀ ਆਸ ਕਰਨੀ ਵੀ ਬਚਕਾਨਾ ਹੀ ਹੈ। ਇਹ ਗੀਤ ਵੀ ਮਾਰਕੀਟ ਨੂੰ ਧਿਆਨ ਵਿਚ ਰੱਖਦੇ ਹੀ ਪਰੋਸਿਆ ਗਿਆ ਹੈ ਅਤੇ ਲੋਕਾਂ ਦੀਆਂ ਅੱਖਾਂ 'ਤੇ ਪੱਟੀ ਬੰਨਣ ਲਈ ਉਹ ਰਾਜ ਸੱਤਾ ਦੀ ਸੇਵਾ ਵਿੱਚ ਹਾਜ਼ਰ ਹੋਇਆ ਹੈ। ਅਜਿਹੇ ਦੋਗਲੇ ਕਿਰਦਾਰਾਂ ਦੇ ਮੂੰਹਾਂ ਤੋਂ ਲੋਕ-ਹਿਤੈਸ਼ੀ ਹੋਣ ਦੇ ਮਖੌਟੇ ਲਹਾਉਣ ਦੀ ਜ਼ਰੂਰਤ ਹੈ।

- ਵਰਿੰਦਰ ਸਿੰਘ

# ਕਾਰਗਿਲ ਸ਼ਹੀਦ ਦੀ ਧੀ ਨੂੰ 'ਬਲਾਤਕਾਰ' ਦੀ ਧਮਕੀ

**ਏਬੀਵੀਪੀ ਮੈਂਬਰਾਂ ਖ਼ਿਲਾਫ਼ ਦਿੱਲੀ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ; ਵਿਰੋਧੀ ਪਾਰਟੀਆਂ ਗੁਰਮਿਹਰ ਕੌਰ ਦੇ ਹੱਕ 'ਚ ਡਟੀਆਂ**

ਨਵੀਂ ਦਿੱਲੀ : ਕਾਰਗਿਲ 'ਚ ਸ਼ਹੀਦ ਹੋਏ ਕੈਪਟਨ ਮਨਦੀਪ ਸਿੰਘ ਦੀ ਧੀ ਗੁਰਮਿਹਰ ਕੌਰ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਸੋਸ਼ਲ ਮੀਡੀਆ 'ਤੇ ਆਰਐਸਐਸ ਦੇ ਵਿਦਿਆਰਥੀ ਵਿੰਗ ਖ਼ਿਲਾਫ਼ ਮੁਹਿੰਮ ਛੇੜੇ ਜਾਣ ਬਾਅਦ ਏਬੀਵੀਪੀ ਮੈਂਬਰਾਂ ਵੱਲੋਂ ਕਥਿਤ ਤੌਰ 'ਤੇ ਉਸ ਨੂੰ 'ਜਬਰ ਜਨਾਹ' ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਗੁਰਮਿਹਰ ਨੇ ਇਸ ਬਾਰੇ ਦਿੱਲੀ ਮਹਿਲਾ ਕਮਿਸ਼ਨ (ਡੀਸੀਡਬਲਿਊ) ਕੋਲ ਪਹੁੰਚ ਕੀਤੀ ਹੈ। ਰਾਮਜਸ ਕਾਲਜ ਵਿੱਚ ਹਿੰਸਾ ਬਾਅਦ ਦਿੱਲੀ ਯੂਨੀਵਰਸਿਟੀ ਦੀ 24 ਸਾਲਾ ਵਿਦਿਆਰਥਣ ਨੇ 'ਮੈਂ ਏਬੀਵੀਪੀ ਤੋਂ ਨਹੀਂ ਡਰਦੀ' ਮੁਹਿੰਮ ਛੇੜੀ ਸੀ, ਜਿਸ ਨੂੰ ਵੱਖ ਵੱਖ 'ਵਰਸਿਟੀਆਂ ਦੇ ਵਿਦਿਆਰਥੀਆਂ ਤੋਂ ਭਾਰੀ ਸਮਰਥਨ ਮਿਲਿਆ।




ਗੁਰਮਿਹਰ ਦੀ ਸ਼ਿਕਾਇਤ ਮਿਲਣ ਦੀ ਪੁਸ਼ਟੀ ਕਰਦਿਆਂ ਡੀਸੀਡਬਲਿਊ ਦੀ ਮੁਖੀ ਸਵਾਤੀ ਮਾਲੀਵਾਲ ਨੇ ਕਿਹਾ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਕਮਿਸ਼ਨ ਨੂੰ ਕੀਤੀ ਸ਼ਿਕਾਇਤ ਵਿੱਚ ਗੁਰਮਿਹਰ ਨੇ ਕਿਹਾ ਕਿ ਉਸ ਨੇ ਸੋਸ਼ਲ ਮੀਡੀਆ 'ਤੇ ਰਾਮਜਸ ਕਾਲਜ ਦੀ ਘਟਨਾ ਨੂੰ 'ਰਾਸ਼ਟਰਵਾਦ ਦੇ ਨਾਂ ਉਤੇ ਹਿੰਸਾ' ਦੱਸਦਿਆਂ ਇਸ ਦੀ ਨਿੰਦਾ ਕੀਤੀ ਸੀ। ਇਸ ਬਾਅਦ ਏਬੀਵੀਪੀ ਦੇ ਮੈਂਬਰਾਂ ਨੇ ਕਥਿਤ ਤੌਰ 'ਤੇ ਉਸ ਨੂੰ ਸੋਸ਼ਲ ਮੀਡੀਆ 'ਤੇ 'ਬਲਾਤਕਾਰ' ਦੀਆਂ ਧਮਕੀਆਂ ਦਿੱਤੀਆਂ ਹਨ। ਗੁਰਮਿਹਰ ਨੇ ਪਿਛਲੇ ਹਫ਼ਤੇ ਫੇਸਬੁੱਕ ਉਤੇ ਆਪਣੀ ਪ੍ਰੋਫਾਈਲ ਤਸਵੀਰ ਲਾਈ ਸੀ, ਜਿਸ ਵਿੱਚ ਉਹ ਇਕ ਤਖ਼ਤੀ ਫੜੀ ਖੜ੍ਹੀ ਹੈ, ਜਿਸ 'ਤੇ ਲਿਖਿਆ ਸੀ 'ਮੈਂ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਹਾਂ। ਮੈਂ ਏਬੀਵੀਪੀ ਤੋਂ ਨਹੀਂ ਡਰਦੀ। ਮੈਂ ਇਕੱਲੀ ਨਹੀਂ ਹਾਂ। ਭਾਰਤ ਦਾ ਹਰੇਕ ਵਿਦਿਆਰਥੀ ਮੇਰੇ ਨਾਲ ਹੈ।'

ਇਸ ਦੌਰਾਨ ਗੁਰਮਿਹਰ 'ਤੇ ਨਿਸ਼ਾਨਾ ਸੇਧਦਿਆਂ ਕਰਨਾਟਕ ਤੋਂ ਭਾਜਪਾ ਦੇ ਸੰਸਦ ਮੈਂਬਰ ਪ੍ਰਤਾਪ ਸਿਮਹਾ ਨੇ ਟਵੀਟ ਕੀਤਾ, 'ਘੱਟੋ ਘੱਟ ਦਾਊਦ ਆਪਣੇ ਦੇਸ਼ ਵਿਰੋਧੀ ਸਟੈਂਡ ਨੂੰ ਜਾਇਜ਼ ਠਹਿਰਾਉਣ ਲਈ ਆਪਣੇ ਪਿਉ ਦੇ ਨਾਂ ਦੀਆਂ ਫਹੁੜੀਆਂ ਨਹੀਂ ਵਰਤਦਾ।' ਭਾਜਪਾ ਆਗੂ ਨੇ ਇਸ ਨਾਲ ਫੋਟੋ ਵੀ ਪੋਸਟ ਕੀਤੀ, ਜਿਸ 'ਚ ਦਾਊਦ ਦੀ ਫੋਟੋ 'ਤੇ ਸੰਦੇਸ਼ ਹੈ, '1993 'ਚ ਮੈਂ ਲੋਕਾਂ ਨੂੰ ਨਹੀਂ ਮਾਰਿਆ। ਬੰਬਾਂ ਨੇ ਉਨ੍ਹਾਂ ਦੀ ਜਾਨ ਲਈ ਹੈ।' ਰਿਜਿਜੂ ਨੇ ਵੀ ਟਵੀਟ ਕੀਤਾ, 'ਇਸ ਕੁੜੀ ਦਾ ਦਿਮਾਗ ਕੌਣ ਖ਼ਰਾਬ ਕਰ ਰਿਹਾ ਹੈ? ਮਜ਼ਬੂਤ ਹਥਿਆਰਬੰਦ ਬਲ ਜੰਗ ਤੋਂ ਪਰਹੇਜ਼ ਕਰਦੇ ਹਨ। ਭਾਰਤ ਨੇ ਕਦੇ ਕਿਸੇ 'ਤੇ ਹਮਲਾ ਨਹੀਂ ਕੀਤਾ ਪਰ ਇਕ ਕਮਜ਼ੋਰ ਭਾਰਤ ਉਤੇ ਹਮੇਸ਼ਾ ਹਮਲੇ ਹੋਏ ਹਨ।' ਬਾਅਦ 'ਚ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਿਸੇ ਨੂੰ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਦੇਸ਼ ਵਾਸੀਆਂ ਤੇ ਫ਼ੌਜ ਦਾ ਹੌਸਲਾ ਢਹਿੰਦਾ ਹੋਵੇ।

ਗੁਰਮਿਹਰ ਦੇ ਹੱਕ 'ਚ ਖੜ੍ਹਦਿਆਂ ਕਾਂਗਰਸ ਦੇ ਤਰਜਮਾਨ ਮਨੀਸ਼ ਤਿਵਾੜੀ ਨੇ ਕਿਹਾ, 'ਕੋਈ ਵਿਅਕਤੀ ਜੋ ਸੋਚਦਾ ਹੈ ਤੁਸੀਂ ਉਸ ਨੂੰ ਪਸੰਦ ਨਹੀਂ ਕਰ ਸਕਦੇ ਪਰ ਬੇਹੂਦਾ ਧਮਕੀਆਂ ਅਤੇ ਟਰੌਲਿੰਗ ਕਾਰਕੁਨਾਂ ਤੋਂ ਭੜਾਸ ਕਢਵਾਉਣਾ, ਜਿਨ੍ਹਾਂ ਦਾ ਪ੍ਰਧਾਨ ਮੰਤਰੀ ਵੀ ਮੁਰੀਦ ਹੈ। ਇਹ ਸਰਕਾਰੀ ਧੌਂਸ ਦਾ ਸਭ ਤੋਂ ਮਾੜਾ ਹਥਿਆਰ ਹੈ। ਪਰ ਜਮਹੂਰੀਅਤ ਤੇ ਜਮਹੂਰੀ ਮੁਲਕ ਇਸ ਤਰ੍ਹਾਂ ਕੰਮ ਨਹੀਂ ਕਰਦੇ।' ਗੁਰਮਿਹਰ ਦੀ ਧਮਕੀ ਬਾਰੇ ਵੀਡੀਓ ਪੋਸਟ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ, 'ਇਹ ਭਾਜਪਾ ਹੈ। ਇਹ ਸਾਡੇ ਮੁਲਕ ਨੂੰ ਤਬਾਹ ਕਰ ਦੇਣਗੇ। ਸਾਰਿਆਂ ਨੂੰ ਇਸ ਗੁੰਡਾਵਾਦ ਖ਼ਿਲਾਫ਼ ਖੜ੍ਹਨਾ ਚਾਹੀਦਾ ਹੈ।' 'ਆਪ' ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਆਤਿਸ਼ੀ ਮਾਰਲੇਨਾ ਨੇ ਰਿਜਿਜੂ ਦੇ ਟਵੀਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, 'ਕੌਣ ਕੀਹਦਾ ਦਿਮਾਗ ਭ੍ਰਿਸ਼ਟ ਕਰ ਰਿਹਾ ਹੈ? ਏਬੀਵੀਪੀ ਵੱਲੋਂ ਸੋਸ਼ਲ ਮੀਡੀਆ ਰਾਹੀਂ ਔਰਤਾਂ ਨੂੰ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਗ੍ਰਹਿ ਰਾਜ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਔਰਤਾਂ ਨੂੰ ਅਜਿਹੀਆਂ ਧਮਕੀਆਂ ਮਿਲਣ ਤਾਂ ਉਸ ਦੀਆਂ ਕੀ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ।'

ਸੀਪੀਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ, 'ਆਰਐਸਐਸ ਤੇ ਇਸ ਦੀਆਂ ਸਾਰੀਆਂ ਜਥੇਬੰਦੀਆਂ ਦਾ ਇਹ ਅਸਲ ਸੱਭਿਆਚਾਰ ਹੈ। ਉਹ ਵਿਚਾਰਾਂ ਦੀ ਬਹੁਲਤਾ ਨੂੰ ਆਗਿਆ ਨਹੀਂ ਦੇਣਗੇ। ਇਹ ਫਾਸ਼ੀਵਾਦੀ ਬਿਰਤੀ ਹੈ।' ਸਾਬਕਾ ਅਟਾਰਨੀ ਜਨਰਲ ਸੋਲੀ ਸੋਰਾਬਜੀ ਨੇ ਕਿਹਾ, 'ਤੁਸੀਂ ਔਰਤਾਂ ਨੂੰ ਅਜਿਹੀਆਂ ਧਮਕੀਆਂ ਨਹੀਂ ਦੇ ਸਕਦੇ। ਇਹ ਸ਼ਰਮਨਾਕ ਹੈ ਅਤੇ ਇਸ ਖ਼ਿਲਾਫ਼ ਕਰੜੀ ਕਾਰਵਾਈ ਹੋਣੀ ਚਾਹੀਦੀ ਹੈ।'


# ਚੋਣਾਂ ਦੇ ਦੰਗਲ 'ਚ ਕੇਂਦਰੀ ਸਰਕਾਰ ਦਾ ਬਜਟ ਕਿਸਾਨ ਵਿਰੋਧੀ



**ਜਗਮੋਹਨ ਸਿੰਘ ਉਪਲ**

ਪੰਜਾਬ ਵਿਧਾਨ ਸਭਾ ਕੇਂਦਰੀ ਬਜਟ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਦੇ ਦੰਗਲ ਦੌਰਾਨ, ਐਨ. ਡੀ. ਏ. ਦੀ ਕੇਂਦਰ ਸਰਕਾਰ ਦੇ ਕੇਂਦਰੀ ਖਜ਼ਾਨਾ ਮੰਤਰੀ ਵਲੋਂ ਪੇਸ਼ ਬਜਟ ਵਿਚ ਕਿਸਾਨਾਂ ਲਈ ਕੋਈ ਰਾਹਤ ਨਹੀਂ-ਇਸ ਨਾਲੋਂ ਵੱਡਾ ਕੋਝਾ ਮਖੌਲ ਕਿਸਾਨਾਂ ਨਾਲ ਕੀ ਹੋ ਸਕਦਾ ਹੈ।

ਪੇਂਡੂ ਖੇਤੀ ਖੇਤਰ ਨੂੰ ਬਿਲਕੁਲ ਹੀ




ਨਿਕਾਰਨਾ, ਬੇਹੱਦ ਹੈਰਾਨੀਜਨਕ ਹੈ। ਉਹ ਵੀ ਉਸ ਸਮੇਂ ਜਦੋਂ ਇਸ ਖੇਤਰ ਦੇ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕਸ਼ੀਆਂ ਦੀ ਰਫ਼ਤਾਰ, ਨੋਟਬੰਦੀ ਦੇ ਵਰਤਾਰੇ ਤੋਂ ਬਾਅਦ 6 ਗੁਣਾ ਵਧੀ ਹੋਵੇ। ਖੇਤੀ ਖੇਤਰ ਦੇ ਕਿਸਾਨਾਂ ਲਈ ਕਰਜ਼ੇ ਦੀ ਪੰਡ ਜਿਸ ਤੋਂ ਅੱਜ ਕਿਸਾਨ ਬੇਹੱਦ ਪੀੜਤ ਹਨ, ਸਬੰਧੀ ਇਕ ਰੁਪਿਆ ਨਹੀਂ ਰੱਖਿਆ। ਸਹਿਕਾਰੀ ਵਿੱਤੀ ਸੰਸਥਾਵਾਂ ਲਈ ਕੁਝ ਨਹੀਂ। ਖੁਦਕਸ਼ੀਆਂ ਸੰਬੰਧੀ ਇਕ ਸਬਦ ਨਹੀਂ ਬੋਲਿਆ।

ਆਪਣੇ ਹੀ ਮੈਨੀਫੈਸਟੋ ਵਿਚ ਕੀਤੇ ਵਾਅਦੇ ਮੁਤਾਬਕ ਸਵਾਮੀਨਾਥਨ ਰਿਪੋਰਟ ਅਨੁਸਾਰ ਲਾਹੇਵੰਦ ਫਸਲਾਂ ਦੀ ਭਾਅ ਸੰਬੰਧੀ ਵੀ ਬਜਟ ਚੁੱਪ ਹੈ। ਸਗੋਂ ਖੇਤੀ ਉਪਜ ਜਿਵੇਂ ਕਣਕ ਬਾਹਰਲੇ ਦੇਸ਼ਾਂ ਤੋਂ ਮੰਗਵਾਉਣ 'ਤੇ ਡਿਊਟੀ ਖਤਮ ਕਰਕੇ ਆਉਣਾ ਬਦਸਤੂਰ ਜਾਰੀ ਹੀ ਨਹੀਂ ਰੱਖਿਆ ਹੋਰ ਫਸਲਾਂ ਜਿਨ੍ਹਾਂ ਦੀ ਉਪਜ ਸਾਡੇ ਦੇਸ਼ ਅੰਦਰ ਵਾਧੂ ਹੈ, ਨੂੰ ਬਦਸਤੂਰ, ਬਿਨਾਂ ਕਿਸੇ ਰੋਕ-ਟੋਕ ਤੋਂ ਜਾਰੀ ਰੱਖਣਾ-ਕਿਸਾਨਾਂ ਦੀਆਂ ਫਸਲਾਂ ਮੰਡੀਆਂ ਵਿਚ ਰੁਲਣਗੀਆਂ ਤੇ ਖੁਦਕਸ਼ੀਆਂ ਦਾ ਵਰਤਾਰਾ ਹੋਰ ਵਧੇਗਾ। ਵਪਾਰ ਤੇ ਰੋਕਾਂ ਖਤਮ ਕਰਨੀਆਂ, ਸਰਕਾਰੀ ਖ਼ੀਦ ਨੂੰ ਬੰਦ ਕਰਨ ਵਲ ਵਧਣਾ। ਭਾਰਤ ਸਰਕਾਰ ਨੇ ਵਿਸ਼ਵ ਵਪਾਰ ਸੰਸਥਾ ਦੇ ਫੈਸਲੇ ਤੇ ਦਸਤਖਤ ਕੀਤੇ ਹਨ। ਜਿਸ ਦਾ ਸਿੱਟਾ ਉਪਰੋਕਤ ਸਭ ਕੁਝ ਹੈ।

ਖੇਤੀ ਖੇਤਰੀ ਲਈ ਕਰਜ਼ਾ ਬਜਟ 9 ਲੱਖ ਕਰੋੜ ਤੋਂ ਵਧਾ ਕੇ 10 ਲੱਖ ਕਰੋੜ ਕਰਨਾ ਕੋਈ ਖਾਸ ਰਾਹਤ ਨਹੀਂ, ਇੰਨਾ ਤਾਂ ਲਾਗਤ ਖਰਚ ਹੀ ਵਧ ਗਿਆ ਹੈ।

ਬਾਕੀ ਇਸ ਕਰਜ਼ੇ ਨੂੰ ਸਿੱਧਾ ਕਿਸਾਨਾਂ ਨੂੰ ਬਿਨਾ ਵਿਆਜ ਜਾਂ ਘੱਟੋ-ਘੱਟ ਵਿਆਜ ਤੇ ਲੰਮੀਆਂ ਤੇ ਅਸਾਨ ਕਿਸ਼ਤਾਂ 'ਤੇ ਦੇਣ ਦਾ ਕੋਈ ਉਪਰਾਲਾ ਨਹੀਂ। ਸਗੋਂ ਇਸ 10 ਲੱਖ ਕਰੋੜ ਰੁਪਏ ਦਾ ਵੱਡਾ ਹਿਸਾ-ਐਗਰੋ ਆਧਾਰਤ ਸਨਅਤਾਂ ਲਈ ਹੈ ਜਿਸ ਦਾ ਵੱਡਾ ਹਿਸਾ ਕਾਰਪੋਰੇਟ ਸੈਕਟਰ ਲੈ ਜਾਂਦਾ ਹੈ। ਪ੍ਰਧਾਨ ਮੰਤਰੀ ਅਤੇ ਖਜ਼ਾਨਾ ਮੰਤਰੀ ਦਾ ਪਿਛਲੇ ਸਾਲ ਦਾ ਐਲਾਨ ਖੇਤੀ ਜ਼ਮੀਨਾਂ ਦੇ ਸਿਹਤ ਕਾਰਡ ਬਣ ਜਾਣਗੇ। ਪੂਰੀ ਤਰ੍ਹਾਂ ਝੂਠ ਦਾ ਪਲੰਦਾ ਨਿਕਲਿਆ। ਨਵੀਆਂ ਲੈਬਾਰਟਰੀਆਂ ਦੀ ਤਜਵੀਜ਼ ਵੀ ਰੁਲ ਜਾਣ ਦੀ ਸੰਭਾਵਨਾ ਹੈ। ਕਿਉਂਕਿ ਖੇਤੀ ਟੈਕਨੋਕਰੇਟ ਪਹਿਲਾਂ ਲੋੜ ਨਾਲੋਂ 70% ਘੱਟ ਹਨ।

ਠੇਕਾ ਪ੍ਰਣਾਲੀ ਅਧੀਨ ਸਬਜ਼ੀਆਂ ਤੇ ਫਲਾਂ ਦੀਆਂ ਫਸਲਾਂ ਲਿਆਉਣ ਦੀ ਤਜਵੀਜ਼ ਜੋ ਇਸ ਬਜਟ ਵਿਚ ਹੈ। ਇਹ ਕਾਰਪੋਰੇਟ ਸੈਕਟਰ ਅਧੀਨ ਖੇਤੀ ਸੈਕਟਰ ਨੂੰ ਲੈ ਕੇ ਆਉਣ ਵੱਲ ਹੈ-ਜਿਸ ਨਾਲ ਕਿਸਾਨ ਜ਼ਮੀਨਾਂ ਤੋਂ ਵਿਰਵੇ ਹੋ ਜਾਣਗੇ। ਇਸ ਦਾ ਅਸੀਂ ਡਟ ਕੇ ਵਿਰੋਧ ਕਰਦੇ ਹਾਂ। ਸਿੰਚਾਈ ਸਕੀਮ ਲਈ ਰੱਖੇ ਪੈਸੇ ਦਾ ਕੀ ਬਣੇਗਾ-ਪਿਛਲਾ ਕੋਈ ਹਿਸਾਬ ਕਿਤਾਬ ਨਹੀਂ ਕਿ ਕਿੰਨੇ ਪ੍ਰਤੀਸ਼ਤ ਜ਼ਮੀਨ ਅਧੀਨ ਵਧ ਗਈ ਹੈ। ਖੇਤ ਤਲਾਬ ਸਿੰਚਾਈ ਲਈ ਮਨਰੇਗਾ ਤਹਿਤ ਪਛੜਿਆ ਸਿੰਚਾਈ ਤਰੀਕਾ ਧਰਾਤਲ ਤੇ ਨਾ ਮਾਤਰ ਹੈ। ਖੇਤ ਤਲਾਬ ਦੀ ਸਬਸਿਡੀ ਵਿਚ ਭ੍ਰਿਸ਼ਟਾਚਾਰ ਦੀ ਭਰਮਾਰ ਹੈ। ਇਨ੍ਹਾਂ ਖੇਤ ਤਲਾਬਾਂ ਤੋਂ ਕਿਸੇ ਇਲਾਕੇ ਵਿਚ ਸੋਕੇ ਤੋਂ ਰਾਹਤ ਨਹੀਂ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਪਿਛਲੇ ਤੇ ਇਸ ਸਾਲ ਦਾ ਐਲਾਨ ਵਿਚ ਪੂਣੀ ਵੀ ਨਹੀਂ ਕੱਤੀ। ਸਿਰਫ਼ ਤੇ ਸਿਰਫ਼ ਚੰਗੀ ਫਸਲ ਦੀ ਆਸ ਕੁਦਰਤ ਵਲੋਂ ਚੰਗੀ ਮੌਨਸੂਨ ਦਾ ਸਹਾਰਾ ਲਿਆ ਗਿਆ ਹੈ। ਕਿਸਾਨਾਂ ਨੂੰ ਤਿੱਖੇ ਖਾੜਕੂ ਘੋਲਾਂ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਕਿਉਂਕਿ ਤਾਂ ਹੀ ਅਸੀਂ ਫਸਲਾਂ ਦੇ ਵਾਜਬ ਭਾਅ ਅਤੇ ਕਰਜ਼ੇ ਦੇ ਮੱਕੜਜਾਲ ਵਿਚੋਂ ਸੰਘਰਸ਼ਾਂ ਰਾਹੀਂ ਹੀ ਆਪਣੀਆਂ ਮੰਗਾਂ ਮੰਨਵਾ ਕੇ ਨਿਕਲ ਸਕਦੇ ਹਨ। ਖੁਦਕਸ਼ੀਆਂ ਦੇ ਰਾਹ ਛੱਡ ਕੇ ਸੰਘਰਸ਼ਾਂ ਦੇ ਰਾਹ ਪੈਣ ਦੀ ਲੋੜ ਹੈ। ਜਦੋਂ ਕੇਂਦਰ ਸਰਕਾਰ ਨੇ ਖੇਤੀ ਖੇਤਰ ਦੇ ਕਿਸਾਨ ਮਜ਼ਦੂਰਾਂ ਨੂੰ ਅੰਗੂਠਾ ਦਿਖਾਇਆ ਹੈ ਤਾਂ ਆਉਣ ਵਾਲੀ ਕਿਸੇ ਵੀ ਰਾਜਨੀਤਕ ਪਾਰਟੀ ਦੀ ਪੰਜਾਬ ਸਰਕਾਰ ਤੋਂ ਕੋਈ ਆਸ ਨਹੀਂ ਕੀਤੀ ਜਾ ਸਕਦੀ। ਸਿਰਫ਼ ਸੰਘਰਸ਼ ਹੀ ਇਨ੍ਹਾਂ ਸਰਕਾਰਾਂ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰਨਗੀਆਂ।

*ਸੂਬਾ ਜਨਰਲ ਸਕੱਤਰ
ਭਾਰਤੀ ਕਿਸਾਨ ਯੂਨੀਅਨ ਡਕੌਂਦਾ
94173-54165

# ਡਾਂਗ ਦੇ ਸਹਾਰੇ ਖੜ੍ਹਾ ਘਰ

**-ਸਤਪਾਲ ਬੰਗਾ**



ਪੰਜਾਬੀ ਸੱਭਿਆਚਾਰ ਦੇ ਰਖਵਾਲੇ ਜਦੋਂ ਬੜੇ ਮਾਣ ਨਾਲ ਕਹਿੰਦੇ ਨੇ ਕਿ 'ਡਾਂਗ ਉੱਤੇ ਡੇਰਾ ਸਦਾ ਹੁੰਦਾ ਜੱਟ ਦਾ' ਪਰ ਮੈਨੂੰ ਇਹ ਬੜਾ ਅਜੀਬ ਜਿਹਾ ਲੱਗਾ ਹੈ ਜਦੋਂ ਮੈਂ ਮਾਨਸਾ ਸ਼ਹਿਰ ਦੀ ਇੱਕ ਭੀੜੀ ਗ਼ਲੀ ਵਿਚ ਵੜਦਾ ਹਾਂ ਅਤੇ ਦੇਖਦਾ ਹਾਂ ਕਿ ਇਕ ਰੰਗਕਰਮੀ ਨੇ ਤਾਂ 'ਡਾਂਗ ਉੱਤੇ ਆਪਣਾ ਘਰ ਹੀ ਖੜ੍ਹਾ ਕਰ ਰੱਖਿਆ ਹੈ'। ਰੰਗਮੰਚ ਨੂੰ 34 ਸਾਲ ਸਮਰਪਿਤ ਕਰਨ ਵਾਲਾ ਇਹ ਰੰਗਕਰਮੀ ਸਾਥੀ 'ਤਰਸੇਮ ਰਾਹੀ' ਸੀ।

ਲੋਕਾਂ ਤੋਂ ਪੁੱਛਦੇ -ਪੁੱਛਦੇ ਸੈਮੁਅਲ ਜਾਨ ਸਮੇਤ ਅਸੀਂ ਕਈ ਕਾਲਾਕਾਰ ਉਸ ਦੇ ਘਰ ਜਾ ਪਹੁੰਚੇ। ਜਦੋਂ ਬੂਹੇ ਦਾ ਕੁੰਡਾ ਖੜਕਾਇਆ ਤਾਂ ਦੇਖਿਆ ਇਕ ਬੰਦਾ ਰਜਾਈ ਦੀ ਬੁਲਕ ਮਾਰੀ ਮੰਜੇ ਉਪਰ ਬੈਠਾ ਸੀ। ਚਿਹਰਾ ਬਿਮਾਰ, ਉਦਾਸ ਤੇ ਥੱਕਿਆ ਹੋਇਆ ਲੱਗ ਰਿਹਾ ਸੀ। ਘਰ ਗ਼ਲੀ ਤੋਂ ਬਸ ਥੋੜ੍ਹਾ ਹੀ ਉਚਾ ਸੀ, ਲਗਭਗ ਗ਼ਲੀ ਦੇ ਬਰਾਬਰ। ਕਿਰਤੀ ਲੋਕਾਂ ਦੇ ਹੱਕਾਂ ਲਈ ਡਾਂਗ ਤੇ ਡੇਰਾ ਰੱਖਣ ਵਾਲੇ ਇਸ ਰੰਗ ਕਰਮੀ ਸਾਥੀ ਨੇ ਆਪਣੇ ਘਰ ਦੀ ਛੱਤ ਵੀ ਡਾਂਗ ਨਾਲ ਹੀ ਖੜ੍ਹੀ ਕਰ ਰੱਖੀ ਸੀ। ਇਸ ਛੋਟੇ ਜਿਹੇ ਕਮਰੇ ਵਿੱਚ ਦੋ ਮੰਜਿਆਂ ਦੀ ਥਾਂ ਸੀ। ਇੱਕ ਮੰਜੇ 'ਤੇ ਪੁੱਤਰ ਸ਼ੈਨਾ ਤੇ ਦੂਜੇ ਉਪਰ ਉਹ ਆਪ ਸੌਂਦਾ ਸੀ। ਉਸ ਦੀ ਘਰ ਵਾਲੀ ਤੇ ਬੇਟੀ ਜੋ ਵਿਆਹ ਦੇ ਯੋਗ ਹੋ ਗਈ ਹੈ, ਦੂਜੇ ਕਮਰੇ ਵਿਚ ਸੌਂਦੀਆਂ ਨੇ। ਦੀਵਾਰ ਤੇ ਕੁੱਝ ਲਫ਼ਾਫ਼ਿਆਂ ਨਾਲ ਉਸ ਦਾ ਰੰਗਮੰਚ ਵਾਲਾ ਝੋਲਾ ਵੀ ਟੰਗਿਆ ਹੋਇਆ ਸੀ। ਮਕਾਨ ਦੀ ਹਾਲਤ ਬਹੁਤ ਖ਼ਸਤਾ ਸੀ।

"ਸੈਮੁਅਲ ਤੂੰ ਯਾਰ!" ਉਸ ਤੋਂ ਆਪਣੀ ਖ਼ੁਸ਼ੀ ਸੰਭਾਲੀ ਨਾ ਗਈ, ਅੱਖਾਂ 'ਚ ਹੰਜੂ ਆ ਗਏ। "ਯਾਰ ਤੂੰ ਤਾਂ ਕਮਾਲ ਕਰ ਤੀਂ, ਮੈਂ 'ਤੇ ਸੋਚਿਆ ਵੀ ਨਹੀਂ ਸੀ, ਮੇਰੇ ਘਰ ਏਨਾ ਵੱਡਾ ਬੰਦਾ ਆਵੇਗਾ "ਆਪਣੀ ਖ਼ੁਸ਼ੀ ਨਾਲ ਨੱਕ ਤੇ ਹੰਜੂ ਪੂੰਜ ਕੇ'' ਤਰਸੇਮ ਆਪਣੀਆਂ ਭਾਵਨਾਵਾਂ ਜਾਹਿਰ ਕਰਦਾ ਹੈ।

"ਚੰਗਾ ਲੱਗਿਆ ਤੂੰ ਆਇਆ ਯਾਰ! ਤੇਰੇ ਨਾਲ ਬਹੁਤ ਗੱਲਾਂ ਕਰਨੀਆਂ ਸੀ ਮੈਂ ਸੋਚ ਰਿਹਾ ਸੀ ਕਿ ਯਾਰ ਆਪਾ ਕਿਥੋਂ ਤੁਰੇ ਸੀ ਤੇ ਕਿਥੇ ਆ ਗਏ? 34 ਸਾਲ ਰੰਗਮੰਚ ਨੂੰ ਦੇ ਕੇ ਕੀ ਖੱਟਿਆ? ਬੇਟਾ 32 ਸਾਲਾਂ ਦਾ ਹੋ ਗਿਆ ਹੈ, ਵਿਆਹ ਨੀਂ ਹੋ ਸਕਿਆ, ਬੇਟੀ ਵੀ ਵੱਡੀ ਹੋ ਗਈ ਹੈ ਵੱਡੀ ਬੇਟੀ ਦਾ ਵਿਆਹ ਕਰ ਦਿੱਤਾ ਸੀ ਪਰ ਮੇਰਾ ਜਵਾਈ ਕਦੇ ਘਰ ਆ ਕੇ ਨਹੀਂ ਰਿਹਾ। ਉਸ ਨੂੰ ਰੱਖਣ ਲਈ ਥਾਂ ਵੀ ਤਾਂ ਹੈ ਨੀਂ। ਘਰਵਾਲੇ ਪੁੱਛਦੇ ਨੇ, ਕਿ ਤੂੰ ਸਾਡੇ ਲਈ ਕੀਤਾ ਹੀ ਕੀ ਹੈ?'' ਤਰਸੇਮ ਲਗਾਤਾਰ ਬੋਲਣਾ ਸ਼ੁਰੂ ਕਰ ਦਿੰਦਾ ਹੈ।

"ਮੇਰੀ ਮਾਂ ਜੋ ਪਾਕਿਸਤਾਨ ਤੋਂ ਹੱਲਿਆਂ ਵੇਲੇ ਏਧਰ ਆ ਗਈ ਸੀ; ਉਸ ਦਾ ਨਾਮ ਏਧਰ ਆ ਕੇ ਸਵਰਨ ਕੌਰ ਹੋ ਗਿਆ ਸੀ, ਉਸਨੇ ਮੇਰਾ ਬਹੁਤ ਸਾਥ ਦਿੱਤਾ। ਮੈਂ ਤੇ ਗਾਮੀ (ਸੁਰਜੀਤ ਗਾਮੀ) ਪੂਰਾ ਪੂਰਾ ਸਾਲ ਘਰ ਤੋਂ ਬਾਹਰ ਰਹਿੰਦੇ, ਨਾਟਕ ਕਰਨ ਲਈ, ਪੰਜਾਬ ਤੋਂ ਚੱਲਦੇ ਓ ਰਾਜਸਥਾਨ ਤੱਕ, ਕਿਸੇ ਗੱਲ ਦੀ ਪ੍ਰਵਾਹ ਹੀ ਨਹੀਂ ਕੀਤੀ ਸੀ। ਕਰਾਇਆ ਵੀ ਨਹੀਂ ਸੀ ਹੁੰਦਾ, ਨਾਟਕ ਕਰਦੇ ਜੋ ਵੀ ਬਣਦਾ ਅੱਗੇ ਚੱਲ ਪੈਂਦੇ। ਕਦੇ ਪੈਸਾ ਤਾਂ ਨਾਟਕ ਲਈ ਮੰਗਿਆ ਹੀ ਨਹੀਂ ਸੀ, ਪਰ ਹੁਣ ਤਾਂ ਮੁੰਡੇ ਯਾਰ ਪੈਸੇ ਤੋਂ ਬਿਨਾ ਨਾਟਕ ਕਰਨ ਜਾਂਦੇ ਹੀ ਨਹੀਂ। ਮੈਂ ਸਾਲ ਬਾਅਦ ਜਦੋਂ ਵੀ ਘਰ ਆਉਂਦਾ, ਤਾਂ ਬੇਬੇ ਨੇ ਸਿਰਫ਼ ਏਨਾ ਹੀ ਕਹਿਣਾ, "ਪੁੱਤ ਘਰ ਤਾਂ ਆ ਜਾਇਆ ਕਰ", ਮੈਂ ਬੇਬੇ ਨੂੰ ਕਹਿੰਦਾ ਹੁੰਦਾ, "ਤੂੰ ਫਿਕਰ ਨਾ ਕਰ ਬੇਬੇ, ਹੁਣ ਤਾਂ ਇਨਕਲਾਬ ਨੂੰ ਲੈਕੇ ਹੀ ਘਰ ਆਵਾਂਗੇ'' ਕਲਾਕਾਰ ਸਾਥੀ ਬੋਲਦਾ ਰਹਿੰਦਾ ਹੈ।

ਉਸ ਦੇ ਸਾਰੇ ਰੰਗਕਰਮੀ ਸਾਥੀ ਵੀ ਉਸ ਦੇ ਨਾਲ ਘਰ ਹੀ ਆ ਜਾਂਦੇ, ਕਦੇ-ਕਦੇ ਕਾਮਰੇਡ ਵੀ ਆ ਜਾਂਦੇ। ਕਾਮਰੇਡ ਸਮਾਓ ਵੀ ਆਉਂਦਾ ਹੁੰਦਾ ਸੀ।

"ਇਨਕਲਾਬ ਇੱਕ ਫਾਰਮੇਲਟੀ ਹੋ ਗਿਆ ਹੈ। ਮੇਰੇ ਮਰਨ ਦਾ ਸਾਇਦ ਕਾਮਰੇਡ ਇੰਤਜ਼ਾਰ ਕਰ ਰਹੇ ਨੇ, ਸ਼ਰਧਾਂਜਲੀ ਦੇਣ ਲਈ, ਲਾਲ ਝੰਡਾ ਪਾ ਕੇ ਭਾਸ਼ਣ ਦੇਣ ਲਈ। ਮਰਨ ਤੋਂ ਬਾਅਦ ਕੀ ਫ਼ਾਇਦਾ'' ਤਰਸੇਮ ਕਾਮਰੇਡਾਂ 'ਤੇ ਸ਼ਿਕਵਾ ਕਰਦਾ ਹੈ।

ਇਕ ਵਾਰ ਤਰਸਮੇ ਨੇ ਆਪਣੇ ਸਾਥੀਆਂ ਨਾਲ ਦੀਵਾਨੇ ਗ਼ਾਲਿਬ ਦੇ ਹਾਲ 'ਚ ਨਾਟਕ ਖੇਡਿਆ, ਇਕ ਕਿਸੇ ਵੱਡੇ ਹਸਪਤਾਲ ਦਾ ਡਾਕਟਰ ਉਹਨਾਂ ਦਾ ਨਾਮ ਪਤਾ ਲਿਖ ਕੇ ਲੈ ਗਿਆ ਅਤੇ ਕੁਝ ਸਮੇਂ ਬਾਅਦ ਉਹਨਾਂ ਨੂੰ ਘਰ ਮਿਲਣ ਆਇਆ।

"ਜਦੋਂ ਮੈਂ ਉਸ ਨੂੰ ਘਰ ਲੈ ਆਇਆ, ਘਰ ਦੀ ਹਾਲਤ ਨੂੰ ਦੇਖ ਕੇ ਉਹ ਹੈਰਾਨ ਸੀ। ਉਹ ਕਹਿੰਦਾ ਮੈਂ ਤਾਂ ਸੋਚਿਆ ਸੀ ਕਿ ਦੋ ਚਾਰ ਦਿਨ ਤੁਹਾਡੇ ਕੋਲ ਲਵਾਂਗਾ, ਚੱਲੋ ਖੈਰ! ਫਿਰ ਉਹ ਕੁੱਝ ਸੋਚ ਕੇ ਘੰਟਾ ਕੁ ਆਰਾਮ ਕਰਕੇ ਚੱਲੇ ਗਏ'' ਰੰਗਕਰਮੀ ਸਾਥੀ ਆਪਣਾ ਤਜ਼ਰਬਾ ਸਾਝਾ ਕਰਦਾ ਹੈ।

"ਇਕ ਨਾਟਕ ਅਸੀਂ 'ਰਿਜ਼ਕ ਦੀ ਮਰਿਯਾਦਾ' ਖੇਡਿਆਂ। ਤੈਨੂੰ ਉਹ ਨਾਟਕ ਖੇਡਣਾ ਚਾਹੀਦਾ ਹੈ। ਜਿਸ ਵਿਚ ਇਕ ਨਕਲੀਆ, ਸਾਧ ਦਾ ਭੇਸ ਧਾਰ ਕੇ ਜਾਂਦਾ ਹੈ, ਬਹੁਤ ਸਾਰੇ ਲੋਕ ਆਉਂਦੇ ਨੇ, ਰਾਜਾ, ਵਜ਼ੀਰ, ਸ਼ਾਹੂਕਾਰ ਸਭ ਆਪਣਾ ਧਨ ਉਸ ਨੂੰ ਦੇ ਦਿੰਦੇ ਨੇ ਪਰ ਸਾਧ ਸਮਝ ਕੇ। 15 ਕੁ ਦਿਨਾਂ ਬਾਅਦ ਉਹ ਸਾਰਿਆ ਦਾ ਧਨ ਵਾਪਸ ਕਰ ਦਿੰਦਾ ਹੈ। ਇਹ ਕਹਿ ਕੇ ਕਿ ਮੈਂ ਤਾਂ ਇਕ ਨਕਲੀਆ ਹਾਂ ਪਰ ਤੁਸੀਂ ਮੇਰੀ ਕਲਾ ਤੋਂ ਖ਼ੁਸ਼ ਹੋ ਕੇ ਅਜਿਹਾ ਕੀਤਾ ਸੀ। ਰਾਜਾ ਬਹੁਤ ਗੁੱਸੇ ਹੁੰਦਾ ਹੈ, ਰਾਜਾ ਕਹਿੰਦਾ ਹੈ ਕਿ ਜੇਕਰ ਤੂੰ ਏਨਾ ਵੱਡਾ ਕਲਾਕਾਰ ਹੈ ਤਾਂ ਸਤੀ ਵਾਲਾ ਰੋਲ ਅਦਾ ਕਰ, ਚਿਖ਼ਾ ਨੂੰ ਅੱਗ ਲਾ ਕੇ ਉਸ ਨੂੰ ਬੈਠਣ ਲਈ ਕਿਹਾ ਜਾਂਦਾ ਹੈ, ਉਹ ਬੈਠ ਜਾਂਦਾ ਹੈ ਅਤੇ ਸੁਆਹ ਹੋ ਜਾਂਦਾ ਹੈ, ਉਸ ਦੀ ਪੋਟਲੀ ਉਸ ਦਾ ਇਕ ਬੱਚਾ ਚੁੱਕਦਾ ਹੈ, ਤੇ ਕਹਿੰਦਾ ਹੈ 'ਕਹਾਣੀ ਤਾਂ ਅਜੇ ਸ਼ੁਰੂ ਹੋਈ ਹੈ ਰਾਜਨ!' ਪਰ ਯਾਰ ਸਾਡੀ ਪੋਟਲੀ ਕੌਣ ਚੁੱਕੇਗਾ ਉਹ ਸੈਮੁਅਲ ਨੂੰ ਸਵਾਲ ਪੁੱਛਦਾ ਹੈ। ਉਹ ਸੈਮੁਅਲ ਨੂੰ ਕਹਿੰਦਾ ਹੈ ਕਿ ਮੈਂ ਤੇਰੇ ਲਈ ਇਕ ਨਾਟਕ ਲਿਖਿਆ ਹੈ, 'ਐਕਲਾਵਿਆ'। ਤੂੰ ਜ਼ਰੂਰ ਖੇਡੀਂ। ਪਹਿਲਾਂ ਤਾਂ ਉਸ ਨੇ ਅੰਗੂਠਾ ਦੇ ਦਿੱਤਾ ਸੀ, ਪਰ ਇਸ ਵਾਰ ਸਮਾਜ ਦੇ ਲੋਕ ਨਾਇਕ ਪਿੱਛੇ ਖੜ੍ਹੇ ਹਨ ਕਿ ਅੰਗੂਠਾ ਨਾ ਦੇਵੀਂ, ਸਾਨੂੰ ਪਹਿਲਾਂ ਹੀ ਤੇਰੇ ਅੰਗੂਠੇ ਨੇ ਹਜ਼ਾਰਾਂ ਸਾਲ ਪਿੱਛੇ ਪਾ ਦਿੱਤਾ ਹੈ।

ਜਦੋਂ ਸੈਮੁਅਲ ਆਪਣੇ ਨਾਲ ਆਏ ਨੌਜਵਾਨ ਰੰਗਕਰਮੀਆਂ ਦੀ ਜਾਣ ਪਹਿਚਾਣ ਕਰਵਾਉਂਦਾ ਹੈ ਕਿ ਇਹ ਹੈਪੀ ਭਗਤਾ, ਸਤਪਾਲ, ਹਰਜੀਤ ਹਨ, ਤਾਂ ਉਹ ਕਹਿਣ ਲੱਗਦਾ ਹੈ ਕਿ, "ਭਾਵੁਕ ਹੋ ਕੇ ਮੈਂ ਕੋਈ ਨਿਰਾਸ਼ਾ ਵਾਲੀ ਗੱਲ ਨਹੀਂ ਕਰ ਰਿਹਾ ਤੁਹਾਡੇ ਆਉਣ ਨਾਲ ਮੈਨੂੰ ਅਨਰਜੀ ਜਿਹੀ ਮਿਲੀ ਹੈ ਅਤੇ ਪੋਟਲੀ ਵਾਲੇ ਨਜ਼ਰ ਆ ਰਹੇ ਨੇ।"

ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਸੋਚ ਰਹੇ ਸੀ ਕਿ ਜਿਨ੍ਹਾਂ ਇਨਕਲਾਬੀ ਸੱਭਿਆਚਾਰਕ ਕਾਮਿਆਂ ਨੇ ਸਾਰੀ ਜ਼ਿੰਦਗੀ ਲੋਕਾਂ ਦੀ ਮੁਕਤੀ ਦੀ ਗੱਲ ਕੀਤੀ, ਉਨ੍ਹਾਂ ਦੀ ਗੱਲ ਕੌਣ ਕਰੇਗਾ? ਉਸ ਦਾ ਘਰ ਕਦੋਂ ਤੱਕ ਡਾਂਗ ਦੇ ਖੜ੍ਹਾ ਰਹੇਗਾ?

9779932704
**ਪੀਪਲਜ਼ ਆਰਟ, ਪਟਿਆਲਾ**

**(ਨੋਟ:- ਜੇਕਰ ਕੋਈ ਮਿੱਤਰ ਰੰਗਕਰਮੀ ਤਰਸੇਮ ਰਾਹੀਂ ਦੀ ਮਦਦ ਕਰਨਾ ਚਾਹੁੰਦਾ ਹੈ ਤਾਂ ਜ਼ਰੂਰ ਕਰੇ।)**

## ਡਾਂਗ ਦੇ ਸਹਾਰੇ ਖੜ੍ਹਿਆ ਘਰ

ਜਦੋਂ ਕੋਈ ਵੀ ਵਿਅਕਤੀ ਆਪਣੀ ਸਾਰੀ ਉਮਰ ਲੋਕ ਹਿੱਤਾਂ ਲਈ ਕੁਰਬਾਨ ਕਰ ਦਿੰਦਾ ਹੈ ਅਸੀਂ ਜ਼ਿੰਦਗੀ ਦੇ ਅਖੀਰਲੇ ਦਿਨਾਂ ਵਿਚ ਕੋਈ ਸਹਾਰਾ ਨਾ ਹੋਣ ਦੀ ਸਥਿਤੀ ਵਿਚ ਅਗਾਂਹਵਧੂ ਕਹਾਉਣ ਵਾਲੀਆਂ ਜਥੇਬੰਦੀਆਂ ਦਾ ਇਖਲਾਕੀ ਫਰਜ਼ ਬਣ ਜਾਂਦਾ ਹੈ ਕਿ ਬੁਢਾਪੇ ਵਿਚ ਡਿਗੋਰੀ ਨੂੰ ਆਸਰਾ ਦੇਣ ਲਈ ਉਸਦੀ ਥੋੜ੍ਹੀ ਬਹੁਤ ਆਰਥਿਕ ਮਦਦ ਕਰੀਏ ਨਾ ਕਿ ਮਰਨ ਤੋਂ ਬਾਅਦ ਸਾਥੀ ਲਾਲ ਸਲਾਮ ਦੇ ਚਾਰ ਨਾਅਰੇ ਲਾ ਕੇ ਆਪਣੇ ਆਪ ਨੂੰ ਧਰਵਾਸ ਦਿੰਦੇ ਰਹੀਏ ਸੋ ਅਸੀਂ 'ਸਰੋਕਾਰਾਂ ਦੀ ਆਵਾਜ਼' ਵਲੋਂ ਰੰਗਕਰਮੀ ਸਾਥੀ ਤਰਸੇਮ ਰਾਹੀ ਦੀ ਨਿਗੂਣੀ ਜਿਹੀ ਮਦਦ ਕੀਤੀ ਹੈ ਜਿਸ ਵਿਚ ਮੁੱਖ ਰੋਲ ਵਿਨੀਪੈਗ, ਕੈਨੇਡਾ ਨਿਵਾਸੀਆਂ ਨੇ ਪਾਇਆ ਹੈ ਜਿਸ ਦਾ ਵੇਰਵਾ ਇਹ ਹੈ ਹਰਨੇਕ ਧਾਲੀਵਾਲ, ਜਸਵੀਰ ਮੰਗੂਵਾਲ, ਅਵਤਾਰ ਸਿੱਧੂ, ਕਮਲ, ਹਰਿੰਦਰ ਗਿੱਲ, ਸੁਖਵੰਤ ਹੁੰਦਲ ਵੀ.ਸੀ., ਕਾਮਰੇਡ ਗੁਰਦੀਪ ਸਿੰਘ, ਅਮਰਜੀਤ ਸਿੰਘ ਅਤੇ ਪ੍ਰਸ਼ੋਤਮ ਸਿੰਘ, ਹਰਬੰਸ ਸਿੰਘ ਬਰੈਂਪਟਨ ਅਦਾਰਾ ਸਰੋਕਾਰਾਂ ਦੀ ਆਵਾਜ਼ ਇਨ੍ਹਾਂ ਸਾਥੀਆਂ ਦਾ ਤਹਿ ਦਿਲੋਂ ਧੰਨਵਾਦੀ ਹੈ।

# ਜਿਗਰ ਦਾ ਦੁਸ਼ਮਣ : ਹੈਪੇਟਾਈਟਸ ਹੈ ਕੀ?



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਭਾਵੇਂ ਹੀ ਭਾਰਤ 'ਚ ਏਡਜ਼ ਇਕ ਗੰਭੀਰ ਬੀਮਾਰੀ ਮੰਨੀ ਜਾਂਦੀ ਹੈ ਪਰ ਹੈਪੇਟਾਈਟਸ ਬੀ ਅਤੇ ਸੀ ਇਸ ਜਿੰਨੇ ਹੀ ਖਤਰਨਾਕ ਹਨ ਅਤੇ ਘਾਤਕ ਵੀ। ਦੇਸ਼ 'ਚ ਹਰ ਸਾਲ ਇਸ ਰੋਗ ਨਾਲ ਮਰਨ ਵਾਲਿਆਂ ਦੀ ਗਿਣਤੀ 2.5 ਲੱਖ ਤੋਂ ਵੱਧ ਹੈ। ਇਸ ਦੀ ਇਕ ਵੱਡੀ ਵਜ੍ਹਾ ਇਹ ਹੈ ਕਿ ਦੂਸ਼ਿਤਾ ਸਰਿੰਜਾਂ ਸੂਈਆਂ (ਟੀਕਿਆਂ) ਦੀ ਵਰਤੋਂ। ਦਰਅਸਲ ਪੇਂਡੂ ਖੇਤਰ 'ਚ ਕੁਝ ਨੀਮ ਹਕੀਮ ਮਰੀਜ਼ ਤੇ ਇਕ ਟੀਕੇ ਦੀ ਵਰਤੋਂ ਦੋ ਜਾਂ ਵੱਧ ਵਾਰੀ ਕਰਦੇ ਹਨ, ਇਸ ਨਾਲ ਇਨਫੈਕਸ਼ਨ ਫੈਲਦੀ ਹੈ। ਹੈਪੇਟਾਈਸ (ਪੀਲਿਆ ਦਾ ਇਕ ਲੱਛਣ) ਗ੍ਰੀਕ ਸ਼ਬਦ ਹੈ ਜਿਸ ਦਾ ਮਤਲਬ ਲਿਵਰ ਸੈਲ ਹੁੰਦਾ ਹੈ। ਇਹ ਇਕ ਕਿਸਮ ਦੀ ਜਿਗਰ ਦੀ ਭਿਆਨਕ ਸੋਜ ਹੀ ਤਾਂ ਹੁੰਦੀ ਹੈ। ਹੈਪੇਟਾਈਟਸ (ਜਿਗਰ ਦਾ ਵਿਗਾੜ) ਦਾ ਕੋਈ ਪ੍ਰਮੁੱਖ ਲੱਛਣ ਤਾਂ ਸ਼ੁਰੂ ਸ਼ੁਰੂ 'ਚ ਨਹੀਂ ਦਿਸਦਾ। ਜੇ ਕਿਸੇ ਬੰਦੇ ਨੂੰ ਇਕ ਹਫ਼ਤੇ ਦੇ ਫਰਕ ਨਾਲ ਬੁਖਾਰ ਹੁੰਦਾ ਹੈ ਤਾਂ ਉਸ ਦੇ ਖ਼ੂਨ ਦੀ ਜਾਂਚ ਹੋਣੀ ਚਾਹੀਦੀ ਹੈ। ਇਹ ਹੈਪੇਟਾਈਟਸ ਹੋ ਸਕਦਾ ਹੈ। ਪੁਰਾਣੇ ਹੈਪੇਟਾਈਟਸ ਨਾਲ ਜਿਗਰ ਦਾ ਕੈਂਸਰ ਵੀ ਬਣ ਸਕਦਾ ਹੈ। ਭਾਰਤੀਆਂ 'ਚ ਮੈਡੀਕਲ ਸਾਫ਼ ਸਫ਼ਾਈ ਬਾਰੇ ਚੇਤਨਾ ਘੱਟ ਹੈ। ਅਸੁੱਰਖਿਅਤ ਟੀਕੇ ਦੀ ਵਜ੍ਹਾ ਕਾਰਨ ਜਾਂ ਬਲੱਡ ਚੜ੍ਹਾਉਣ ਮੌਕੇ ਲਾਹਪ੍ਰਵਾਹੀ ਕਾਰਨ ਹੁੰਦੀ ਇੰਫੈਕਸ਼ਨ ਨਾਲ ਹੈਪੇਟਾਈਟਸ ਦਾ ਰੋਗ ਕਈ ਗੁਣਾ ਵਧਿਆ ਹੈ। ਸੰਸਾਰ ਸਿਹਤ ਸੰਸਥਾ ਦੀ ਇਕ ਰਿਪੋਰਟ ਅਨੁਸਾਰ ਸੰਸਾਰ ਭਰ 'ਚ ਟੀਕ ਦੀ ਸੂਈ ਦੀ ਵਾਰ ਵਾਰ ਵਰਤੋਂ ਨਾਲ ਹਰ ਸਾਲ 10 ਲੱਖ 30 ਹਜ਼ਾਰ ਲੋਕਾਂ ਦੀ ਮੌਤ ਹੋ ਜਾਂਦੀ ਹੈ ਜਿਨ੍ਹਾਂ 'ਚ 3 ਲੱਖ ਭਾਰਤੀ ਸ਼ਾਮਲ ਹਨ।

**ਲੱਛਣ ਕੀ ਹਨ** : ਵਾਰ ਵਾਰ ਬੁਖਾਰ ਚੜ੍ਹਨਾ, ਪੱਠਿਆਂ 'ਚ ਦਰਦ ਦੀ ਸ਼ਿਕਾਇਤ, ਥਕਾਵਟ ਤੇ ਆਲਸ, ਜੀ ਕੱਚਾ ਹੋਣਾ ਤੇ ਉਲਟੀ ਹੋਣੀ, ਜਿਗਰ ਦੀ ਸੌਜ, ਦਰਦ, ਖ਼ੂਨ ਦੀ ਕਮੀ, ਪੇਟ ਤੇ ਪੈਰਾਂ ਦੀ ਸੋਜ ਆਦਿ।

**ਹੈਪੇਟਾਈਟਸ** : ਪੰਜ ਕਿਸਮ ਦਾ ਹੁੰਦਾ ਹੈ।

ਹੈਪੇਟਾਈਟਸ-ਏ-ਦੂਸ਼ਿਤ ਖਾਣਾ ਖਾਣ ਤੇ ਤਰਲ ਪਦਾਰਥ ਲੈਣ ਕਰਕੇ ਹੋ ਜਾਂਦੈ। ਹੈਪੇਟਾਈਟਸ 'ਬੀ', 'ਸੀ' ਤੇ 'ਈ' ਇਕ ਤਰ੍ਹਾਂ ਦੇ ਵਾਇਰਸ ਨਾਲ ਹੁੰਦਾ ਹੈ। ਇਹ ਤਿੰਨਾਂ 'ਚ ਹੀ ਜਿਗਰ ਨੂੰ ਸੋਜ ਆ ਜਾਂਦੀ ਹੈ।

**ਕਾਰਨ** : ਦੂਸ਼ਿਤ ਸੂਈਆਂ ਦੀ ਵਰੋਂ, ਰੋਗੀ ਨੂੰ ਦੂਸ਼ਿਤ ਖ਼ੂਨ ਦੀ ਬੋਤਲ ਚੜ੍ਹਾਉਣ, ਅਸੁੱਰਖਿਅਤ ਯੋਨ ਸਬੰਧਾਂ ਅਤੇ ਮਾਂ ਤੋਂ ਬੱਚੇ ਨੂੰ ਇਹ ਰੋਗ ਫੈਨਦਾ ਹੈ। ਹੈਪੇਟਾਈਸ-ਡੀ ਲਈ ਕੋਈ ਉਪਯੋਗੀ ਦਵਾ ਹੈ ਨਹੀਂ।

**ਹੈਪੇਟਾਈਟਸ ਈ** : HEV ਵਾਰਿਸ ਨਾਲ ਦੂਸ਼ਿਤ ਹੋਇਆ ਪਾਣੀ ਪੀਣ ਨਾਲ ਇਹ ਰੋਗ ਹੋ ਸਕਦਾ ਹੈ।

ਹੈਪੇਟਾਈਟਸ ਸਰੀਰਕ ਸਿਹਤ ਦਾ ਵੈਰੀ ਹੈ। ਹੈਪੇਟਾਈਟਸ 'ਏ' ਤੇ 'ਈ' ਵਾਇਰਸ ਨਾਲ ਦੂਸ਼ਿਤ ਭੋਜਨ-ਪਾਣੀ ਕਰਕੇ ਫੈਲਦੇ ਹਨ। ਇਹ ਅਕਸਰ ਚਾਰ ਤੋਂ ਛੇ ਹਫ਼ਤੇ ਤੱਕ ਆਪਣੇ ਆਪ ਖਤਮ ਵੀ ਹੋ ਜਾਂਦਾ ਹੈ। ਹੈਪੇਟਾਈਟਸ ਬੀ ਤੇ ਸੀ ਵਾਇਰਸ ਜਿਗਰ 'ਤੇ ਹਮਲਾ ਕਰਕੇਉਸ ਨੂੰ ਥੋਥਾ ਜਾਂ ਕਹਿ ਲਓ ਬੋਦਾ ਕਰ ਦਿੰਦਾ ਹੈ। ਇਸ ਤੋਂ ਅੱਗੇ ਜਾ ਕੇ ਇਹ ਲਿਵਰ ਸਿਰੋਸਿਸ ਤੇ ਲਿਵਰ ਕੈਂਸਰ ਦੀ ਵਜ੍ਹਾ ਬਣਦੇ ਹਨ। ਕਈ ਅਰਥਾਂ 'ਚ ਐਚ.ਸੀ.ਵੀ. ਹੈਪੇਟਾਈਟਸ ਦੀ ਬੀਮਾਰੀ ਏਡਜ਼ ਤੋਂ ਵੀ ਖਤਰਨਾਕਹੈ।

**ਹੈਪੇਟਾਈਟਸ ਬੀ** : ਹੈਪੇਟਾਈਟਸ ਬੀ ਦਾ ਵਾਇਰਸ ਐਚ. ਆਈ. ਵੀ. ਦੇ ਵਾਇਰਸ ਨਾਲੋਂ 50 ਤੋਂ 100 ਗੁਣਾਂ ਵੱਧ ਇਨਫੈਕਸ਼ਨ ਕਰਦਾ ਹੈ। ਹੈਪੇਟਾਈਟਸ ਬੀ ਤੋ ਇਲਾਜ ਦੇ ਟੀਕੇ, ਕੈਪਸੂਲ ਤੇ ਗੋਲੀਆਂ ਬਾਜ਼ਾਰ 'ਚ ਮਿਲਦੀਆਂ ਹਨ। ਹੈਪੇਟਾਈਟਸ ਬੀ ਸਬੰਧੀ ਇਲਾਜ ਨਾਲੋਂ ਬਚਾਅ (ਉਪਾਅ ਜਾਂ ਪ੍ਰਹੇਜ) ਹੀ ਵੱਧ ਸਹੀ ਹੈ। ਹੈਪੇਟਾਈਟਸ ਬੀ ਵਾਇਰਸ ਦਾ ਪਤਾ ਲਾਉਣ ਲਈ ਪ੍ਰਭਾਵੀ ਖ਼ੂਨ ਦੀ ਜਾਂਚ ਮੁਹੱਈਆ ਹੈ। ਕਈ ਦਵਾਈਆਂ ਵੀ ਮਿਲਦੀਆਂ ਹਨ। ਇਸ ਰੋਗ ਦੀ ਰੋਕਥਾਮ ਵਜੋਂ ਵੈਕਸ਼ੀਨ ਵੀ ਲਾਈ ਜਾਂਦੀ ਹੈ। ਇਹ ਵਾਇਰਸ ਕਈ ਢੰਗਾਂ ਨਾਲ ਫੈਲ ਸਕਦਾ ਹੈ। ਇਸ 'ਚ ਲਾਰ, ਵੀਰਜ਼, ਯੌਨੀ ਦੇ ਤਰਲ ਸਮੇਤ ਹੋਰ ਸਰੀਰਕ ਤਰਲਾਂ ਦੇ ਮਾਧਿਅਮ ਰਾਹੀਂ ਵੀ ਇਸ ਦਾ ਫੈਲਾਅ ਹੁੰਦਾ ਹੈ। ਇਸ ਬੀਮਾਰੀ ਨਾਲ ਨਿਪਟਨ ਲਈ ਸਭ ਤੋਂ ਵੱਧ ਜ਼ਰੂਰਤ ਚੇਤਨਾ ਫੈਲਾਉਣ ਦੀ ਹੈ। ਇਸ ਬੀਮਾਰੀ ਦੀ ਪਹਿਚਾਣ ਹੋ ਜਾਣ ਨਾਲ ਹੀ 80 ਫੀਸਦੀ ਮਾਮਲਿਆਂ 'ਚ ਬਚਾਅ ਹੋ ਜਾਂਦਾ ਹੈ। ਸਕੂਲ ਅਧਿਆਪਕਾਂ ਦੀ ਜ਼ਿੰਮੇਵਾਰੀ ਇਹ ਵੀ ਹੈ ਕਿ ਉਹ ਇਸ ਬੀਮਾਰੀ ਤੋਂ ਬਚਾਅ ਦੇ ਉਪਾਵਾਂ ਬਾਰੇ ਆਪਣੇ ਵਿਦਿਆਰਥੀਆਂ ਨੂੰ ਦੱਸਣ। ਅਸੀਂ ਬੱਚਿਆਂ ਤੇ ਆਪਣੇ ਬਾਕੀ ਪਰਿਵਾਰਕ ਮੈਂਬਰਾਂ ਨੂੰ ਹੈਪੇਟਾਈਟਸ ਬੀ ਦੀ ਵੈਕਸੀਨ ਦਾ ਟੀਕਾ ਲਵਾ ਸਕਦੇ ਹਾਂ।

**ਹੈਪੇਟਾਈਟਸ-ਏ** : ਇਹ ਇਕ ਵਿਸ਼ਾਣੂ (ਵਾਇਰਸ) ਜਨਤ ਰੋਗ ਹੈ। ਇਸ ਨਾਲ ਜਿਗਰ 'ਚ ਸੋਜ ਆ ਜਾਂਦੀ ਹੈ ਜੋ ਇਸ ਬੀਮਾਰੀ ਦੇ ਵਿਸ਼ਾਣੂਆਂ ਕਾਰਨ ਹੁੰਦੀ ਹੈ। ਇਸ ਨੂੰ ਵਾਇਰਲ ਹੈਪੇਟਾਈਟਸ ਵੀ ਕਿਹਾ ਜਾਂਦਾ ਹੈ। ਜਦ ਜਿਗਰ ਖ਼ੂਨ'ਚੋਂ ਬਿਲੀਰੂਬਿਨ ਨੂੰ ਛਾਣ ਨਹੀਂ ਸਕਦਾ ਤਾਂ ਹੈਪੇਟਾਈਟਸ ਹੋ ਜਾਂਦੈ। ਵੈਸੇ ਹੈਪੇਟਾਈਟਸ ਦੇ ਸਾਰੇ ਰੂਪਾਂ ਵਿਚ ਹੈਪੇਟਾਈਸ-ਏ ਸਭ ਤੋਂ ਘੱਟ ਗੰਭੀਰ ਬੀਮਾਰੀ ਹੈ।ਇਹ ਲਾਗ (ਇਨਫੈਕਸ਼ਨ) ਦਾ ਰੋਗ ਹੈ ਯਾਨੀ ਇਹ ਰੋਗੀ ਦੇ ਸੰਪਰਕ 'ਚ ਆਉਣ ਵਾਲੇ ਸਿਹਤਮੰਦ ਵਿਅਕਤੀ ਨੂੰ ਵੀ ਆਪਣਾ ਸ਼ਿਕਾਰ ਬਣਾ ਸਕਦਾ ਹੈ।

**ਹੈਪੇਟਾਈਟਸ-ਸੀ** : ਇਸ ਰੋਗ ਨੂੰ ਗੰਭੀਰਤਾ ਨਾਲ ਹੀ ਲੈਣਾ ਚਾਹੀਦੈ। ਇਹ ਬਿਮਾਰੀ ਛੁਪ ਕੇ ਜਿਗਰ 'ਚ ਆਪਦਾ ਘਰ ਬਣਾਉਂਦੀ ਹੈ ਅਤੇ ਉਸ ਨੂੰ ਨਿਚੋੜ ਕੇ ਹੀ ਦਮ ਲੈਂਦੀ ਹੈ। ਕਿਸੇ ਬੰਦੇ 'ਚ ਇਹ ਰੋਗ ਹੈਪੇਟਾਈਟਸ-ਸੀ ਰੋਗੀ ਦਾ ਖ਼ੂਨ ਚੜ੍ਹਾਉਣ, ਸਰੀਰਕ ਸਬੰਧ ਬਣਾਉਣ ਤੇ ਹੈਪੇਟਾਈਟਸ-ਸੀ ਰੋਗੀ ਵਲੋਂ ਵਰਤੀ ਗਈ ਸਰਿੰਗ-ਸੂਈ ਦੀ ਦੁਬਾਰਾ ਵਰਤੋਂ ਨਾਲ ਇਹ ਰੋਗ ਹੋ ਜਾਂਦਾ ਹੈ। ਇਸ ਰੋਗ ਦੇ ਲੱਛਣ ਵੀ ਅਕਸਰ ਰੋਗ ਦੇ ਵੱਧ ਫੈਲ ਜਾਣ ਪਿਛੋਂ ਹੀ ਪਤਾ ਲੱਗਦੇ ਹਨ। ਪਰਿਵਾਰ 'ਚ ਕਿਸੇ ਇਕ ਦੇ ਪੀੜਤ ਹੋਣ 'ਤੇ ਹੋਰ ਲੋਕਾਂ ਦੇ ਵੀ ਇਸ ਨਾਲ ਗ੍ਰਸਿਤ ਹੋਣ ਦਾ ਕਫ਼ੀ ਡਰ ਰਹਿੰਦਾ ਹੈ। ਖ਼ੂਨ ਦੀ ਜਾਂਚ ਨਾਲ ਇਸ ਦਾ ਪਤਾ ਲਾਇਆ ਜਾ ਸਕਦਾ ਹੈ। ਇਸ ਰੋਗ ਨਾਲ ਪੀੜਤ 50 ਫੀਸਦੀ ਬੰਦੇ ਇਸ ਰੋਗ ਕਾਰਨ ਜਾਨ ਗਵਾ ਬੈਝਦੇ ਹਨ। ਜੇ ਰੋਗ ਸ਼ੁਰੂਆਤੀ ਪੜਾਅ 'ਤੇ ਫੜਿਆ ਜਾਵੇ ਤਾਂ 90 ਫੀਸਦੀ ਰੋਗੀ ਠੀਕ ਕੀਤੇ ਜਾ ਸਕਦੇ ਹਨ। ਹੈਪੇਟਾਈਟਸ-ਬੀ ਵੀ ਘੱਟ ਖਤਰਨਾਕ ਨਹੀਂ। ਇਲਾਜ ਨਾਲ ਸਿਰਫ਼ 10 ਫੀਸਦੀ ਰੋਗੀ ਹੀ ਠੀਕ ਹੁੰਦੇ ਹਨ। ਉਨ੍ਹਾਂ ਨੂੰ ਵੀ ਜ਼ਿੰਦਗੀ ਭਰ ਦਵਾ 'ਤੇ ਹੀ ਨਿਰਭਰ ਰਹਿਣਾ ਪੈਂਦਾ ਹੈ। ਹੈਪੇਟਾਈਟਸ ਦਾ ਇਲਾਜ ਕਰਵਾਉਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਜਿੰਨੀ ਤੇਜ਼ੀ ਨਾਲ ਇਹ ਰੋਗ ਕਾਬੂ 'ਚ ਆਵੇਗਾ, ਉਨਾ ਹੀ ਘੱਟ ਹਰਜਾ ਬੰਦੇ ਦੇ ਸਰੀਰ ਨੂੰ ਪਹੁੰਚੇਗਾ। ਅੱਜ ਕੱਲ੍ਹ ਇਲਾਜਲਈ ਇੰਟਰਫਿਰੋਨ ਤੇ ਐਂਟੀ-ਵਾਇਰਲ ਦਵਾਈਆਂ ਵਰਤੀਆਂ ਜਾਂਦੀਆ ਹਨ। ਗੰਭੀਰ ਕੇਸਾਂ 'ਚ ਲਿਟਰ ਟਰਾਂਸ ਪਲਾਂਟ ਵੀ ਕੀਤਾ ਜਾਂਦਾ ਹੈ

**ਹੈਪੇਟਾਈਟਸ 'ਏ' ਦੇ ਲੱਛਣ** : ਇਹ ਲੱਛਣ ਪੀਲੀਆ ਰੋਗ ਵਰਗੇ ਹੁੰਦੇ ਹਨ। ਜਿਵੇਂ ਬੁਖ਼ਾਰ, ਖ਼ੁਰਕ, ਭੁੱਖ ਨਾ ਲੱਗਣੀ, ਖਾਣਾ ਵੇਖਦੇ ਹੀ ਜੀ ਕੱਚਾ ਹੋਣਾ, ਉਲਟੀ, ਬਦਨ ਦਰਦ, ਸਿਗਰਟ ਪੀਣ ਵਾਲਿਆਂ ਨੂੰ ਤੰਬਾਕੂ 'ਚ ਰੁਚੀ ਨਾ ਰਹਿਣੀ। ਜਦ ਰੋਗ ਵਧ ਜਾਂਦਾ ਹੈ ਤਾਂ ਪੈਰਾਂ 'ਚ ਸੋਜ ਵਧ ਜਾਂਦੀ ਹੈ ਤੇ ਜੋੜਾਂ 'ਚ ਦਰਦ ਰਹਿਣ ਲੱਗ ਜਾਂਦਾ ਹੈ। ਜੇ ਰੋਗ ਦੀ ਨਾ ਹੋ ਸਕੇ ਤਾ ਜਾਨਲੇਵਾ ਹੋ ਸਕਦਾ ਹੈ। ਰੋਗ ਕਾਰਨ ਜਿਗਰ ਨੂੰ ਵੱਧ ਹਰਜਾ ਹੋ ਜਾਵੇ ਤਾਂ ਰੋਗੀ ਕੋਮਾ (ਬੇਹੋਸ਼ੀ) 'ਚ ਚਲਾ ਜਾਂਦਾ ਹੇ। ਇਸ ਰੋਗ ਤੋਂ ਬਚਾਅ ਲਈਸਾਫ਼ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਇਸ ਦੇ ਬਚਾਅ ਤੋਂ ਵੈਕਸੀਨ ਦਾ ਟੀਕ ਜ਼ਰੂਰ ਲਵਾ ਲੈਣਾ ਚਾਹੀਦਾ ਹੈ। ਦੂਸ਼ਿਤ ਖ਼ੁਰਾਕੀ ਪਦਾਰਥਾਂ 'ਤੇ ਦੂਸ਼ਿਤ ਪਾਣੀ ਤੋਂ ਦੂਰ ਹੀ ਰਹੋ। ਜੰਗਲ ਪਾਣੀ ਜਾਣ ਪਿਛੋਂ ਸਾਬਣ ਨਾਲ ਹੱਥ ਚੰਗੀ ਤਰ੍ਹਾਂ ਜ਼ਰੂਰ ਧੋਵੋ। ਖਾਣਾ ਖਾਣ ਤੋਂ ਪਹਿਲਾਂ ਵੀ ਹੱਥ ਚੰਗੀ ਤਰ੍ਹਾਂ ਸਾਫ਼ ਕਰ ਲਵੋ।

ਜਿਗਰ ਦੀ ਸੋਜ ਨੂੰ ਹੀ ਹੈਪੇਟਾਈਟਸ ਕਿਹਾ ਜਾਂਦਾ ਹੈ। ਸੋਜ ਦਾ ਜ਼ਿੰਮੇਵਾਰ ਇਕ ਖਤਰਨਾਕ ਵਾਇਰਸ ਐਚ. ਸੀ. ਬੀ. ਵੀ ਹੈ। ਇਸ ਨੂੰ ਹੈਪੇਟਾਈਟਸ-ਬੀ ਵਾਇਰਸ ਵੀ ਕਿਹਾ ਜਾਂਦਾ ਹੈ। ਇਹ ਵਾਇਰਸ ਬਣਿਆ ਹੀ ਜਿਗਰ ਦੀ ਬੀਮਾਰੀ ਖਾਤਰ ਹੈ। ਸਰੀਰ 'ਚ ਵਾਇਰਸ ਮੌਜੂਦ ਹੋਵੇ ਤਾਂ ਜਿਗਰ ਅਤੇ ਵਾਇਰਸ ਵਿਚਾਲੇ ਜੰਗ ਚਲਦੀ ਰਹਿੰਦੀ ਹੈ। ਇਹ ਵੀ ਸੰਭਵ ਹੈ ਕਿ ਵਾਇਰਸ-ਬੀ, ਸਰੀਰ ਅੰਦਰ ਰਹਿੰਦੀ ਹੋਵੇ ਵੀ ਜਿਗਰ ਦਾਕੁਝ ਨਾ ਵਿਗਾੜ ਸਕੇ ਪਰ ਜੇ ਇਲਾਜ ਨਾ ਕੀਤਾ ਜਾਵੇ ਤਾਂ ਜਿਗਰ ਭਾਰੀ ਸੰਕਟ 'ਚ ਫਸ ਜਾਵੇਗਾ। ਇਸ ਤੋਂ ਬਚਾਅ ਲਈ ਹੈਪੇਟਾਈਟਸ-ਬੀ ਦੀ ਵੈਕਸੀਨ ਲਵਾ ਲੈਣੀ ਚਾਹੀਦੀ ਹੈ। ਜੇ ਇਨਫੈਕਸ਼ਨ ਇਕ ਵਾਰੀ ਹੋ ਗਈ ਤਾਂ ਇਹ ਵੈਕਸੀਨ ਨੇ ਕੰਮ ਨਹੀਂ ਕਰਨਾ। ਲਿਵਰ ਖ਼ੂਨ 'ਚ ਬਣੇ ਜ਼ਹਿਰੀਲੇ ਪਦਾਰਥ (ਟਾਕਸਿਨ) ਨੂੰ ਹੀ ਨਹੀਂ ਬਲਕਿ ਸਰੀਰ 'ਚੋਂ ਵਾਇਰਸ ਨੂੰ ਬਾਹਰ ਕੱਢਣ ਸੁਟਦਾ ਹੈ। ਜੇ ਅਜਿਹਾ ਨਾ ਹੋ ਸਕੇ ਤਾਂ ਵਾਇਰਸ ਬੀ ਜਿਗਰ 'ਤੇ ਹਮਲੇ ਲਈ ਘਾਤ ਲਾ ਕੇ ਬੈਠ ਜਾਂਦਾ ਹੈ। ਵਾਇਰਸ ਦੀ ਇਨਫੈਕਸ਼ਨ ਮੂਹਰੇ ਜਿਗਰ ਵਲੋਂ ਗੋਡੇ ਟੇਕਣ ਦੀ ਨੌਬਤ ਆਉਣ ਤੋਂ ਪਹਿਲਾਂ ਬਚਾਅ ਹੀ ਇਕ ਤਰੀਕਾ ਹੈ। ਹੈਪੇਟਾਈਟਸ ਬੀ ਵਾਇਰਸ ਗੈਰ ਸਰਗਰਮੀ ਦੀ ਹਾਲਤ 'ਚ ਜਿਗਰ ਦਾ ਕੁਝ ਨਹੀਂ ਵਿਗਾੜ ਸਕਦਾ ਹੈ ਪਰ ਲਿਵਰ ਸਿਰੋਸਿਸ ਤੇ ਕੈਂਸਰ ਦਾ ਖਤਰਾ ਵਾਇਰਸ ਦੇ ਸਰਗਰਮ ਹੋਣ ਨਾਲ ਬਣਿਆ ਰਹਿੰਦਾ ਹੈ। ਜੇ ਵਾਇਰਸ ਸਰੀਰ 'ਚ ਹੈ ਤਾਂ ਸਾਲ 'ਚ ਇਕ ਵਾਰ ਜਾਂਚ ਕਰਵਾ ਕੇ ਇਹ ਪਤਾ ਚਲਦਾ ਰਹਿੰਦਾ ਹੈ ਕਿ ਵਾਇਰਸ ਕਿਸ ਹਾਲ ਵਿਚ ਹੈ।

ਹੈਪੇਟਾਈਸ 'ਬੀ' ਦੇ ਕਾਰਨ : ਉਹੀ ਹਨ ਜੋ ਐਚ ਐਚ.ਆਈ. ਵੀ. ਦੇ ਹੁੰਦੇ ਹਨ। ਤਾਜ਼ਾ ਇਨਫੈਕਸ਼ਨ ਨਾਲ ਕੋਈ ਲੱਛਣ ਸਾਹਮਣੇ ਨਹੀਂ ਆਉਂਦਾ। ਇਹ ਵਾਇਰਸ 6 ਮਹੀਨੇ ਤੱਕ ਲੱਛਣ ਤੋਂ ਰਹਿਤ ਰਹਿ ਸਕਦਾ ਹੈ। ਇਸ ਦੇ ਸ਼ੁਰੂਆਤੀ ਲੱਛਣ ਅਜਿਹੇ ਹੁੰਦੇ ਹਨ-ਭੁੱਖ ਦੀ ਕਮੀ, ਸਭ ਤੋਂ ਪਹਿਲਾ ਲੱਛਣ ਹੈ ਜੋ ਮਹੱਤਵਪੂਰਨ ਹੁੰਦਾ ਹੈ। ਥਕਾਵਟ, ਹਲਕਾ ਬੁਖ਼ਾਰ, ਜੋੜਾਂ ਤੇ ਪੱਠਿਆਂ ਦਾ ਦਰਦ, ਜੀ ਕੱਚਾ ਹੋਣਾ, ਉਲਟੀ, ਚਮੜੀ ਤੇ ਅੱਖਾਂ ਦਾ ਪੀਲਾਪਣ ਅਤੇ ਪੇਸ਼ਾਬ ਦਾ ਰੰਗ ਕਾਲਜ ਜਾਂ ਪੀਲਾ ਹੋਣ ਲੱਗਦਾ ਹੈ ਆਦਿ ਇਸ ਬੀਮਾਰੀ ਦੇ ਮੁੱਖ ਲੱਛਣ ਹੁੰਦੇ ਹਨ। ਜੇ ਤੁਹਾਡਾ ਸਰੀਰ ਇਸ ਵਾਇਰਸ ਦੀ ਇਨਫੈਕਸ਼ਨ ਨਾਲ ਲੜਨ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਇਹ ਲੱਛਣ ਖਤਮ ਹੋ ਜਾਂਦੇ ਹਨ। ਜੋ ਲੋਕ ਇਸ ਇਨਫੈਕਸ਼ਨ ਤੋਂ ਕਦੇ ਮੁਕਤ ਨਹੀਂ ਹੋ ਪਾਂਦੇ, ਇਸੇ ਨੂੰ ਕ੍ਰੋਨਿਕ ਜਾਂ ਲੰਮੇ ਸਮੇਂ ਤੱਕ ਦਾ ਰੋਗ ਕਿਹਾ ਜਾਂਦਾ ਹੈ। ਸੰਭਓ ਹੈ ਕਿ ਤੁਹਾਨੂੰ ਇਸ ਗੱਲ ਦਾ ਗਿਆਨ ਨਾ ਹੋ ਸਕੇ ਕਿ ਤੁਹਾਡੇ ਅੰਦਰ ਵਾਇਰਸ ਹੈ। ਲੰਮੇ ਸਮੇਂ ਪਿਛੋਂ ਇਸ ਗੱਲ ਦਾ ਪਤਾ ਉਦੋਂ ਲਗਦਾ ਹੈ ਜਦੋਂ ਤੁਹਾਡੇ ਸਰੀਰ ਨੂੰ ਹਰਜਾ ਹੋਣ ਲਗਦਾ ਹੈ, ਫੇਰ ਇਹ ਲਿਵਰ ਸਿਰੋਸਿਸ ਤੱਕ ਪੁੱਜ ਜਾਂਦਾ ਹੈ। ਹੈਪੇਟਾਈਟਸ-ਬੀ ਵੀ ਦੂਸ਼ਿਤ ਖ਼ੂਨ, ਦੂਸ਼ਿਤ ਸੂਈਆਂ, ਅਸੁਰੱਖਿਅਤ ਯੌਨ ਸਬੰਧਾਂ ਕਰਕੇ ਹੁੰਦਾ ਹੈ। ਬੱਚਜਾ ਮਾਂ ਦੇਪੇਟ 'ਚ ਹੋਵੇ ਤਾਂ ਵੀ ਇਹ ਵਾਇਰਸ ਇਨਫੈਕਸ਼ਨ ਉਹ ਲੈ ਸਕਦਾ ਹੈ।

**ਹੈਪੇਟਾਈਟਸ-ਸੀ ਤੋਂ ਬਚਾਅ** : ਜ਼ਖ਼ਮ ਖੁੱਲ੍ਹਾ ਨਾ ਛੱਡੋ। ਕਿਸ ਦੇ ਟੁਥ ਬਰਸ਼, ਰੇਜ਼ਰ, ਸੂਈ, ਸਰਿੰਜ, ਨੇਲ ਪਾਲਸ਼, ਕੈਂਚੀ ਜਾਂ ਹੋਰ ਚੀਜ਼ਾਂ ਜੋ ਖ਼ੂਨ ਦੇ ਸੰਪਰਕ 'ਚ ਆਉਂਦੀਆਂ ਹਨ, ਸਾਂਝੀਆਂ ਨਾ ਕਰੋ। ਨਵਜਾਤ ਬੱਚੇ ਨੂੰ ਬਚਾਅ ਦਾ ਟੀਕਾ ਜ਼ਰੂਰ ਲਵਾਓ। ਵਾਇਰਸ ਤੋਂ ਨਿਸ਼ਚਿਤ ਹੋਣ ਲਈ ਸਕਰੀਨਿੰਗ ਟੈਸਟ ਜ਼ਰੂਰੀ ਹੈ। ਘਰ ਦੇ ਸਾਰੇ ਮੈਂਬਰ ਵੈਕਸੀਨ ਜ਼ਰੂਰ ਲਵਾਓ। ਇਨਫੈਕਸ਼ਨ ਹੋ ਜਾਣ ਪਿਛੋਂ ਵੈਕਸੀਨ ਟੀਕਾ ਕੰਮ ਨਹੀਂ ਕਰਦਾ।

**ਹੈਪੇਟਾਈਟਸ ਦਾ ਇਲਾਜ** : ਵਾਇਰਸ ਰੋਕੂ ਦਵਾਈਆਂ ਨਾਲ ਕੀਤਾ ਜਾਂਦਾ ਹੈ। ਇਹ ਦਵਾਈਆਂ ਖ਼ੂਨ 'ਚ ਵਾਇਰਸ ਦੀ ਮਾਤਰਾ ਘਟਾਉਂਦੀਆਂ ਹਨ ਜਿਸ ਨਾਲ ਲਿਵਰ ਸਿਰੋਸਿਸ ਤੇ ਲਿਵਰ ਕੈਂਸਰ ਦਾ ਖਤਰਾ ਘੱਟ ਹੋ ਜਾਂਦਾ ਹੈ।

## ਐਸ. ਐਫ਼. ਐਸ. ਅਤੇ ਏ. ਬੀ. ਵੀ. ਪੀ. ਵਿਚਾਲੇ ਝੜਪ, ਵਿਦਿਆਰਥੀਆਂ ਦੀ ਪੱਗ ਲਾਹੀ



*ਅੱਜ ਸਾਨੂੰ ਫੈਸਲਾ ਕਰਨਾ ਪਵੇਗਾ ਕਿ ਇਸ ਮੁਲਕ ਦੇ ਬਸ਼ਿੰਦਿਆਂ ਵਜੋਂ ਰਾਸ਼ਟਰ ਪ੍ਰਤੀ ਸਾਡੀ ਬਚਨਬੱਧਤਾ ਦਾ ਪੈਮਾਨਾ ਕੀ ਸਿਰਫ਼ ਘਿਸੇ-ਪਿਟੇ ਨਾਹਰੇ ਲਾਉਣਾ ਹੀ ਰਹਿ ਗਿਆ ਹੈ; ਉਹ ਵੀ ਉਨ੍ਹਾਂ ਲੋਕਾਂ ਦੇ ਕਹੇ ਮੁਤਾਬਕ ਜਿਨ੍ਹਾਂ ਦਾ ਮੁੱਖ ਮਨਸੂਬਾ ਮੌਜੂਦਾ ਸਿਆਸੀ ਪ੍ਰਣਾਲੀ ਰਾਹੀਂ ਸੱਤਾ 'ਤੇ ਕਬਜ਼ਾ ਕਰਨ ਤੱਕ ਅਤੇ ਜੋ ਲੋਕ ਇਹ ਨਾਹਰੇ ਨਹੀਂ ਲਾਉਂਦੇ ਉਨ੍ਹਾਂ ਨੂੰ ਦੇਸ਼-ਧਰੋਹੀ ਕਹਿ ਕੇ ਭੰਡਣ ਤੱਕ ਸੀਮਿਤ ਹੈ। ਜਾਂ ਫਿਰ ਅਸੀਂ ਰਾਸ਼ਟਰ ਪ੍ਰਤੀ ਸਾਡੇ ਅਕੀਦੇ ਨੂੰ ਇਸ ਢੰਗ ਨਾਲ ਮੁੜ ਦੁਹਰਾਈਏ ਕਿ ਕਿਵੇਂ ਅਸੀਂ ਇਸ ਰਾਸ਼ਟਰ ਨੂੰ ਇੱਕ ਅਜਿਹਾ ਸਮਾਜ ਬਣਾ ਸਕਦੇ ਹਾਂ ਜਿਸ ਵਿੱਚ ਹਰ ਨਾਗਰਿਕ ਦੀ ਜ਼ਿੰਦਗੀ ਜਿਉਣਯੋਗ ਹੋਵੇ; ਇੱਕ ਸਮਾਜ ਜੋ ਧਰਮ-ਨਿਰਪੇਖ ਜਮਹੂਰੀ ਕਦਰਾਂ-ਕੀਮਤਾਂ ਦਾ ਹਮਾਇਤੀ ਹੋਵੇ, ਜੋ ਸਭ ਲਈ ਰੋਜ਼ੀ ਰੋਟੀ ਦੇ ਸਾਧਨ ਯਕੀਨੀ ਬਣਾਵੇ ਅਤੇ ਜੋ ਸਮਾਜਿਕ ਨਿਆਂ ਦੇ ਹਰ ਨਾਗਰਿਕ ਦੇ ਅਧਿਕਾਰਾਂ ਦੀ ਹਾਮੀ ਭਰੇ। ਅਜਿਹਾ ਖਾਸੇ ਵਾਲੇ ਸਮਾਜ 'ਚੋਂ ਸਾਡੇ ਮੁਲਕ ਦੇ ਵਧੇਰੇ ਸ਼ਾਨਦਾਰ ਭਵਿੱਖ ਦੀ ਝਲਕ ਪਵੇਗੀ। ਚੋਣ ਅਸੀਂ ਅਸਾਡੀ ਹੈ।*

ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਵਿਚ ਏ.ਬੀ.ਵੀ.ਪੀ. ਵੱਲੋਂ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ 'ਤੇ ਕੀਤੇ ਗਏ ਹਮਲੇ ਦਾ ਮਾਮਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇਕ ਪਾਸੇ ਆਰ.ਐਸ.ਐਸ. ਅਤੇ ਭਾਜਪਾ ਨਾਲ ਸਬੰਧਤ ਏ.ਬੀ.ਵੀ.ਪੀ. ਵੱਲੋਂ ਕੀਤੀ ਹਿੰਸਾ ਸਬੰਧੀ ਟਵਿੱਟਰ ਜੰਗ ਚੱਲ ਰਹੀ ਹੈ। ਦੂਜੇ ਪਾਸੇ, ਦਿੱਲੀ ਵਿਚ ਹੋਈ ਹਿੰਸਾ ਦਾ ਸੇਕ ਹੁਣ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਤਕ ਵੀ ਪਹੁੰਚ ਗਿਆ ਹੈ। ਪੰਜਾਬ ਯੂਨੀਵਰਸਟੀ ਵਿਚ ਅੱਜ ਵਿਦਿਆਰਥੀਆਂ ਲਈ ਸੰਘਰਸ਼ਸ਼ੀਲ ਜਥੇਬੰਦੀ ਸਟੂਡੈਂਟ ਫ਼ਾਰ ਸੁਸਾਇਟੀ (ਐਸ.ਐਫ਼.ਐਸ.) ਅਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਵਿਚਾਲੇ ਝੜਪ ਹੋ ਗਈ। ਇਹ ਮਾਮਲਾ ਉਸ ਸਮੇਂ ਵਾਪਰਿਆ ਜਦੋਂ ਐਸ.ਐਫ਼.ਐਸ. ਦੇ ਪ੍ਰਧਾਨ ਦਮਨਪ੍ਰੀਤ ਪੱਤਰਕਾਰਾਂ ਨਾਲ ਰਾਮਜਸ ਦੀ ਹਿੰਸਾ ਸਬੰਧੀ ਆਪਣਾ ਪੱਖ ਰੱਖ ਰਹੇ ਸਨ। ਐਸ.ਐਫ਼.ਐਸ. ਦੇ ਆਗੂ ਅਰਸ਼ਦੀਪ ਨੇ ਦਸਿਆ ਕਿ ਰਾਮਜਸ ਕਾਲਜ 'ਚ ਕੀਤੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਏ.ਬੀ.ਵੀ.ਪੀ. ਦੇ ਰੱਖੇ ਮਾਰਚ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਐਸ.ਐਫ਼.ਐਸ. ਦਾ ਪੱਖ ਜਾਨਣਾ ਚਾਹਿਆਂ ਤਾਂ ਏਬੀਵੀਪੀ ਦੇ ਆਗੂਆਂ ਨੇ ਦਮਨਪ੍ਰੀਤ ਸਿੰਘ ਅਤੇ ਰਵਿੰਦਰ ਸਿੰਘ 'ਤੇ ਹਮਲਾ ਕਰ ਦਿਤਾ ਅਤੇ ਉਨ੍ਹਾਂ ਦੀਆਂ ਪੱਗਾਂ ਲਾਹ ਦਿਤੀਆਂ।

ਮੌਕੇ 'ਤੇ ਮੌਜੂਦ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਦਮਨਪ੍ਰੀਤ ਨੇ ਰਾਮਜਸ ਕਾਲਜ ਵਿਚ ਹੋਈ ਹਿੰਸਾ ਦੀ ਨਿਖੇਧੀ ਕੀਤੀ ਤਾਂ ਏ.ਬੀ.ਵੀ.ਪੀ. ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ ਅਤੇ ਦੋਵਾਂ ਧਿਰਾਂ ਵਿਚਾਲੇ ਹੱਥੋਪਾਈ ਹੋ ਗਈ।

ਜਦੋਂ ਇਹ ਘਟਨਾ ਵਾਪਰੀ ਉਸ ਸਮੇਂ ਪੁਲੀਸ ਵੀ ਮੌਜੂਦ ਸੀ। ਉਸ ਨੇ ਦੋਵਾਂ ਧਿਰਾਂ ਦੇ ਅੱਧੀ ਦਰਜਨ ਦੇ ਕਰੀਬ ਕਾਰਕੁਨਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਚੰਡੀਗੜ੍ਹ ਦੇ ਸੈਕਟਰ 11 ਦੀ ਪੁਲੀਸ ਵਲੋਂ ਹਿਰਾਸਤ ਵਿਚ ਲਏ ਵਿਦਿਆਰਥੀਆਂ ਵਿਚ ਸਟੂਡੈਂਟ ਫ਼ਾਰ ਸੁਸਾਇਟੀ ਦੇ ਦਮਨਪ੍ਰੀਤ ਸਿੰਘ, ਰਵਿੰਦਰ ਸਿੰਘ, ਰਮਨਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਸ਼ਾਮਲ ਹਨ।

ਵੱਖ-ਵੱਖ ਲੋਕ ਪੱਖੀ ਜਥੇਬੰਦੀਆਂ ਨੇ ਆਰ.ਐਸ.ਐਸ. ਅਤੇ ਭਾਜਪਾ ਦੀ ਸਰਪ੍ਰਸਤੀ ਅਧੀਨ ਕੰਮ ਕਰਦੀ ਏਬੀਵੀਪੀ ਦੀ ਹਿੰਸਾ ਦੀ ਨਿਖੇਧੀ ਕੀਤੀ ਹੈ।

ਕੰਵਲਜੀਤ ਖੰਨਾ : ਇਨਕਲਾਬੀ ਕੇਂਦਰ ਪੰਜਾਬ ਸੰਘੀ ਲਾਣੇ ਦੇ ਭਗਵਾਂ ਬਰਗੇਡ ਏਬੀਵੀਪੀ ਵੱਲੋਂ ਵਿਦਿਆਰਥੀ ਹਿੱਤਾਂ ਲਈ ਸੰਘਰਸ਼ਸ਼ੀਲ ਐਸ ਐਫ ਐਸ ਦੇ ਆਗੂਆਂ ਉੱਪਰ ਕੀਤੇ ਹਮਲੇ ਦੀ ਸਖਤ ਸ਼ਬਦਾਂ ਚ ਨਿਖੇਧੀ ਕਰਦਾ ਹੈ।

ਬੂਟਾ ਸਿੰਘ ਨਵਾਂ ਸ਼ਹਿਰ : ਸੰਘ ਬਰਗੇਡ ਦੇ ਵਿਚਾਰਾਂ ਦੀ ਆਜ਼ਾਦੀ ਉੱਪਰ ਵੱਧ ਰਹੇ ਫਾਸ਼ੀਵਾਦੀ ਹਮਲਿਆਂ ਦਾ ਇਕੱਠੇ ਹੋਕੇ ਵਿਰੋਧ ਕਰੋ। ਜਮਹੂਰੀ ਅਧਿਕਾਰ ਸਭਾ ਇਸ ਇਸ ਫਾਸ਼ੀਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਅਦਾਰਾ ਸਰੋਕਾਰਾਂ ਦੀ ਆਵਾਜ਼ ਇਸ ਘਿਣਾਉਣੀ ਹਰਕਤ ਦੀ ਨਿਖੇਧੀ ਕਰਦਾ ਹੈ।

ਕਾਂਤੀਕਾਰੀ ਮਜ਼ਦੂਰ ਯੂਨੀਅਨ ਇਸ ਫਾਸ਼ੀਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।

ਪੰਜਾਬ ਯੂਨੀਵਰਸਿਟੀ ਵਿਚ ਸੰਘੀ ਬ੍ਰਿਗੇਡ ਏ.ਬੀ.ਵੀ.ਪੀ. ਵਲੋਂ ਵਿਦਿਆਰਥੀਆਂ ਦੀ ਸ਼ੰਘਰਸ਼ਸ਼ੀਲ ਜਥੇਬੰਦੀ ਛ6ਛ ਦੇ ਆਗੂਆਂ ਤੇ ਕੀਤੇ ਹਮਲੇ ਦੀ ਇਨਕਲਾਬੀ ਲੋਕ ਮੋਰਚੇ ਵਲੋਂ ਸਖਤ ਸਬਦਾਂ ਚ ਨਿਖੇਧੀ ਕੀਤੀ ਜਾਂਦੀ ਹੈ ਤੇ ਸਾਰੀਆਂ ਅਗਾਂਹਵਧੂ ਤੇ ਇਨਕਲਾਬੀ ਤਾਕਤਾਂ ਨੂੰ ਸੱਦਾ ਦਿੰਦਾ ਹੈ ਕਿ ਸੰਘ ਬ੍ਰਿਗੇਡ ਦੇ ਇਸ ਗੁੰਡਾ ਟੋਲੇ ਵਿਰੁੱਧ ਡਟ ਕੇ ਮੈਦਾਨ 'ਚ ਨਿਤਰੋ!! ਨਿਤਰੋ!

# ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਮੰਦਭਾਗਾ ਵਰਤਾਰਾ

**ਸੁਖਵਿੰਦਰ**

ਭਾਰਤ 'ਚ ਹੋਏ ਸਰਮਾਏਦਾਰਾ ਵਿਕਾਸ ਦੀ ਬਦੌਲਤ ਇੱਥੋਂ ਦੇ ਪਿੰਡਾਂ 'ਚ ਉਜ਼ਰਤੀ ਮਜ਼ਦੂਰਾਂ ਦੀ ਵੱਡੀ ਸੰਖਿਆਂ ਹੋਂਦ 'ਚ ਆਈ ਹੈ। ਜਗੀਰੂ ਯੁੱਗ ਤੋਂ ਹੀ ਬੇਜ਼ਮੀਨੇ ਚਲੇ ਆ ਰਹੇ ਦਲਿਤਾਂ ਤੋਂ ਇਲਾਵਾ ਕਿਸਾਨ ਅਤੇ ਹੋਰ ਛੋਟੇ ਮੋਟੇ ਧੰਦਿਆਂ 'ਚੋਂ ਬਾਹਰ ਹੋਏ ਲੋਕ ਇਸ ਜਮਾਤ 'ਚ ਸ਼ਾਮਿਲ ਹਨ। ਭਾਰਤ ਦੇ ਮਜ਼ਦੂਰਾਂ ਦਾ ਅੱਛਾ ਖਾਸਾ ਹਿੱਸਾ ਪੇਂਡੂ ਮਜ਼ਦੂਰਾਂ ਦਾ ਹੈ। ਇਹ ਗੈਰ-ਜਥੇਬੰਦ ਖੇਤਰ ਦੇ ਮਜ਼ਦੂਰ ਹਨ ਜਿੱਥੇ ਨਾ ਤਾਂ ਪੱਕੇ ਰੁਜ਼ਗਾਰ ਦਾ ਹੀ ਕੋਈ ਠਿਕਾਣਾ ਹੈ ਅਤੇ ਨਾ ਹੀ ਕਿਰਤ ਕਨੂੰਨਾਂ ਜੇਹੀ ਕੋਈ ਸ਼ੈਅ। ਨਤੀਜ਼ੇ ਵਜੋਂ ਇਹ ਮਜ਼ਦੂਰ ਬੇਹੱਦ ਨਿਗੂਣੀਆਂ ਉਜ਼ਰਤਾਂ 'ਤੇ ਆਪਣੀ ਕਿਰਤ ਲੁਟਾਉਣ ਲਈ ਮਜ਼ਬੂਰ ਹਨ। ਆਪਣੀਆਂ ਛੋਟੀਆਂ ਜ਼ਰੂਰਤਾਂ ਦੀ ਪੂਰਤੀ ਲਈ ਇਹ ਜਮਾਤ ਮੁੱਖ ਤੌਰ 'ਤੇ ਕਰਜ਼ੇ ਦੇ ਗੈਰ ਸੰਸਥਾਗਤ ਸ੍ਰੋਤਾਂ 'ਤੇ ਨਿਰਭਰ ਹੈ, ਜਿੱਥੇ ਸ਼ਾਹੂਕਾਰ ਬੇਹੱਦ ਉੱਚੀਆਂ ਵਿਆਜ਼ ਦਰਾਂ 'ਤੇ ਇਹਨਾਂ ਦੀ ਬੇਰਿਹਮ ਲੁੱਟ, ਦੁੱਖਾਂ ਤਕਲੀਫ਼ਾਂ ਦੀ ਚਰਚਾ ਗਾਇਬ ਰਹਿੰਦੀ ਹੈ। ਅਕਸਰ ਇਸ ਜਮਾਤ ਦੇ ਮੰਗਾਂ ਮਸਲਿਆਂ ਨੂੰ ਮਾਲਕ ਕਿਸਾਨੀ ਤੋਂ ਬਾਅਦ ਰੂੰਘੇ ਦੇ ਰੂਪ 'ਚ ਥਾਂ ਮਿਲ਼ਦੀ ਹੈ। ਪੇਂਡੂ/ਖੇਤ ਮਜ਼ਦੂਰ ਜਥੇਬੰਦੀਆਂ ਨੂੰ ਅਕਸਰ ਮਾਲਕ (ਧਨੀ) ਕਿਸਾਨ ਜਥੇਬੰਦੀਆਂ ਦੀ ਪੂਛ ਬਣਾ ਦਿੱਤਾ ਜਾਂਦਾ ਹੈ। ਪੇਂਡੂ/ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਅਤੇ ਉਹਨਾਂ ਦੇ ਕਾਰਨਾਂ ਦੀ ਚਰਚਾ ਵੀ ਅਕਸਰ ਘੱਟ ਹੁੰਦੀ ਹੈ। ਸਰਕਾਰੀ ਕਮਿਸ਼ਨਾਂ ਨੇ ਵੀ ਅਕਸਰ ਖੇਤ ਮਜ਼ਦੂਰਾਂ 'ਚ ਖੁਦਕੁਸ਼ੀਆਂ ਦੇ ਰੁਝਾਨ ਨੂੰ ਨਜ਼ਰਅੰਦਾਜ਼ ਕੀਤਾ ਹੈ। ਹੁਣ ਕੌਮੀ ਜੁਰਮ ਰਿਕਾਰਡ ਬਿਊਰੋ ਨੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਇੱਕ ਰਿਪੋਰਟ ਜ਼ਾਰੀ ਕੀਤੀ ਹੈ, ਜਿਸ 'ਚੋਂ ਇੱਕ ਦਰਦਨਾਕ ਤਸਵੀਰ ਉੱਭਰਕੇ ਸਾਹਮਣੇ ਆਈ ਹੈ।


ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ) ਦੀ ਤਾਜ਼ਾ ਰਿਪੋਰਟ 'ਭਾਰਤ ਵਿੱਚ ਖੁਦਕੁਸ਼ੀਆਂ ਅਤੇ ਦੁਰਘਟਨਾਵਾਂ 'ਚ ਮੌਤਾਂ 2015' ਸਾਹਮਣੇ ਆਈ ਹੈ। ਜਿਸ ਵਿੱਚ ਬਿਊਰੋ ਨੇ ਪਹਿਲੀ ਵਾਰ ਭਾਰਤ 'ਚ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅੰਕੜਿਆਂ ਅਤੇ ਇਸਦੇ ਕਾਰਨਾਂ ਉੱਪਰ ਚਾਨਣਾ ਪਾਇਆ ਹੈ। ਬਿਊਰੋ ਦੇ ਅੰਕੜਿਆਂ ਮੁਤਾਬਕ 2015 'ਚ ਭਾਰਤ 'ਚ 4595 ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਇਹਨਾਂ ਖੁਦਕੁਸ਼ੀਆਂ ਦੀ ਬਿਊਰੋ ਨੇ ਕਾਰਨਾਂ ਮੁਤਾਬਕ ਇਸ ਤਰ੍ਹਾਂ ਵੰਡ ਕੀਤੀ ਹੈ:-

| ਖੇਤ ਮਜ਼ਦੂਰ ਖੁਦ ਨੂੰ ਕਿਉਂ ਮਾਰ ਰਹੇ ਹਨ | |
|---|---|
| ਗਰੀਬੀ | 178 |
| ਜਇਦਾਦ ਸਬੰਧੀ ਝਗੜੇ | 93 |
| ਵਿਆਹ ਨਾਲ਼ ਸਬੰਧਤ ਮਸਲੇ | 90 |
| ਪਰਿਵਾਰਕ ਸਮੱਸਿਆਵਾਂ | 1843 |
| ਨਜ਼ਦੀਕੀ ਦੀ ਮੌਤ | 28 |
| ਬਿਮਾਰੀ | 872 |
| ਨਸ਼ੇ | 312 |
| ਸਮਾਜੀ ਰੁਤਬੇ 'ਚ ਗਿਰਾਵਟ | 19 |
| ਸੰਸਥਾਗਤ ਵਿੱਤੀ ਸੰਸਥਾਵਾਂ ਦਾ ਕਰਜ਼ਾ/ਦੀਵਾਲੀਆਪਣ | 155 |
| ਗੈਰ ਸੰਸਥਾਗਤ ਵਿੱਤੀ ਸੰਸਥਾਵਾਂ/ਸ਼ਾਹੂਕਾਰਾਂ ਦਾ ਕਰਜ਼ਾ/ਦੀਵਾਲੀਆਪਣ | 100 |
| ਸ਼ਰੀਰਕ ਸ਼ੋਸ਼ਣ (ਬਲਾਤਕਾਰ ਵਗੈਰਾ) | 9 |
| ਹੋਰ ਕਾਰਨ | 615 |
| ਅਣਜਾਣੇ ਕਾਰਨ | 281 |
| ਕੁੱਲ | 4595 |



ਬਿਊਰੋ ਨੇ ਏਥੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਕਾਰਨਾਂ ਦੀ ਜਿਸ ਢੰਗ ਨਾਲ਼ ਵੰਡ ਕੀਤੀ ਹੈ ਉਹ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮੂਲ ਕਾਰਨਾਂ 'ਤੇ ਪਰਦਾ ਹੀ ਪਾਉਂਦੀ ਹੈ। ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਉਹ ਭਿਅੰਕਰ ਗਰੀਬੀ ਹੈ ਜਿਸ 'ਚ ਕਰੋੜਾਂ ਖੇਤ ਮਜ਼ਦੂਰ ਜਿਉਂ ਰਹੇ ਹਨ। ਬੇਹੱਦ ਘੱਟ ਉਜ਼ਰਤਾਂ ਨਿਯਮਤ ਰੁਜ਼ਗਾਰ ਦਾ ਨਾ ਹੋਣਾ, ਮਜ਼ਦੂਰਾਂ ਨੂੰ ਇਸ ਭਿਅੰਕਰ ਗਰੀਬੀ ਦੇ ਮੂੰਹ ਧੱਕਦੇ ਹਨ। ਉੱਪਰ ਬਿਊਰੋ ਨੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਕਾਰਨਾਂ ਦੀ ਜੋ ਵੰਡ ਕੀਤੀ ਹੈ ਇਸ ਨੂੰ ਜੇ ਗਹੁ ਨਾਲ਼ ਦੇਖਿਆ ਜਾਵੇ ਤਾਂ ਇਹਨਾਂ 'ਚੋਂ ਜ਼ਿਆਦਾਤਰ ਕਾਰਨਾਂ ਦੇ ਮੂਲ 'ਚ ਗਰੀਬੀ ਹੈ। ਬਿਮਾਰੀ, ਨਸ਼ੇ ਵੱਖ-ਵੱਖ ਤਰ੍ਹਾਂ ਦਾ ਕਰਜ਼ਾ ਆਦਿ ਦੀ ਜੜ੍ਹ 'ਚ ਗਰੀਬੀ ਹੀ ਹੈ। ਬਿਊਰੋ ਮੁਤਾਬਕ ਪਰਿਵਾਰਕ ਸਮੱਸਿਆਵਾਂ ਕਾਰਨ ਸਭ ਤੋਂ ਵੱਧ ਖੇਤ ਮਜ਼ਦੂਰਾਂ (1843, 40%) ਨੇ ਖੁਦਕੁਸ਼ੀ ਕੀਤੀ ਹੈ। ਪਰਿਵਾਰਕ ਸਮੱਸਿਆਵਾਂ ਜੋ ਖੇਤ ਮਜ਼ਦੂਰਾਂ ਨੂੰ ਖੁਦਕੁਸ਼ੀਆਂ ਲਈ ਮਜ਼ਬੂਰ ਕਰਦੀਆਂ ਹਨ। ਆਮ ਕਰਕੇ ਗਰੀਬੀ 'ਚੋਂ ਹੀ ਉਪਜਦੀਆਂ ਹਨ। ਬਿਊਰੋ ਨੇ ਆਪਣੀ ਉਪਰੋਕਤ ਰਿਪੋਰਟ 'ਚ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਸਬੰਧੀ ਇੱਕ ਹੋਰ ਪੱਖ ਸਾਹਮਣੇ ਲਿਆਂਦਾ ਹੈ। ਉਹ ਪੱਖ ਇਹ ਹੈ ਕਿ ਖੇਤ ਮਜ਼ਦੂਰ ਸ਼ਾਹੂਕਾਰਾ ਕਰਜ਼ੇ ਕਾਰਨ ਕਿਸਾਨਾਂ ਨਾਲ਼ੋਂ ਵਧੇਰੇ ਖੁਦਕੁਸ਼ੀਆਂ ਕਰਦੇ ਹਨ। ਰਿਪੋਰਟ ਮੁਤਾਬਕ ਸ਼ਾਹੂਕਾਰਾ ਕਰਜ਼ੇ ਕਾਰਨ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਕੁੱਲ ਖੁਦਕੁਸ਼ੀਆਂ 'ਚ ਅਨੁਪਾਤ 40% ਹੈ ਜੋ ਕਿ ਇਸੇ ਕਾਰਨ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਨਾਲ਼ੋਂ (3097 'ਚੋਂ 302 ਜਾਂ 10% ਤੋਂ ਵੀ ਘੱਟ) ਕਿਤੇ ਵਧੇਰੇ ਹੈ। ਖੇਤ ਮਜ਼ਦੂਰਾਂ ਦੀਆਂ ਖੁਦਕਕੁਸ਼ੀਆਂ ਬਾਰੇ ਇਹ ਇੱਕ ਮਹੱਤਵਪੂਰਨ ਤੱਥ ਹੈ ਜਿਸ ਦੀ ਕਿ ਮੁੱਖ ਧਾਰਾਈ ਮੀਡੀਆ ਅਤੇ ਖੱਬੀ ਲਹਿਰ ਅਤੇ ਉਸ ਦੇ ਸਾਹਿਤ 'ਚ ਅਕਸਰ ਘੱਟ ਚਰਚਾ ਹੁੰਦੀ ਹੈ। ਖੱਬੀ ਲਹਿਰ ਦੀਆਂ ਜ਼ਿਆਦਾਤਰ ਸਰਗਰਮੀਆਂ ਅਤੇ ਸਾਹਿਤ ਤਾਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਨਾਲ਼ ਹੀ ਭਰਿਆ ਰਹਿੰਦਾ ਹੈ। ਕਿਸਾਨਾਂ ਦੇ ਮਾਮਲੇ 'ਚ ਦੇਖਿਆ ਜਾਵੇ ਤਾਂ ਉਹਨਾਂ ਕੋਲ਼ ਆਵਦਾ ਕਰਜ਼ਾ ਲਾਹੁਣ ਜੋਗੇ ਸਾਧਨ ਹੁੰਦੇ ਹਨ। ਅਕਸਰ ਦੇਖਿਆ ਗਿਆ ਹੈ ਕਿ ਕਿਸਾਨਾਂ ਕੋਲ਼ ਜੋ ਜ਼ਮੀਨ ਦੀ ਮਾਲਕੀ ਅਤੇ ਹੋਰ ਸਾਧਨ ਹੁੰਦੇ ਹਨ, ਉਸ ਦੀ ਨਿਸਬਤ ਉਹਨਾਂ ਉੱਪਰ ਕੁੱਲ ਕਰਜ਼ ਬਹੁਤ ਘੱਟ ਹੁੰਦਾ ਹੈ। ਫਿਰ ਵੀ ਉਹ ਕਰਜ਼ੇ ਕਾਰਨ ਖੁਦਕੁਸ਼ੀ ਕਰਦੇ ਹਨ ਤਾਂ ਇਹ ਤੱਥ ਵਧੇਰੇ ਵਿਆਖਿਆ ਦੀ ਮੰਗ ਕਰਦਾ ਹੈ ਕਿ ਉਹ ਆਵਦੀ ਜ਼ਮੀਨ ਜਾਂ ਹੋਰ ਸਾਧਨ ਵੇਚ ਕੇ ਕਰਜ਼ਾ ਲਾਹੁਣ ਨਾਲ਼ੋਂ ਖੁਦਕੁਸ਼ੀ ਨੂੰ ਕਿਉਂ ਤਰਜ਼ੀਹ ਦਿੰਦੇ ਹਨ? ਜਦ ਕਿ ਸਾਧਨ ਵਿਹੂਣੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਕਾਰਨ ਸਾਫ਼ ਸਪੱਸ਼ਟ ਸਮਝ ਆਉਂਦਾ ਹੈ।

ਬਿਊਰੋ ਨੇ ਆਪਣੀ ਰਿਪੋਰਟ 'ਚ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ 'ਚ ਪ੍ਰਮੁੱਖ ਰਾਜਾਂ ਦਾ ਵੇਰਵਾ ਦਿੱਤਾ ਹੈ, ਜੋ ਕਿ ਇਸ ਤਰ੍ਹਾਂ ਹੈ :




ਮਹਾਂਰਾਸ਼ਟਰ, ਮੱਧ ਪ੍ਰਦੇਸ਼, ਤਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕਾ, ਗੁਜ਼ਰਾਤ ਅਤੇ ਕੇਰਲਾ ਰਾਜਾਂ 'ਚ ਖੇਤ ਮਜ਼ਦੂਰਾਂ ਦੀਆਂ ਕੁੱਲ ਖੁਦਕੁਸ਼ੀਆਂ 'ਚੋਂ 82.6% ਖੁਦਕੁਸ਼ੀਆਂ ਹੋਈਆਂ ਹਨ।

ਬਿਊਰੋ ਦੀ ਰਿਪੋਰਟ ਮੁਤਾਬਕ 2015 'ਚ ਦੇਸ਼ 'ਚੇ ਕੁੱਲ 4595 ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਪਰ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਵਧੇਰੇ ਹੋਵੇਗੀ। ਕਿਉਂਕਿ ਆਮ ਤਜ਼ਰਬੇ ਤੋਂ ਅਸੀਂ ਜਾਣਦੇ ਹਾਂ ਕਿ ਜਿਸ ਵੀ ਕਿਸੇ ਪਰਿਵਾਰ 'ਚ ਕੋਈ ਖੁਦਕੁਸ਼ੀ ਕਰਦਾ ਹੈ ਤਾਂ ਪਰਿਵਾਰ ਵਾਲ਼ੇ ਜਲਦੀ ਤੋਂ ਜਲਦੀ ਅੰਤਿਮ ਸੰਸਕਾਰ ਕਰ ਦਿੰਦੇ ਹਨ ਤਾਂ ਕਿ ਕਿਧਰੇ ਕਿਸੇ ਕਨੂੰਨੀ ਝੰਜਟ ਵਿੱਚ ਨਾ ਫਸ ਜਾਣ। ਇਸ ਲਈ ਖੁਦਕੁਸ਼ੀਆਂ ਦੇ ਸਾਰੇ ਮਾਮਲੇ ਸਾਹਮਣੇ ਨਹੀਂ ਆ ਪਾਉਂਦੇ।

ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਅਸਲ ਕਾਰਨ ਪੇਂਡੂ ਸਰਮਾਏਦਾਰਾਂ, ਵਪਾਰੀਆਂ, ਸ਼ਾਹੂਕਾਰਾਂ ਦੀ ਅੰਨ੍ਹੀ ਲੁੱਟ ਅਤੇ ਦਾਬਾ ਜ਼ਬਰ ਹੈ। ਜਿਸ ਕਾਰਨ ਖੇਤ ਮਜ਼ਦੂਰ ਭਿਅੰਕਰ ਗਰੀਬੀ 'ਚ ਧੱਕੇ ਜਾਂਦੇ ਹਨ। ਇਸ ਲੁੱਟ ਜ਼ਬਰ ਗਰੀਬੀ 'ਚੋਂ ਉਪਜਦੇ ਅਨੇਕਾਂ ਤਣਾਵਾਂ ਨੂੰ ਉਹ ਝੱਲ ਨਹੀਂ ਪਾਉਂਦੇ ਜਿਸ ਕਾਰਨ ਉਹ ਆਪਣਾ ਜੀਵਨ ਖ਼ਤਮ ਕਾਰਨ ਵੱਲ ਧੱਕੇ ਜਾਂਦੇ ਹਨ।

ਇਸ ਦਾ ਇੱਕੋ-ਇੱਕ ਹੱਲ ਇਹ ਹੈ ਕਿ ਖੇਤ ਮਜ਼ਦੂਰ, ਪਿੰਡ ਦੇ ਹੋਰ ਮਜ਼ਦੂਰਾਂ ਅਤੇ ਸ਼ਹਿਰੀ ਮਜ਼ਦੂਰਾਂ ਨਾਲ਼ ਜੋਟੀ ਪਾਕੇ ਇਸ ਲੁਟੇਰੇ ਸਰਮਾਏਦਾਰ ਢਾਂਚੇ ਵਿਰੁੱਧ ਜੱਦੋਜਹਿਦ ਤੇਜ਼ ਕਰਨ।

# ਰਾਜਾ ਰਾਮ ਆਪਣੇ ਜਿਹੇ ਅਣਗਿਣਤ ਮਜ਼ਦੂਰਾਂ ਵਾਂਗ ਉਹ ਸਬਰ ਦਾ ਕੌੜਾ ਘੁੱਟ ਭਰਨ ਲਈ ਮਜ਼ਬੂਰ



ਇਹ ਲੁਧਿਆਣੇ ਦੇ ਇੱਕ ਕਾਰਖਾਨਾ ਮਜ਼ਦੂਰ ਰਾਜਾ ਰਾਮ ਦੀ ਤਸਵੀਰ ਹੈ। ਇਹ ਤਸਵੀਰ ਕੇਵਲ ਇੱਕ ਮਜ਼ਦੂਰ ਦੀ ਤਸਵੀਰ ਨਹੀਂ ਸਗੋਂ ਸਮੁੱਚੀ ਮਜ਼ਦੂਰ ਜਮਾਤ ਦੀ ਤਸਵੀਰ ਹੈ ਜੋ ਮਾਲਕਾਂ ਦੀ ਮੁਨਾਫੇ ਦੀ ਹਵਸ ਕਾਰਨ ਕਾਰਖਾਨਿਆਂ ਵਿੱਚ ਭਿਆਨਕ ਹਾਦਸਿਆਂ ਦਾ ਸ਼ਿਕਾਰ ਹੋ ਰਹੀ ਹੈ। ਇਹ ਤਸਵੀਰ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਵਿਚਲੇ ਕਾਰਖਾਨੇ ਮਜ਼ਦੂਰ ਜਮਾਤ ਲਈ ਕਿਸੇ ਤਸ਼ੱਦਦ ਕੇਂਦਰ ਤੋਂ ਘੱਟ ਨਹੀਂ ਹਨ।

ਰਾਜਾ ਰਾਮ ਅਗਸਤ '16 ਵਿੱਚ ਉਧੇਰਾ ਮਕੈਨੀਕਲ ਵਰਕਸ, ਡੀ-88, ਫੇਜ-5, ਫੋਕਲ ਪੁਆਇੰਟ, ਲੁਧਿਆਣਾ ਵਿੱਚ ਬਤੌਰ ਫੋਰਮੈਨ ਕੰਮ 'ਤੇ ਲੱਗਾ ਸੀ। ਇਸ ਕਾਰਖਾਨੇ ਮਸ਼ੀਨਾਂ ਅਤੇ ਰੇਲਾਂ ਦੇ ਨਟ-ਬੋਲਟ ਬਣਦੇ ਹਨ। ਤਕਰੀਬਨ 150 ਮਜ਼ਦੂਰ ਇੱਥੇ ਕੰਮ ਕਰਦੇ ਹਨ। 20-25 ਮਜ਼ਦੂਰਾਂ ਦੇ ਪੱਕੇ ਰਜਿਸਟਰ 'ਤੇ ਨਾਂ ਹਨ ਜਿਹਨਾਂ ਨੂੰ ਈ.ਐਸ.ਆਈ. ਦੀ ਸਹੂਲਤ ਹਾਸਿਲ ਹੈ। ਬਾਕੀ ਸਾਰੇ ਮਜ਼ਦੂਰਾਂ ਨੂੰ ਆਪਣਾ ਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਮਜ਼ਬੂਰੀ ਵਸ ਬਿਨਾਂ ਕਿਸੇ ਕਨੂੰਨੀ ਹੱਕ ਤੋਂ, ਕਾਰਖਾਨੇ ਵਿੱਚ ਕੰਮ ਕਰਨ ਦੇ ਬਿਨਾਂ ਕਿਸੇ ਸਬੂਤ ਤੋਂ, ਭਿਆਅਨ ਅਸੁਰੱਖਿਅਤ ਹਾਲਤਾਂ ਵਿੱਚ ਕੰਮ ਕਰਨਾ ਪੈ ਰਿਹਾ ਹੈ।

ਰਾਜਾ ਰਾਮ ਜਦ ਇਸ ਕਾਰਖਾਨੇ ਵਿੱਚ ਕੰਮ 'ਤੇ ਲੱਗਾ ਤਾਂ ਉਸਨੇ ਵੇਖਿਆ ਕਿ ਗੈਸ ਪਾਈਪ ਦਾ ਗੇਟ-ਵਾਲਵ ਭੱਠੀ ਦੇ ਐਨ ਨੇੜੇ ਹੈ। ਉਸਨੇ ਮਾਲਕ ਨੂੰ ਕਿਹਾ ਕਿ ਗੇਟ-ਵਾਲਵ ਚੋਂ ਗੈਸ ਲੀਕ ਹੋਣ 'ਤੇ ਇਸਦੇ ਭੱਠੀ ਨੇੜੇ ਹੋਣ ਕਰਕੇ ਅੱਗ ਭੜਕ ਸਕਦੀ ਹੈ ਤੇ ਹਾਦਸਾ ਵਾਪਰ ਸਕਦਾ ਹੈ। ਉਸਨੇ ਮਾਲਕ ਨੂੰ ਕਿਹਾ ਕਿ ਇਹ ਚੀਜ ਦਰੁੱਸਤ ਹੋਣੀ ਚਾਹੀਦੀ ਹੈ। ਪਰ ਮਾਲਕ ਨੇ ਉਸਦੀ ਇੱਕ ਨਾ ਸੁਣੀ।

21 ਦਸਬੰਰ ਦੀ ਰਾਤ ਤਿੰਨ ਵਜੇ ਗੇਟ-ਵਾਲਵ ਚੋਂ ਗੈਸ ਲੀਕ ਹੋਣੀ ਸ਼ੁਰੂ ਹੋ ਗਈ। ਇੱਕ ਮਜ਼ਦੂਰ ਬੁਰੀ ਤਰ੍ਹਾਂ ? ਝੁਲਸਿਆ ਗਿਆ ਜਿਸਨੂੰ ਮਾਲਕ ਨੇ ਤੁਰਤ-ਫੁਰਤ ਇੱਕ ਨਿੱਜੀ ਹਸਪਤਾਲ ਪਹੁੰਚਾ ਦਿੱਤਾ। ਮਾਲਕ ਨਹੀਂ ਚਾਹੁੰਦਾ ਸੀ ਕਿ ਕੰਮ ਜਿਆਦਾ ਦੇਰ ਰੁਕੇ। ਗੈਸ ਲੀਕ ਨੂੰ ਕੰਮ ਚਲਾਊ ਢੰਗ ਨਾਲ਼ ਠੀਕ ਕਰਕੇ ਕੰਮ ਦੁਬਾਰਾ ਸ਼ੁਰੂ ਕਰ ਦਿੱਤਾ ਗਿਆ। ਅਗਲੇ ਦਿਨ ਰਾਜਾ ਰਾਮ ਦੀ ਡਿਊਟੀ ਸੀ। ਫਿਰ ਤੋਂ ਗੈਸ ਲੀਕ ਹੋਣੀ ਸ਼ੁਰੂ ਹੋ ਗਈ। ਗੇਟ-ਵਾਲਵ ਠੀਕ ਕਰਦੇ ਸਮੇਂ ਗੈਸ ਹੋਰ ਵਧੇਰੇ ਲੀਕ ਹੋਣੀ ਸ਼ੁਰੂ ਹੋ ਗਈ। ਭੱਠੀ ਨਜ਼ਦੀਕ ਹੀ ਹੋਣ ਕਾਰਨ ਅੱਗ ਭੜਕ ਗਈ ਅਤੇ ਇਸ ਵਿੱਚ ਰਾਜਾ ਰਾਮ ਦਾ ਚਿਹਰਾ, ਹੱਥ ਤੇ ਪੈਰ ਬੁਰੀ ਤਰ੍ਹਾਂ ਝੁਲਸੇ ਗਏ। ਉਸਨੂੰ ਵੀ ਮਾਲਕ ਨੇ ਇੱਕ ਨਿੱਜੀ ਹਸਪਤਾਲ ਭੇਜ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਰਾਜਾ ਰਾਮ ਪੁਲੀਸ ਕੋਲ ਇਸ ਹਾਦਸੇ ਦੀ ਰਿਪੋਰਟ ਦਰਜ ਕਰਾਉਂਦਾ। ਸਰਕਾਰੀ ਹਸਪਤਾਲ ਤੋਂ ਉਸਦੀ ਐਮ. ਐਲ. ਆਰ. ਬਣਦੀ। ਇਸ ਨਾਲ਼ ਮਾਲਕ ਖਿਲਾਫ਼ ਕਾਰਵਾਈ ਦਾ ਅਤੇ ਮੁਆਵਜੇ ਦਾ ਅਧਾਰ ਤਿਆਰ ਹੋਣਾ ਸੀ। ਮਾਲਕ ਇਸੇ ਗੱਲ ਤੋਂ ਡਰਦਾ ਸੀ। ਮਾਲਕ ਨੇ ਉਸਨੂੰ ਲਾਰਾ ਲਾਇਆ ਕਿ ਉਹ ਉਸਦਾ ਪੂਰਾ ਇਲਾਜ ਕਰਵਾਏਗਾ। ਠੀਕ ਹੋਣ ਤੱਕ ਉਸਨੂੰ ਤਨਖਾਹ ਦਿੱਤੀ ਜਾਵੇਗੀ ਅਤੇ ਮੁੜ ਕੰਮ 'ਤੇ ਰੱਖਿਆ ਜਾਵੇਗਾ। ਹਫਤੇ ਕੁ ਬਾਅਦ ਹੀ ਮਾਲਕ ਨੇ ਉਸਦਾ ਇਲਾਜ ਬੰਦ ਕਰਵਾ ਦਿੱਤਾ ਅਤੇ ਕੁੱਝ ਪੈਸੇ ਦੇ ਕੇ ਤੇ ਹਿਸਾਬ ਦੇ ਕਾਗਜਾਂ 'ਤੇ ਜ਼ਬਰੀ ਹਸਤਾਖਰ ਕਰਵਾ ਕੇ ਕੰਮ ਤੋਂ ਕੱਢ ਦਿੱਤਾ।

ਮੁਨਾਫੇ ਦੀ ਹਵਸ ਵਿੱਚ ਸੁਰੱਖਿਆ ਪ੍ਰਬੰਧਾਂ ਦੀ ਭਿਆਨਕ ਅਣਦੇਖੀ ਕਰਨ ਵਾਲੇ ਮਾਲਕ ਦੇ ਅਣਮਨੁੱਖੀਪੁਣੇ ਦਾ ਸ਼ਿਕਾਰ ਹੋਏ ਰਾਜਾ ਰਾਮ ਦੇ ਜਖਮ ਭਾਵੇਂ ਭਰ ਗਏ ਹਨ ਪਰ ਹੁਣ ਉਸਨੂੰ ਸੱਜੀ ਅੱਖ ਤੋਂ ਬਹੁਤ ਘੱਟ ਵਿਖਾਈ ਦਿੰਦਾ ਹੈ। ਉਹ ਬੇਰੁਜ਼ਗਾਰ ਹੈ। ਇੱਕ ਅੱਖ ਨਾਲ਼ ਉਹ ਪਹਿਲਾਂ ਵਾਂਗ ਕੰਮ ਕਰ ਸਕਣ ਦੇ ਯੋਗ ਨਹੀਂ। ਕਿਤੇ ਕੰਮ ਮਿਲਣ 'ਤੇ ਉਸਦੀ ਤਨਖਾਹ ਹੁਣ ਪਹਿਲਾਂ ਨਾਲੋਂ ਘੱਟ ਹੋਵੇਗੀ। ਉਹ ਇਨਸਾਫ਼ ਚਾਹੁੰਦਾ ਹੈ। ਉਸਦੀ ਜਿੰਦਗੀ ਨਾਲ਼ ਖਿਲਵਾੜ ਕਰਨ ਵਾਲੇ ਮਾਲਕ ਨੂੰ ਉਹ ਸਬਕ ਸਿਖਾਉਣਾ ਚਾਹੁੰਦਾ ਹੈ। ਉਸਦੀ ਸ਼ਾਇਦ ਕਿਤੇ ਸੁਣਵਾਈ ਹੋ ਜਾਵੇ ਇਸ ਖਾਤਰ ਉਹ ਹਨੇਰੇ ਵਿੱਚ ਹੱਥ-ਪੈਰ ਮਾਰ ਰਿਹਾ ਹੈ। ਨਿੱਜੀ ਹਸਪਤਾਲ ਤੋਂ ਇਲਾਜ ਦੀ ਪਰਚੀ ਤੇ ਝੁਲਸੇ ਹੋਏ ਸ਼ਰੀਰ ਦੀ ਤਸਵੀਰ ਚੁੱਕੀ ਉਹ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਪਰ ਪੁਲੀਸ-ਪ੍ਰਸ਼ਾਸਨ, ਅਦਾਲਤਾਂ, ਸਰਕਾਰ ਤੋਂ ਇਨਸਾਫ਼ ਦੀ ਉਮੀਦ ਦੀ ਕਿਰਨ ਉਸਨੂੰ ਕਿਤੇ ਨਜ਼ਰ ਨਹੀਂ ਆਉਂਦੀ। ਉਹ ਲਾਚਾਰ ਨਜ਼ਰ ਆ ਰਿਹਾ ਹੈ। ਰਾਜਾ ਰਾਮ ਆਪਣੇ ਜਿਹੇ ਅਣਗਿਣਤ ਮਜ਼ਦੂਰਾਂ ਵਾਂਗ ਉਹ ਸਬਰ ਦਾ ਕੌੜਾ ਘੁੱਟ ਭਰਨ ਲਈ ਮਜ਼ਬੂਰ ਹੈ।

ਮੌਜੂਦਾ ਸਮੇਂ ਵਿੱਚ ਬਹੁਤ ਘੱਟ ਮਜ਼ਦੂਰਾਂ ਨੂੰ ਹੀ ਕਿਰਤ ਕਨੂੰਨਾਂ ਤਹਿਤ ਹੱਕ ਹਾਸਿਲ ਹੁੰਦੇ ਹਨ। ਕਾਰਖਾਨਿਆਂ ਵਿੱਚ ਸੁਰੱਖਿਆ ਦੇ ਪ੍ਰਬੰਧਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ। ਰੋਜਾਨਾਂ ਅਣਗਿਣਤ ਮਜ਼ਦੂਰ ਸਰਮਾਏਦਾਰਾਂ ਦੀ ਮੁਨਾਫੇ ਦੀ ਹਵਸ ਦੀ ਬਲੀ ਚੜਦੇ ਹਨ। ਸਰਮਾਏਦਾਰ ਜਮਾਤ ਮਜ਼ਦੂਰਾਂ ਨੂੰ ਮਿਲੇ ਨਿਗੂਣੇ ਕਿਰਤ ਹੱਕਾਂ ਤੋਂ ਵੀ ਵਾਂਝਾ ਕਰ ਦੇਣ ਲਈ ਪੱਬਾਂ ਭਾਰ ਹੈ। ਭਾਜਪਾ, ਕਾਂਗਰਸ, ਅਕਾਲੀ ਦਲ ਤੋਂ ਲੈ ਕੇ ਆਮ ਆਦਮੀ ਪਾਰਟੀ ਜਿਹੀਆਂ ਸਭ ਸਰਮਾਏਦਾਰਾ ਪਾਰਟੀਆਂ ਸਰਮਾਏਦਾਰਾਂ ਨੂੰ "ਇੰਸਪੈਕਟਰ ਰਾਜ" ਤੋਂ ਛੁਟਕਾਰੇ, ਭਾਵ ਕਿਰਤ ਕਨੂੰਨਾਂ ਤੋਂ ਛੁਟਕਾਰੇ ਦੁਆਉਣ ਲਈ ਰੋਲਾ-ਰੱਪਾ ਪਾ ਰਹੀਆਂ ਹਨ। ਇਹ ਹੋਰ ਕਿੰਨੀਆਂ ਭਿਆਨਕ ਹਾਲਤਾਂ ਪੈਦਾ ਕਰਨਾ ਚਾਹੁੰਦੇ ਹਨ ਇਹ ਸੋਚ ਕੇ ਵੀ ਕੰਬਣੀ ਛਿੜਦੀ ਹੈ।

ਇਸ ਮੁਨਾਫਾਖੋਰ ਪਰ ?ਬੰਧ ਖਿਲਾਫ਼ ਜਾਗਰੂਕ ਤੇ ਜੱਥੇਬੰਦ ਹੋਏ ਬਿਨਾਂ ਮਜ਼ਦੂਰ ਜਮਾਤ ਦੀ ਹਾਲਤ 'ਚ ਕੋਈ ਸੁਧਾਰ ਨਹੀਂ ਹੋ ਸਕਦਾ। ਅਸਲ ਵਿੱਚ ਜਦ ਤੱਕ ਮੁਨਾਫਾਖੋਰੀ ਦੀ ਅੱਗ ਬਲ ਰਹੀ ਹੈ ਉਦੋਂ ਤੱਕ ਮਜ਼ਦੂਰ ਜਮਾਤ ਇਸ ਵਿੱਚ ਝੁਲਸਦੀ ਰਹੇਗੀ, ਮਜ਼ਦੂਰਾਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਰਹਿਣਗੀਆਂ। ਸਰਮਾਏਦਾਰ ਜਮਾਤ ਨੂੰ ਇਸਦੇ ਕੁਕਰਮਾਂ ਦੀ ਸਜਾ ਲਾਜ਼ਮੀ ਤੌਰ 'ਤੇ ਦਿੱਤੀ ਹੀ ਜਾਣੀ ਚਾਹੀਦੀ ਹੈ। ਮਜ਼ਦੂਰ ਜਮਾਤ ਨੂੰ ਸਰਮਾਏਦਾਰਾ ਪਰ ?ਬੰਧ ਦੀ ਲਾਸ਼ 'ਤੇ ਪੈਰ ਰੱਖ ਕੇ ਅੱਗੇ ਵਧਣ ਦੀਆਂ ਤਿਆਰੀਆਂ ਪੁਰਜੋਰ ਢੰਗ ਨਾਲ਼ ਕਰਨੀਆਂ ਹੋਣਗੀਆਂ।

## ਮਾਂ-ਬੋਲੀ

ਮਾਂ ਬੋਲੀ ਤੇ ਵਿਪਤਾ,
ਅੱਜ ਬੋਲ ਰਹੇ ਅਖ਼ਬਾਰ।

ਪੰਜ ਦਹਾਕੇ ਬਾਅਦ ਵੀ,
ਨਾ ਮਿਲਿਆ ਸਤਿਕਾਰ।

ਸਭ ਦਫ਼ਤਰ ਇੰਗਲਿਸ਼ ਬੋਲਦੇ,
ਲੈ, ਮਾਂ ਬੋਲੀ ਵਿਚ ਰੁਜ਼ਗਾਰ।

ਕਿੰਝ ਘੁੱਟ-ਘੁੱਟ ਗਲਾ ਜੁਬਾਨ,
ਬਾਬੂ ਪਾਲ ਰਹੇ ਪਰਿਵਾਰ।

ਨਾ ਹਮਦਰਦੀ ਕੋਈ ਦਿਖ ਰਿਹਾ,
ਕਿਸੇ ਨਾ ਲੈਤੀ ਸਾਰ।

ਇਥੇ ਖ਼ਲਕਤ ਰਹਿਮੀ ਕੂਕਦੀ,
ਪਰ ਸੁੱਤੀ ਰਹੀ ਸਰਕਾਰ।

ਕਿੱਧਰ ਗਏ ਕਾਨੂੰਨ ਉਹ,
ਜੋ ਪਾਸ ਹੋਏ ਕਈ ਬਾਰ।

ਸਿਰ ਕਿਸ ਦੇ ਚੜ੍ਹਕੇ ਬੋਲੀਏ,
ਸਾਡੇ ਆਪਣੇ ਹੋਏ ਗ਼ਦਾਰ।

ਚਲੋ ਉਠੋ ਵੀਰ ਪੰਜਾਬੀਓ,
ਜਿਹਨੂੰ ਮਾਂ ਆਪਣੀ ਨਾਲ ਪਿਆਰ।

ਜੇ ਏਦਾਂ ਰਹੀ ਇਹ ਤੜਫਦੀ,
ਸਾਡੇ ਗ਼ਰ ਜਾਣੇ ਪਰਿਵਾਰ।

ਸੁਣੋ ਵਾਰਿਸ਼ ਸ਼ਾਹ ਦੇ ਵਾਰਸੋ,
ਰਿਹਾ ਔਲਖ ਅਰਜ਼ ਗੁਜ਼ਾਰ
ਰਿਹਾ ਔਲਖ ਅਰਜ਼ ਗੁਜ਼ਾਰ।

**ਦਲਬੀਰ ਸਿੰਘ ਔਲਖ**
82880-82720

## ਬਾਗੀ

ਦਿਖਾਵੇ ਤੋਂ ਸੁਖਚੈਨ ਸਿੰਘ ਸ਼ਾਂਤ ਨੂੰ ਬਹੁਤ ਚਿੜ ਸੀ। ਉਹ 'ਐਲਾਨ' ਰੋਜ਼ਾਨਾ ਪੱਤਰਕਾ ਦਾ ਐਡੀਟਰ ਸੀ। ਪੱਤਰਕਾਵਾਂ ਦੀ ਡਿੱਗ ਰਹੀ ਹਾਲਤ ਵੇਖ ਕੇ ਉਸ ਦੀ ਦਿਲ ਅਤੇ ਦਿਮਾਗ ਵਿਚ ਇਕ ਫਤੂਰ ਉਠ ਖਲੋਤਾ ਸੀ। ਉਸ ਨੇ ਸਰਕਾਰ ਨੂੰ ਕਈ ਵਾਰ ਅਪੀਲ ਕੀਤੀ ਕਿ ਉਹ ਦੈਨਿਕ ਪੱਤਰਕਾਵਾਂ ਨੂੰ ਇਸ਼ਤਿਹਾਰ ਦੇ ਕੇ ਉਨ੍ਹਾਂ ਦੀ ਮਦਦ ਕਰੇ। ਪਰ ਅੰਤ ਜਦੋਂ, ਉਸ ਨੂੰ ਆਪਣੀ ਅਵਾਜ਼ ਦਾ ਹੁੰਗਾਰਾ ਨਾ ਮਿਲਿਆ ਤਾਂ ਉਸ ਨੂੰ ਸ਼ਾਂਤ ਤੋਂ 'ਬਾਗੀ' ਬਣਨ ਲਈ ਮਜਬੂਰ ਹੋਣਾ ਪਿਆ।

ਇਕ ਦਿਨ ਜਦੋਂ ਉਹ ਦਫ਼ਤਰ ਜਾਣ ਲਈ ਘਰੋਂ ਨਿਕਲਿਆ ਤਾਂ ਰਾਹ ਵਿਚ ਉਸ ਨੂੰ ਉਸਦਾ ਪੁਰਾਣਾ ਲੇਖਕ ਮਿੱਤਰ ਬਖਸ਼ੀਸ਼ ਸਿੰਘ 'ਬਾਗੀ ਮਿਲ ਪਿਆ।

'ਸੁਣਿ ਐ ਸ਼ਾਂਤ, ਤੂੰ ਵੀ ਬਾਗੀ ਹੋ ਗਿਐ।' ਬਖਸ਼ੀਸ਼ ਸਿੰਘ ਨੇ ਹੱਥ ਮਲੌਂਦੇ ਸਾਰ ਹੀ ਪੁੱਛ ਲਿਆ।

'ਮਜ਼ਬੂਰੀ 'ਚ ਕੋਈ ਨਾ ਕੋਈ ਰਾਹ ਅਪਣਾਉਣਾ ਵੀ ਪੈਂਦਾ।' ਸ਼ਾਂਤ ਬਾਗੀਆਂ ਵਾਂਗ ਬੋਲਿਆ।

'ਉਹ ਤਾਂ ਠੀਕ ਹੈ ਪਰ।'

'ਪਰ ਕੀ...।' ਸ਼ਾਂਤ ਨੇ ਉਸ ਦਾ ਵਾਕ ਵਿਚੋਂ ਹੀ ਟੋਕਿਆ।

'ਪਰ ਸਰਕਾਰ ਤੋਂ ਬਚੀਂ।'

'ਕਲਮ ਦੀ ਆਵਜ਼ ਨੂੰ ਕੋਈ ਸ਼ਕਤੀ ਨਹੀਂ ਦਬਾ ਸਕਦੀ।'

'ਅੱਛਾ!' ਬਾਗੀ ਮੁਸਕਰਾਇਆ ਤੇ ਦੋਵੇਂ ਅੱਡੋ ਅੱਡ ਆਪਣੀਆਂ ਰਾਹਾਂ 'ਤੇ ਤੁਰ ਪਏ।

**- ਗਿਆਨ ਗਰੇਵਾਲ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਤਰਕਸ਼ੀਲ
ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦੇਵਿੰਦਰ ਤੂਰ 416-902-9372**

## ਗੀਤ

ਸਾਡੀ ਸ਼ੁਰੂ ਤੋਂ ਲੜਾਈ ਹੈ ਹਨੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਅਸੀਂ ਅੱਗ ਦਿਆਂ ਰੁੱਖਾਂ ਉਤੇ ਪਾਏ ਆਲ੍ਹਣੇ
ਅਸੀਂ ਮਘਦੇ ਅੰਗਾਰਾਂ ਵਿਚ ਬੋਟ ਪਾਲਣੇ

ਜਾਰੀ ਸੂਹਾ ਸੰਗਰਾਮ ਵੱਡੇ ਜੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਲਿਖੇ ਲਹੂ ਨਾਲ ਗਦਰੀ ਜੋ ਬਾਬਿਆਂ ਦੇ ਬੋਲ
ਸਾਡੀ ਚੰਡੀ ਤੇ ਭਗੌਤੀ ਨੇ ਸਰਾਭਿਆਂ ਦੇ ਬੋਲ

ਸਾਡਾ ਸਾਂਝਾ ਸਿਰਨਾਵਾਂ ਸੁੰਨੇ ਵਿਹੜਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਸਹੁੰ ਧਰਤੀ ਦੀ ਜਿੰਦ ਨਾ ਪਿਆਰੀ ਰੱਖਾਂਗੇ
ਲੋਕ ਮੁਕਤੀ ਦੇ ਲਈ ਜੰਗ ਜਾਰੀ ਰੱਖਾਂਗੇ

ਲੰਮੀ ਲੜਾਂਗੇ ਲੜਾਈ ਇਹ ਲੁਟੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਅਸੀਂ ਤੁਰਾਂਗੇ ਤੂਫ਼ਾਨਾਂ ਸੰਗ ਹਿੱਕ ਤਾਣ ਕੇ
ਸ਼ਹੀਦ ਸਾਥੀਆਂ ਦੀ ਰੂਹ ਵਾਲਾ ਨਿੱਘ ਮਾਣਦੇ

ਮੋਹ ਗੜ੍ਹੀ ਦਿਆਂ ਕੱਚਿਆਂ ਬਨੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਸੂਹੇ ਰੰਗ ਦੀ ਸਵੇਰ ਸਾਡੀ ਬਾਤ ਪਾਏਗੀ
ਜਿਹੜੀ ਆਏਗੀ ਬਹਾਰ ਸਾਡੀ ਗੀਤ ਗਾਏਗੀ

ਕਿਹੜੇ ਵੇਲਿਆਂ ਦੇ ਜੂਝੇ ਕਿਹੜੇ ਕਿਹੜਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ।

## ਕਾਫ਼ਲੇ

ਘਟ ਰਹੇ ਮੰਜ਼ਿਲਾਂ ਦੇ, ਰੋਜ਼ ਹੁਣ ਫਾਸਲੇ।
ਵਧ ਰਹੇ ਹਨ੍ਹੇਰੀ ਬਣ, ਜ਼ਿੰਦਗੀ ਦੇ ਕਾਫ਼ਲੇ।

ਦੱਬੇ-ਘੁੱਟੇ ਸਦੀਆਂ ਦੇ, ਬਣ ਰਹੇ ਬੱਬਰ-ਸ਼ੇਰ,
ਨਿੱਤਰ ਮੈਦਾਨ ਵਿਚ, ਗਰਜ ਰਹੇ ਕਾਫ਼ਲੇ।

ਕਿਰਤੀ ਨੇ ਖ਼ੂਨ ਨਹੀਂ ਪਿਆਉਣਾ, ਹੋਰ ਜੋਕਾਂ ਤਾਈਂ,
ਜ਼ਿੰਦਗੀ ਦੀ ਰਾਖੀ ਲਈ, ਨੇ ਤਣ ਰਹੇ ਕਾਫ਼ਲੇ।

ਕਰਨਾ ਹੈ ਪੁੱਠਾ ਚੱਕਾ, ਜ਼ਾਲਮਾਂ ਦੇ ਰਥ ਵਾਲਾ,
ਧਰ ਤਲੀ ਸੀਸ ਚੱਲੇ, ਜਾਂਬਾਜ਼ ਕਾਫ਼ਲੇ।

ਸ਼ਮਸ਼ਾਨਾਂ ਵਾਲੀ ਸ਼ਾਂਤੀ, ਨਾ ਅੱਜ ਮਨਜ਼ੂਰ ਕਹਿੰਦੇ,
ਗ਼ਦਰ ਵਾਲਾ ਨਾਦ ਨੇ, ਵਜਾਉਂਦੇ ਅੱਜ ਕਾਫ਼ਲੇ।

ਧਰਤੀ ਦਾ ਕੂੜਾ ਸਾਰਾ, ਰੋੜ੍ਹ ਲੋਕ-ਹੜ੍ਹ ਲੈ ਜੂ,
ਕਾਲੇ ਸ਼ਾਹ ਬੱਦਲਾਂ ਦੇ, ਵਰ੍ਹਨੇ ਨੇ ਕਾਫ਼ਲੇ।

ਬਿਜਲੀ ਅਸਮਾਨੀ ਮੂਹਰੇ, ਖੈਰ ਕਾਲੇ ਨਾਗ ਦੀ ਨਾ,
ਸੱਚ ਇਤਿਹਾਸ 'ਚ, ਦਿਖਾਉਂਦੇ ਆਏ ਕਾਫ਼ਲੇ।

ਜ਼ਿੰਦਗੀ 'ਤੇ ਖੇੜਾ ਆਉਣਾ, ਗੱਲ ਹੁਣ ਦੂਰ ਦੀ ਨਾ,
ਜ਼ਿੰਦਗੀ ਲਈ ਮੌਤ ਨੂੰ, ਵਿਆਹੁੰਦੇ ਤਾਂ ਹੀ ਕਾਫ਼ਲੇ।

**- ਜਗਦੇਵ ਲਲਤੋਂ**

## ਕਵਿਤਾ



ਰਾਜਗੁਰੂ ਸੁਖਦੇਵ ਹੁਰਾਂ ਦੇ, ਮਨ ਦੀ ਇੱਛ ਪੁਗਾਉਣੀ ਹੈ।
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਰੁੱਖੀ ਰੋਟੀ ਦੁੱਧ ਬੱਕਰੀ ਦਾ, ਕੁੜਤਾ ਪਾਉਣਾ ਖਾਦੀ ਦਾ,
ਗਾਂਧੀ ਵਰਗਾ ਸੁਪਨਾ ਸੀ ਕਦ, ਸਾਨੂੰ ਮਿਲੀ ਆਜ਼ਾਦੀ ਦਾ,
ਇਹ ਜੋ ਸਾਡੇ ਗਲ ਪਾਈ ਹੈ, ਗਲੋਂ ਗੁਲਾਮੀ ਲਾਹੁਣੀ ਹੈ,
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਕਿਰਤੀ ਕਾਮੇ ਦੇ ਮੁੜ੍ਹਕੇ ਦਾ, ਮੁੱਲ ਤਾਂ ਮਿਲਣਾ ਚਾਹੀਦੈ,
ਨੰਗੇ ਪਿੰਡੇ ਫਿਰਦੇ ਹਾਲੀ, ਢੱਗਾ ਭੁੱਖਾ ਵਾਹੀਦੈ।
ਕਿਰਤੀ ਪੱਲੇ ਕੁਝ ਨਹੀਂ ਪੈਂਦਾ, ਨਾ ਹਾੜ੍ਹੀ ਨਾ ਸਾਉਣੀ ਹੈ,
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਉਮਰ ਪੜ੍ਹਨ ਦੀ ਛੋਟੇ ਬਾਲਕ, ਚੁਗਦੇ ਫਿਰਦੇ ਲੀਰਾਂ ਨੂੰ,
ਰੋਟੀ ਖਾਤਰ ਕੀ ਕੀ ਕਰਨਾ, ਪੈਂਦੇ ਬਿਰਧ ਸਰੀਰਾਂ ਨੂੰ,
ਉਨ੍ਹਾਂ ਨੂੰ ਤਾਂ ਕੰਮ ਨਹੀਂ ਮਿਲਦਾ, ਜਿਨ੍ਹਾਂ ਕਿਰਤ ਕਮਾਉਣੀ ਹੈ
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਪੱਲੀ ਦਾਤੀ ਕੱਛ 'ਚ ਲੈ ਕੇ, ਖੇਤ ਬਿਗਾਨੇ ਜਾਂਦੀ ਹੈ,
ਉਸ ਦੀ ਇੱਜ਼ਤ ਕਿਵੇਂ ਰਹੂ ਜੋ, ਭੁਢੀ 'ਤੇ ਲੈ ਖਾਂਦੀ ਹੈ,
ਸੋਚੋ ਲੋਕੋ ਹੋਰ ਕਦੋਂ ਤੱਕ, ਏਦਾਂ ਪੱਤ ਲੁਹਾਉਣੀ ਹੈ,
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਗੋਰੇ ਮੋਏ ਕਾਲੇ ਜੰਮੇ, ਥੋਡੇ ਵਰਗੇ ਜੰਮੇ ਨਾ,
ਜ਼ਾਲਮ ਦੀ ਰਫ਼ਤਾਰ ਨਾ ਰੋਕੀ, ਜ਼ੁਲਮ ਕਿਸੇ ਨੇ ਥੰਮ੍ਹੇ ਨਾ,
ਸਾਥੀ ਥੋਡੇ ਵਾਰਸ ਕਹਿੰਦੇ, ਜ਼ੁਲਮਾਂ ਨੂੰ ਠੱਲ੍ਹ ਪਾਉਣੀ ਹੈ,
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

ਅਸੀਂ ਅਧੂਰੀ ਆਜ਼ਾਦੀ ਨੂੰ, ਲੈ ਕੇ ਹੁਣ ਪਛਤਾਉਂਦੇ ਹਾਂ,
ਤੇਰੀ ਸੋਚ ਨਾ ਪੂਰ ਚੜ੍ਹਾਈ, ਸਾਥੀ ਮਾਫ਼ੀ ਚਾਹੁੰਦੇ ਹਾਂ,
ਉਹ ਮਸਤਾਨੇ ਵੀ ਜੰਮਣਗੇ, ਜਿਨ੍ਹਾਂ ਪੂਰੀ ਪਾਉਣੀ ਹੈ,
ਭਗਤ ਸਿੰਘ ਦੇ ਸੁਪਨਿਆਂ ਵਾਲੀ, ਅਜੇ ਆਜ਼ਾਦੀ ਆਉਣੀ ਹੈ।

**- ਪ੍ਰੇਮ ਸਿੰਘ ਮਸਤਾਨਾ**

## ਪਰੇਸ਼ਾਨੀ

ਮੈਂ ਆਪਣੇ ਰਾਹੇ ਰਾਹ ਟੁਰਦਾ
ਅਜ਼ਾਦੀ ਤੇ ਪ੍ਰੇਮ ਦੇ ਰਾਹ
ਸਮਾਜ ਆਖਦਾ-ਇਸ ਰਾਹੇ ਨਾ ਟੁਰ, ਇਹ ਉਲਟ ਸੱਭਯਤਾ ਦੇ
ਮਜ਼ਬ ਆਖਦਾ-ਇਸ ਰਹੇ ਨਾ ਟੁਰ, ਇਹ ਰਾਹ ਪਾਪਾਂ ਦਾ
ਕਾਨੂੰਨ ਆਖਦਾ-ਲੀਕਾਂ ਮੇਰੀਆਂ ਅੰਦਰ ਰਹੁ, ਜੇ ਰਹਿਣਾ ਈ।

ਸਮਾਜ ਮੈਨੂੰ ਅਛੂਤ ਆਖਦਾ, ਮਜ਼ਬ ਪਾਪੀ, ਕਾਨੂੰਨ ਮੁਜਰਮ
ਇਕ ਮਾਰਦਾ ਏ, ਦੂਜਾ ਨਰਕੀਂ ਸੁਟਦਾ, ਤੀਜਾ ਜੇਲ੍ਹ-ਖਾਨੀਂ
ਮੈਂ ਕੀ ਕਰਾਂ, ਕਿਥੇ ਰਹਾਂ, ਕਿੱਧਰ ਜਾਵਾਂ?

ਜੇ ਇਸ ਤ੍ਰਿਗੜੇ ਦਾ ਆਖਿਆ ਮੰਨ ਲਵਾਂ
ਤਾਂ ਜੀਵਨ ਬਿਰਥਾ ਏ-ਗੁਲਾਮ ਦਾ ਜੀਵਨ ਕੀ?
ਜੇ ਆਪਣੇ ਰਾਹ ਟੁਰਾਂ ਤਾਂ ਇਹ ਸਾਰੇ ਪ੍ਰੇਸ਼ਾਨ ਕਰਦੇ
ਸਮਾਜ ਘੁੱਟਦਾ ਖਿਆਲ ਨੂੰ, ਖਿਆਲ ਦੇ ਵਿਕਾਸ ਨੂੰ
ਕਾਨੂੰਨ ਕਤਰਦਾ ਜੀਭ ਨੂੰ, ਕੈਦ ਕਰਦਾ ਜਿਸਮ ਨੂੰ
ਮਜ਼ਬ ਮਾਰਦਾ ਰੂਹ ਨੂੰ, ਦੱਬਦਾ ਹੁਨਰ ਨੂੰ।

ਮੈਂ ਕੀ ਕਰਾਂ
ਬੱਸ ਟੁਰਿਆ ਚੱਲਾਂ ਰਾਹੇ ਰਾਹ
ਜ਼ਿੰਦਗੀ ਪ੍ਰੇਸ਼ਾਨੀ ਦੀ ਚੰਗੇਰੀ ਏ
ਗੁਲਾਮੀ ਦੀ ਖੁਨਾਮੀ ਨਾਲੋਂ।

**- ਦੀਵਾਨ ਸਿੰਘ ਕਾਲੇਪਾਣੀ**

**ਔਰਤ ਦਿਵਸ 'ਤੇ**

## ਮੇਰੇ ਦੇਸ਼ ਦੀ ਔਰਤ

ਮੇਰੇ ਦੇਸ਼ ਦੀ ਔਰਤ
ਕਿੰਨੀ 'ਮਹਾਨ' ਹੈ !

ਲੱਛਮੀ ਅੱਜ ਵੀ,
ਰੋਜ਼ ਵਾਂਗ...
ਸੁਵੱਖਤੇ ਉਠ ਜਾਵੇਗੀ
ਤੇ ਆਪਣੇ ਪਤੀ ਕਰਤਾਰੇ
ਅਤੇ ਸਕੂਲੋਂ ਹਟਾਈਆਂ,
ਦੋਵੇਂ ਧੀਆਂ ਨਾਲ਼
ਸਰਦਾਰਾਂ ਦੀ ਹਵੇਲੀ
ਗੋਹਾ-ਕੂੜਾ ਸੁੱਟਣ ਜਾਵੇਗੀ,
ਜਿੱਥੇ ਸਰਦਾਰਨੀ
ਉਸਦੇ ਸਾਹਮਣੇ
ਕੁਰਸੀ 'ਤੇ ਬਹਿ,
ਆਪਣਾ ਦੁੱਖ-ਸੁੱਖ ਫਰੋਲੇਗੀ।
ਸ਼ਰਾਬੀ ਸਰਦਾਰ ਦੀਆਂ
'ਖਰਾਬ' ਆਦਤਾਂ ਤੇ ਝੂਰਦੀ
ਮਰ ਜਾਣ ਦੀਆਂ ਗੱਲਾਂ ਕਰੇਗੀ ।

ਬਿਮਲਾ ਅੱਜ ਵੀ
ਆਪਣੇ ਬਾਲ ਨੂੰ ਪਿੱਠ ਨਾਲ਼ ਬੰਨ੍ਹ
ਟੋਕਰੀ ਚੁੱਕੀ
ਸੜਕ 'ਤੇ ਰੋੜੀ ਪਾਉਂਦੀ ਮਿਲੇਗੀ -
ਜਿੱਥੇ ਨਿੱਤ ਵਾਂਗ,
ਮੁੱਛਾਂ ਨੂੰ ਵੱਟ ਦੇਂਦਾ ਠੇਕੇਦਾਰ,
ਉਸਨੂੰ ਫਾਰਮ ਹਾਊਸ ਤੇ ਆ ਕੇ
ਨਿਆਣਿਆਂ ਜੋਗੀਆਂ
ਛੱਲੀਆਂ ਲਿਜਾਣ ਲਈ ਆਖੇਗਾ, ਤੇ
'ਬੱਸ ਠੇਕੇਦਾਰਾ, ਜਿਉਂਦਾ ਰਹਿ 'ਆਖ
ਬਿਮਲਾ ਉਸ ਦੇ ਇਰਾਦਿਆਂ 'ਤੇ
ਪਾਣੀ ਫੇਰ ਦੇਵੇਗੀ।

ਪਿੰਕੀ, ਬਾਲਾ ਤੇ ਪੂਜਾ ਹੋਰੀਂ ਅੱਜ ਵੀ
ਲਾਲ ਬੱਤੀ ਉਤੇਰੀ ? ਦੀਆਂ
ਖਿੜਕੀਆਂ ਵਿੱਚ ਬਹਿ ਕੇ
ਅੰਦਰੋਂ-ਅੰਦਰੀਂ ਤਾਂ ਕੁਰਲਾਉਣਗੀਆਂ
ਪਰ ਬਾਹਰੋਂ ਗੂੜ੍ਹਾ ਮੇਕਅੱਪ ਕਰਕੇ,
ਗਾਹਕਾਂ ਨੂੰ ਖ਼ੁਸ਼ ਕਰਦੀਆਂ
ਨਜ਼ਰ ਆਉਣਗੀਆਂ ।

ਇਸ ਸਭ ਕਾਸੇ ਤੋਂ ਦੂਰ
ਇਸ ਵਰ੍ਹੇ ਵੀ
ਔਰਤ ਦਿਵਸ 'ਤੇ
ਵਿਸ਼ੇਸ਼ ਪ੍ਰੋਗਰਾਮ ਹੋਣਗੇ -
ਪੰਜ ਤਾਰਾ ਹੋਟਲਾਂ ਦੇ
ਕਾਨਫਰੰਸ ਹਾਲਾਂ ਵਿੱਚ
ਮਹਿਫਲਾਂ ਜੁੜਨਗੀਆਂ,
ਇਲੀਟ ਕਲਾਸ ਦੀਆਂ ਮਾਡਰਨ ਔਰਤਾਂ
ਮੁੱਖ ਮਹਿਮਾਨ ਬਣਨਗੀਆਂ,
ਜਾਮ ਟਕਰਾਏ ਜਾਣਗੇ,
ਔਰਤ ਦੀ ਆਜ਼ਾਦੀ ਅਤੇ ਬਰਾਬਰੀ ਦੇ
ਭਾਸ਼ਨ ਦਿੱਤੇ ਜਾਣਗੇ,
ਨਵੇਂ ਕਾਨੂੰਨਾਂ ਦੀ ਮੰਗ ਕੀਤੀ ਜਾਵੇਗੀ,
ਪਿਛਲੇ ਸਾਲਾਂ ਦੇ ਬੇਹੇ ਭਾਸ਼ਣ
ਰੀ-ਫਰੈਸ਼ ਕਰਕੇ
ਅਖ਼ਬਾਰਾਂ ਨੂੰ ਭੇਜੇ ਜਾਣਗੇ ।

ਮੱਧ-ਵਰਗੀ ਜਮਾਤ
ਸਰਕਾਰੀ ਛੁੱਟੀ ਨਾਲ਼ ਪਰਚੀ ਰਹੇਗੀ
ਤੇ ਬਾਕੀ ਸਭ
ਆਮ ਵਾਂਗ ਚਲਦਾ ਰਹੇਗਾ।

**- ਬਲਜੀਤ ਮਲਹਾਂਸ**

# ਪੱਤਰਕਾਰਾਂ, ਜਮਹੂਰੀ ਕਾਰਕੁੰਨਾਂ ਅਤੇ ਵਕੀਲਾਂ ਉੱਪਰ ਹਮਲਿਆਂ ਨੂੰ ਰੋਕਣ ਲਈ ਜਮਹੂਰੀ ਅਧਿਕਾਰ ਸਭਾ ਨੇ ਵਿਆਪਕ ਲੋਕ ਰਾਇ ਉਸਾਰਨ ਦਾ ਹੋਕਾ ਦਿੱਤਾ

ਅੱਜ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਲੁਧਿਆਣਾ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿਖੇ ਸਮੁੱਚੇ ਦੇਸ਼ ਵਿਚ ਪੱਤਰਕਾਰਾਂ, ਜਮਹੂਰੀ ਕਾਰਕੁੰਨਾਂ ਅਤੇ ਵਕੀਲਾਂ ਉੱਪਰ ਹਮਲਿਆਂ ਵਿਰੁੱਧ ਸੂਬਾਈ ਕਾਨਫਰੰਸ ਕੀਤੀ ਗਈ। ਜਿਸ ਨੂੰ ਸਭਾ ਦੇ ਸੂਬਾ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ ਪ੍ਰੋਫੈਸਰ ਜਗਮੋਹਣ ਸਿੰਘ, ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਸੂਬਾ ਪ੍ਰੈੱਸ ਸਕੱਤਰ ਬੂਟਾ ਸਿੰਘ ਨਵਾਂਸ਼ਹਿਰ, ਸੂਬਾ ਦਫ਼ਤਰ ਸਕੱਤਰ ਐਡਵੋਕੇਟ ਰਾਜੀਵ ਲੋਹਟਬੱਦੀ ਅਤੇ ਸੂਬਾ ਜਥੇਬੰਦਕ ਸਕੱਤਰ ਨਰਭਿੰਦਰ ਨੇ ਸੰਬੋਧਨ ਕੀਤਾ। ਪ੍ਰੋਫੈਸਰ ਜਗਮੋਹਣ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬਸਤਰ, ਝਾਰਖੰਡ ਅਤੇ ਹਰ ਥਾਂ ਹੀ ਕੁਦਰਤੀ ਵਸੀਲਿਆਂ ਦੀ ਲੁੱਟ ਦੇ ਵਿਰੋਧ ਨੂੰ ਕੁਚਲਣ ਲਈ ਜਮਹੂਰੀ ਤਾਕਤਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਕਸ਼ਮੀਰ ਵਿਚ ਭਾਰਤੀ ਰਾਜ ਕਸ਼ਮੀਰੀਆਂ ਦੀ ਆਜ਼ਾਦੀ ਦੀ ਰੀਝ ਨੂੰ ਫ਼ੌਜੀ ਤਾਕਤ ਨਾਲ ਦਬਾਉਣ ਉੱਪਰ ਤੁਲਿਆ ਹੋਇਆ ਹੈ। ਇਸ ਨੂੰ ਅੰਜਾਮ ਦੇਣ ਲਈ ਭਾਰਤੀ ਰਾਜ ਨੇ ਸਮੁੱਚੀ ਮਸ਼ੀਨਰੀ ਨੂੰ ਝੂਠ ਅਤੇ ਅਫ਼ਵਾਹਾਂ ਫੈਲਾਉਣ 'ਤੇ ਲਗਾ ਰੱਖਿਆ ਹੈ। ਲੋਕ ਹਿੱਤਾਂ ਦੀ ਰਾਖੀ ਲਈ ਜਮਹੂਰੀ ਹੱਕਾਂ ਦੇ ਖ਼ਿਲਾਫ਼ ਹੁਕਮਰਾਨਾਂ ਦੀ ਇਸ ਸਾਜ਼ਿਸ਼ ਨੂੰ ਬੇਨਕਾਬ ਕਰਨਾ ਅਤੇ ਇਸ ਨੂੰ ਲੋਕ ਚੇਤਨਾ ਰਾਹੀਂ ਨਾਕਾਮ ਬਣਾਉਣਾ ਜ਼ਰੂਰੀ ਹੈ। ਕਾਨਫਰੰਸ ਵਿਚ ਸਭਾ ਦੀਆਂ ਵੱਖ-ਵੱਖ ਜ਼ਿਲ੍ਹਾ ਇਕਾਈਆਂ ਦੀ ਅਗਵਾਈ ਹੇਠ ਜਮਹੂਰੀ ਹੱਕਾਂ ਦੀ ਰਾਖੀ ਲਈ ਸਰਗਰਮ ਆਗੂ ਅਤੇ ਕਾਰਕੁੰਨ ਭਰਵੀਂ ਗਿਣਤੀ ਵਿਚ ਸ਼ਾਮਲ ਹੋਏ। ਸਮੂਹ ਬੁਲਾਰਿਆਂ ਨੇ ਜ਼ੋਰ ਦੇਕੇ ਕਿਹਾ ਕਿ ਸਮੁੱਚੇ ਮੁਲਕ ਅੰਦਰ ਹੁਕਮਰਾਨਾਂ ਦੀਆਂ ਕਾਰਪੋਰੇਟ ਸਰਮਾਏਦਾਰੀ ਪੱਖੀ ਨੀਤੀਆਂ ਥੋਪਣ ਦੇ ਅਮਲ ਅੰਦਰ ਲੋਕਾਂ ਖਾਸਕਰ ਦਲਿਤਾਂ ਅਤੇ ਆਦਿਵਾਸੀਆਂ ਦੇ ਹੱਕਾਂ 'ਤੇ ਬੇਦਰੇਗ ਹਮਲੇ ਕੀਤੇ ਜਾ ਰਹੇ ਹਨ। ਇਸ ਸਰਕਾਰੀ ਨੀਤੀ ਦਾ ਵਿਰੋਧ ਕਰਨ ਵਾਲੇ, ਖ਼ਾਸ ਕਰਕੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਕੇ ਜਲ, ਜ਼ਮੀਨ ਅਤੇ ਜੰਗਲ ਦੀ ਰਾਖੀ ਲਈ ਜਥੇਬੰਦ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਵੱਖ-ਵੱਖ ਸਰਕਾਰਾਂ ਵਲੋਂ ਬੇਤਹਾਸ਼ਾ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਤੇ ਇਹ ਯਕੀਨੀ ਬਣਾਉਣ ਲਈ ਕਿ ਇਸ ਜ਼ੁਲਮ ਦਾ ਦੁਨੀਆ ਨੂੰ ਪਤਾ ਵੀ ਨਾ ਲਗੇ ਇਸ ਲਈ ਜਿਹੜੇ ਪੱਤਰਕਾਰ, ਜਮਹੂਰੀ ਕਾਰਕੁੰਨ, ਵਕੀਲ ਅਤੇ ਹੋਰ ਬੁੱਧੀਜੀਵੀ ਜਮਹੂਰੀ ਅਤੇ ਮਨੁੱਖੀ ਹੱਕਾਂ ਦੇ ਇਸ ਘਾਣ ਵਿਰੁੱਧ ਆਵਾਜ਼ ਉਠਾਉਂਦੇ ਅਨ ਉਨ੍ਹਾਂ ਉੱਪਰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਅਤੇ ਅੰਗਰੇਜ਼ ਰਾਜ ਦੀਆਂ ਜ਼ਾਲਮ ਕਾਨੂੰਨੀ ਧਾਰਾਵਾਂ ਤਹਿਤ ਰਾਜ ਵਿਰੁੱਧ ਜੰਗ ਛੇੜਨ ਅਤੇ ਰਾਸ਼ਟਰ ਵਿਰੋਧੀ ਹੋਣ ਦੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਛੱਤੀਸਗੜ੍ਹ ਦੇ ਬਸਤਰ ਖੇਤਰ ਨੂੰ ਫਾਸ਼ੀਵਾਦੀ ਜਬਰ ਦੀ ਮੁੱਖ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ ਜਿਥੇ ਝੂਠੇ ਪੁਲਿਸ ਮੁਕਾਬਲਿਆਂ, ਝੂਠੇ ਕੇਸਾਂ ਤਹਿਤ ਸੰਘਰਸ਼ਸ਼ੀਲ ਆਦਿਵਾਸੀਆਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ ਅਤੇ ਸਰਕਾਰੀ ਸਰਪ੍ਰਸਤੀ ਵਾਲੇ ਅਖਾਉਤੀ ਸਿਵਲੀਅਨ ਗਰੋਹਾਂ ਦੇ ਦਹਿਸ਼ਤਵਾਦੀ ਹਮਲਿਆਂ ਦਾ ਸਿਲਸਿਲਾ ਬੇਰੋਕ-ਟੋਕ ਜਾਰੀ ਹੈ। ਦਸੰਬਰ ਮਹੀਨੇ ਤੇਲੰਗਾਨਾ ਸੂਬੇ ਦੇ ਸੱਤ ਵਕੀਲਾਂ ਅਤੇ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰਕੇ ਛੱਤੀਸਗੜ੍ਹ ਦੀ ਜੇਲ੍ਹ ਵਿਚ ਸੰਗੀਨ ਧਾਰਾਵਾਂ ਲਗਾਕੇ ਡੱਕ ਦਿੱਤਾ ਗਿਆ। ਹਾਲ ਹੀ ਵਿਚ ਪੱਛਮੀ ਬੰਗਾਲ ਦੇ ਭਾਂਗਰ ਇਲਾਕੇ ਵਿਚ ਪਾਵਰ ਪ੍ਰੋਜੈਕਟ ਲਈ ਸਰਕਾਰ ਵਲੋਂ ਧੱਕੇ ਨਾਲ ਜ਼ਮੀਨ ਐਕਵਾਇਰ ਕੀਤੇ ਜਾਣ ਦਾ ਵਿਰੋਧ ਕਰਨ ਵਾਲੇ ਸੰਘਰਸ਼ਸ਼ੀਲ ਲੋਕਾਂ ਉੱਪਰ ਅੰਨੇਵਾਹ ਗੋਲੀ ਚਲਾਕੇ ਪੁਲਿਸ ਵਲੋਂ ਦੋ ਬੇਕਸੂਰ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਅਤੇ ਜਮਹੂਰੀ ਕਾਰਕੁੰਨਾਂ ਸ਼ਰਮੀਸਤਾ ਚੌਧਰੀ ਅਤੇ ਪ੍ਰਦੀਪ ਸਿੰਘ ਠਾਕੁਰ ਸਮੇਤ 35 ਲੋਕਾਂ ਨੂੰ ਦਹਿਸ਼ਤਵਾਦ ਵਿਰੋਧੀ ਕਾਨੂੰਨ ਤਹਿਤ ਜੇਲ੍ਹ ਵਿਚ ਡੱਕ ਦਿੱਤਾ ਗਿਆ। ਪਿੱਛੋਂ ਇਸ ਗੋਲੀ ਕਾਂਡ ਦੀ ਜਾਂਚ ਕਰਨ ਗਏ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ ਵੀ ਫੜਕੇ ਜੇਲ੍ਹ ਬੰਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕੇਰਲਾ ਤੇ ਤਾਮਿਲਨਾਡੂ ਵਿਚ ਵੀ ਲੋਕਪੱਖੀ ਵਕੀਲਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ ਅਤੇ ਉੱਤਰਾਖੰਡ ਵਿਚ ਵੀ ਜਮਹੂਰੀ ਕਾਰਕੁੰਨਾਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ। ਪੰਜਾਬ ਵਿਚ ਮੌੜ ਮੰਡੀ ਬੰਬ ਕਾਂਡ ਨੂੰ ਬਹਾਨਾ ਬਣਾਕੇ ਪੁਲਿਸ ਵਲੋਂ ਬਠਿੰਡਾ ਜ਼ਿਲ੍ਹੇ ਵਿਚ ਜਮਹੂਰੀ ਕਾਰਕੁੰਨਾਂ ਤੇ ਘਰਾਂ ਵਿਚ ਛਾਪੇਮਾਰੀ ਕੀਤੀ ਗਈ ਹੈ। ਕਾਨਫਰੰਸ ਵਿਚ ਮੰਗ ਕੀਤੀ ਗਈ ਕਿ ਜਮਹੂਰੀ ਸ਼ਖਸੀਅਤਾਂ ਪ੍ਰੋਫੈਸਰ ਨੰਦਿਨੀ ਸੁੰਦਰ, ਡਾ. ਬੇਲਾ ਭਾਟੀਆ ਅਤੇ ਹੋਰ ਮਨੁੱਖੀ ਅਧਿਕਾਰ ਕਾਰਕੁੰਨਾਂ, ਪੱਤਰਕਾਰਾਂ, ਵਕੀਲਾਂ ਅਤੇ ਆਦਿਵਾਸੀਆਂ ਵਿਰੁੱਧ ਦਰਜ ਕੀਤੇ ਝੂਠੇ ਕੇਸ ਵਾਪਸ ਲਏ ਜਾਣ। ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਸਾਰੇ ਹੀ ਕਾਰਕੁੰਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਪੰਜਾਬ ਵਿਚ ਜਮਹੂਰੀ ਕਾਰਕੁੰਨਾਂ ਨੂੰ ਮੌੜ ਮੰਡੀ ਬੰਬ ਕੇਸ ਦੇ ਬਹਾਨੇ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਝੂਠੇ ਕੇਸਾਂ, ਝੂਠੇ ਪੁਲਿਸ ਮੁਕਾਬਲਿਆਂ ਲਈ ਜ਼ਿੰਮੇਵਾਰ ਪੁਲਿਸ ਅਤੇ ਸੁਰੱਖਿਆ ਬਲਾਂ ਦੇ ਅਧਿਕਾਰੀਆਂ ਦੀ ਸਰਕਾਰੀ ਪੁਸ਼ਤ-ਪਨਾਹੀ ਬੰਦ ਕੀਤੀ ਜਾਵੇ ਅਤੇ ਉਨ੍ਹਾਂ ਦੇ ਖ਼ਿਲਾਫ਼ ਢੁੱਕਵੇਂ ਕੇਸ ਦਰਜ ਕੀਤੇ ਜਾਣ। ਆਦਿਵਾਸੀ ਔਰਤਾਂ ਉੱਪਰ ਜਿਣਸੀ ਹਿੰਸਾ ਬੰਦ ਕੀਤੀ ਜਾਵੇ ਅਤੇ ਇਸ ਲਈ ਜ਼ਿੰਮੇਵਾਰ ਪੁਲਿਸ ਤੇ ਹੋਰ ਸਰਕਾਰੀ ਤਾਕਤਾਂ ਦੇ ਅਧਿਕਾਰੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਜੋਧਪੁਰ ਯੂਨੀਵਰਸਿਟੀ ਦੀ ਪ੍ਰੋਫੈਸਰ ਰਾਣਾਵਤ ਦੀ ਮੁਅੱਤਲੀ ਰੱਦ ਕੀਤੀ ਜਾਵੇ। ਬਸਤਰ, ਕਸ਼ਮੀਰ ਅਤੇ ਹੋਰ




ਇਲਾਕਿਆਂ ਵਿਚ ਓਪਰੇਸ਼ਨ ਗਰੀਨ ਹੰਟ ਅਤੇ ਹੋਰ ਵੱਖੋ-ਵੱਖਰੇ ਨਾਵਾਂ ਹੇਠ ਸਰਕਾਰੀ ਦਹਿਸ਼ਤਵਾਦ ਬੰਦ ਕੀਤਾ ਜਾਵੇ ਅਤੇ ਉੱਥੇ ਤਾਇਨਾਤ ਪੁਲਿਸ ਤੇ ਹੋਰ ਸਰਕਾਰੀ ਤਾਕਤਾਂ ਵਾਪਸ ਬੁਲਾਈਆਂ ਜਾਣ। ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਵਾਲੇ ਯੂ.ਏ.ਪੀ.ਏ., ਛੱਤੀਸਗੜ੍ਹ ਸਪੈਸ਼ਲ ਸਕਿਊਰਿਟੀ ਐਕਟ, ਅਫਸਪਾ, ਜੰਮੂ-ਕਸ਼ਮੀਰ ਪਬਲਿਕ ਸਕਿਊਰਿਟੀ ਐਕਟ ਆਦਿ ਵਿਸ਼ੇਸ਼ ਕਾਨੂੰਨ ਅਤੇ ਇੰਡੀਅਨ ਪੀਨਲ ਕੋਡ ਦੀਆਂ 'ਰਾਜਧ੍ਰੋਹ' ਵਰਗੀਆਂ ਬਸਤੀਵਾਦੀ ਜ਼ਮਾਨੇ ਦੀਆਂ ਧਾਰਾਵਾਂ ਖ਼ਤਮ ਕੀਤੀਆਂ ਜਾਣ। ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਵਿਚ ਹਿੰਦੂਤਵੀ ਫਾਸ਼ੀਵਾਦੀਆਂ ਦੇ ਦਬਾਓ ਹੇਠ ਸਥਾਪਤੀ ਵਿਰੋਧੀ ਪ੍ਰੋਫੈਸਰਾਂ ਅਤੇ ਹੋਰ ਚਿੰਤਨਸ਼ੀਲ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।

ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿਚ ਕਾਨਫਰੰਸ ਕਰਨ ਤੋਂ ਬਾਦ ਹਕੂਮਤੀ ਦਹਿਸ਼ਤਵਾਦ ਅਤੇ ਹਿੰਦੂਤਵੀ ਫਾਸ਼ੀਵਾਦ ਵਿਰੁੱਧ ਨਾਅਰੇ ਲਗਾਉਂਦੇ ਹੋਏ ਅਤੇ ਆਪਣੇ ਹੀ ਲੋਕਾਂ ਵਿਰੁੱਧ ਫ਼ੌਜੀ ਅਤੇ ਨੀਮ-ਫ਼ੌਜੀ ਓਪਰੇਸ਼ਨ ਬੰਦ ਕਰਨ ਦੀ ਮੰਗ ਕਰਦੇ ਹੋਏ ਭਾਰਤ ਨਗਰ ਚੌਕ ਤੋਂ ਹੁੰਦੇ ਹੋਏ ਪੰਜਾਬੀ ਭਵਨ ਤਕ ਮਾਰਚ ਕੀਤਾ ਗਿਆ। ਸਟੇਜ ਦਾ ਸੰਚਾਲਨ ਜਸਵੰਤ ਜੀਰਖ਼ ਵਲੋਂ ਕੀਤਾ ਗਿਆ। ਇਸ ਮੌਕੇ ਸਭਾ ਦੇ ਸਮੂਹ ਸੂਬਾ ਕਮੇਟੀ ਮੈਂਬਰਾਨ ਅਤੇ ਵੱਖ-ਵੱਖ ਜ਼ਿਲ੍ਹਾ ਆਗੂਆਂ ਤੋਂ ਇਲਾਵਾ ਡਾ. ਹਰਬੰਸ ਸਿੰਘ ਗਰੇਵਾਲ, ਮਾਸਟਰ ਭਜਨ ਸਿੰਘ ਕੈਨੇਡਾ, ਡਾ. ਕਿਸ਼ਨ ਚੰਦ ਕੌਮੀ, ਪ੍ਰੋਫੈਸਰ ਬਾਵਾ ਸਿੰਘ, ਕੰਵਲਜੀਤ ਖੰਨਾ, ਨਾਟਕਕਾਰ ਹਰਕੇਸ਼ ਚੌਧਰੀ, ਕਾ. ਬਸ਼ੇਸ਼ਰ ਰਾਮ ਅਤੇ ਹੋਰ ਬਹੁਤ ਸਾਰੀਆਂ ਜਮਹੂਰੀ ਸ਼ਖਸੀਅਤਾਂ ਹਾਜ਼ਰ ਸਨ।

# ਜ਼ਮੀਨੀ ਘੋਲ ਦੇ ਸ਼ਹੀਦ ਸਾਧੂ ਸਿੰਘ ਤਖਤੂਪੁਰਾ ਰੋਹ ਭਰਪੂਰ ਸ਼ਰਧਾਂਜਲੀਆਂ ਭੇਟ

**ਨਿਹਾਲ ਸਿੰਘ ਵਾਲਾ**

ਇਲਾਕੇ ਦੇ ਇਤਿਹਾਸਕ ਪਿੰਡ ਤਖਤੂਪੁਰਾ ਵਿਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਮਿਹਨਤੀ ਵਰਗਾਂ ਦੇ ਹਜ਼ਾਰਾਂ ਦੇ ਇਕੱਠ ਨੇ ਜ਼ਮੀਨੀ ਘੋਲ ਦੇ ਸ਼ਹੀਦ ਸਾਧੂ ਸਿੰਘ ਤਖਤੂਪੁਰਾ ਨੂੰ ਉਨ੍ਹਾਂ ਦੀ 7ਵੀਂ ਬਰਸੀ 'ਤੇ ਰੋਹ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਯਾਦ ਰਹੇ ਕਿ ਸ੍ਰੀ ਸਾਧੂ ਸਿੰਘ ਨੂੰ 16 ਫਰਵਰੀ 2010 ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਵਿਚ ਰਾਵੀ ਦੇ ਕੰਢੇ ਵਸੇ ਪਿੰਡ ਭਿੰਡੀ ਔਲਖ ਵਿਖੇ ਸਰਕਾਰੀ ਸ਼ਹਿ ਪ੍ਰਾਪਤ ਗੁੰਡਿਆਂ ਨੇ ਹਮਲਾ ਕਰਕੇ ਸ਼ਹੀਦ ਕਰ ਦਿਤਾ ਸੀ। ਉਸ ਸਮੇਂ ਉਹ ਇਲਾਕੇ ਵਿਚ ਆਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਸੰਘਰਸ਼ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ 'ਤੇ ਬੁਲਾਰਿਆਂ ਨੇ ਸਾਧੂ ਸਿੰਘ ਤਖਤੂਪੁਰਾ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਨੇਆਪਣੀ ਜ਼ਿੰਦਗੀ ਦੇ 50 ਸਾਲ ਲੋਕ ਹਿੱਤਾਂ ਦੇ ਲੇਖੇ ਲਾਏ। ਅੰਤ ਉਹ ਕਿਸਾਨਾਂ, ਖੇਤ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਆਪਣਾ ਸਰੀਰ ਲਾ ਗਏ। ਆਗੂਆਂ ਨੇ ਦੱਸਿਆ ਕਿ ਅੱਜ ਦੇਸ਼ ਦੇ ਕਿਸਾਨਾਂ ਦਾ ਵਾਲ ਵਾਲ ਕਰਜ਼ੇ ਵਿਚ ਵਿੰਨਿਆ ਪਿਆ ਹੈ। ਸਮੁੱਚੇ ਹਿੰਦੋਸਤਾਨ ਵਿਚ ਕਰਜ਼ੇ ਦੇ ਸਤਾਏ ਕਿਸਾਨ ਆਪਣੀਆਂ ਜ਼ਿੰਦਗੀਆਂ ਆਪ ਖਤਮ ਕਰਨ ਦੇ ਰਾਹ ਪੈ ਗਏ ਹਨ। ਪੰਜਾਬ ਵਿਚ ਰੋਜ਼ਾਨਾ 2 ਜਾਂ 3 ਖੁਦਕਸ਼ੀਆਂ ਹੋ ਰਹੀਆਂ ਹਨ। ਦੇਸ਼ ਦੇ ਹਾਕਮ ਇਹ ਸਭ ਕੁਝ ਜਾਣਦੇ ਹੋਏ ਵੀ ਕਿਸਾਨਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ। ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੇ ਸਵਾਲ 'ਤੇ ਅਕਾਲੀ-ਭਾਜਪਾ ਸਰਕਾਰ ਦਾ ਬਹੁਤ ਜਾਲਮਾਨਾ ਵਿਹਾਰ ਸਾਹਮਣੇ ਆਇਆ ਹੈ। ਕਿਸਾਨ ਜਥੇਬੰਦੀਆਂ ਦੁਆਰਾ ਸੰਘਰਸ਼ ਕਰਕੇ ਦੋ ਲੱਖ ਪ੍ਰਤੀ ਪੀੜਤ ਮੁਆਵਜ਼ਾ ਦੁਆਉਣ ਦੀ ਮੰਗ ਮਨਾਈ ਸੀ ਉਹ ਵੀ ਲਾਗੂ ਨਹੀਂ ਕੀਤੀ ਨਵੀਆਂ ਖੁਦਕੁਸ਼ੀਆਂ ਹੋਣ 'ਤੇ 3 ਲੱਖ ਰੁਪਈਆ ਮੌਕੇ 'ਤੇ ਦੇਣ ਦਾ ਐਲਾਨ ਖੁਦਕੁਸ਼ੀਆਂ ਪ੍ਰਤੀ ਗੈਰ ਜ਼ਿੰਮੇਵਾਰਾਨਾ ਪਹੁੰਚ ਸੀ ਪਰ ਇਹ ਵੀ ਕਿਤੇ ਲਾਗੂ ਨਹੀਂ ਹੋਇਆ। ਕਿਸਾਨ ਜਥੇਬੰਦੀਆਂ ਵਲੋਂ ਉਭਾਰੇ ਕਰਜ਼ੇ ਅਤੇ ਖੁਦਕੁਸੀਆਂ ਦੇ ਮਸਲੇ 'ਤੇ ਭਾਵੇਂ ਹੋਰ ਪਾਰਟੀਆਂ ਨੂੰ ਬੋਲਣਾ ਪਿਆ ਹੈ ਪਰ ਕਿਸੇ ਪਾਰਟੀ ਕੋਲ ਵੀ ਇਨ੍ਹਾਂ ਮਸਲਿਆਂ ਦਾ ਠੋਸ ਹੱਲ ਨਹੀਂ। ਸਿਰਫ਼ ਵੋਟਾਂ ਦੀ ਫਸਲ ਵੱਢਣ ਲਈ ਦਿੱਤੇ ਜਾਂਦੇ ਬਿਆਨ ਹੀ ਹਨ। ਅੱਜ ਜਦੋਂ ਦੇਸ਼ ਦੇ ਹਾਕਮਾਂ ਵਲੋਂ ਚੋਣਾਂ ਰਾਹੀਂ ਲੋਕਾਂ ਦਾ ਧਿਆਨ ਉਨ੍ਹਾਂ ਦੇ ਮਸਲਿਆਂ ਤੋਂ ਤਿਲਕਾ ਕੇਦੋਮ ਦਰਜੇ ਦੇ ਮਸਲੇ ਖੜ੍ਹੇ ਕਰਕੇ ਲੋਕਾਂ ਤੋਂ ਫਤਵਾ ਲੈਣ ਦੇ ਨਾਂ ਹੇਠ ਆਪਸੀ ਵਿਰੋਧਾਂ ਨੂੰ ਹੱਲ ਕਰਨ ਦੀ ਇਕ ਭਟਕਾਊ ਕਸਰਤ ਕੀਤੀ ਜਾ ਰਹੀ ਹੈ ਤਾਂ ਸਾਨੂੰ ਸ਼ਹੀਦ ਸਾਧੂ ਸਿੰਘ ਦਾ ਦਿੱਤਾ ਇਹ ਸੁਨੇਹਾ ਚੇਤੇ ਰੱਖਣਾ ਚਾਹੀਦਾ ਹੈ ਕਿ ਕਿਸਾਨਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਚੋਣਾਂ ਰਾਹੀਂ ਨਹੀਂ ਸੰਘਰਸ਼ਾਂ ਰਾਹੀਂ ਹੱਲ ਹੋਣੀਆਂ ਹਨ। ਆਗੂਆਂ ਨੇ ਦੱਸਿਆ ਕਿ ਸੱਤ ਸਾਲ ਬੀਤਣ ਤੋਂ ਬਾਅਦ ਵੀ ਸ਼ਹੀਦ ਸਾਧੂ ਸਿੰਘ ਦੇ ਕਾਤਲਾਂ ਨੂੰ ਕੋਈ ਸਜ਼ਾ ਨਹੀਂ ਮਿਲੀ ਸਗੋਂ ਹੇਠਲੀ



ਅਦਾਲਤ ਨੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਹੈ ਭਾਵੇਂ ਅਜੇ ਕੇਸ ਉਪਰਲੀ ਅਦਾਲਤ ਵਿਚ ਚਲ ਰਿਹਾ ਹੈ, ਪਰ ਦੋਸ਼ੀਆਂ ਨੂੰ ਬਣਦੀ ਸਜ਼ਾ ਲੋਕ ਆਪਣੀਆਂ ਅਦਾਲਤਾਂ ਰਾਹੀਂ ਹੀ ਹੋਣਗੇ। ਜਿਸ ਲਈ ਸਾਨੂੰ ਕਿਸਾਨ ਲਹਿਰ ਨੂੰ ਹੋਰ ਮਜਬੂਤ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਆਪਣੀਆਂ ਸਹਿਯੋਗੀ ਜਥੇਬੰਦੀਆਂ ਨਾਲ ਰਲ ਕੇ ਜਾਨ ਹੁਲਵੇਂ ਘੋਲ ਲੜੇ ਹਨ। ਇਸੇ ਕਰਕੇ ਹਾਕਮਾਂ ਦੀਆਂ ਪਾਲੀਆਂ ਗੁੰਡਾ ਤਾਕਤਾਂ ਨੇ ਸਾਥੋਂ ਸਾਧੂ ਸਿੰਘ ਤਖਤੂਪੁਰਾ ਅਤੇ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਵਰਗੇ ਘੁਲਾਟੀਏ ਖੋਹ ਲਏ ਹਨ। ਕਿਸਾਨ ਲਹਿਰ ਨੂੰ ਅਜੇ ਹੋਰ ਚੁਣੌਤੀਆਂ ਦਰਪੇਸ਼ ਹਨ। ਬੀਤੇ ਦਿਨ ਸੁਨਾਮ ਨੇੜੇ ਕੋਹੜੀਆਂ ਪਿੰਡ 'ਚ ਵਾਪਰੀ ਘਟਨਾ ਸਾਬਤ ਕਰਦੀ ਹੈ ਕਿ ਪੁਲਿਸ ਸਿਆਸੀ ਗੁੰਡਾ ਗਠਜੋੜ ਕਿਸਾਨ ਜਥੇਬੰਦੀਆਂ 'ਤੇ ਵਿਹੁ ਘੋਲ ਰਿਹਾ ਹੈ। ਜਲੂਰ ਜਬਰ ਕਾਂਡ ਮੌਕੇ ਮਾਤਾ ਗੁਰਦੇਵ ਕੌਰ ਦੇਕਤਲ 'ਚ ਨਾਮਜਕ ਖੁੱਲ੍ਹੇ ਫਿਰਦੇ ਦੋਸ਼ੀ ਮੰਗੂ ਅਤੇ ਉਸਦੇ ਸਾਥੀਆਂ ਵਲੋਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ 'ਤੇ ਹਮਲੇ ਦੀ ਭੜਕਾਹਟ ਭਰੀ ਕੋਸ਼ਿਸ਼ ਕੀਤੀ ਗਹੀ ਜਿਸ ਨੂੰ ਜਥੇਬੰਦੀ ਦੇ ਜਬਤਬੱਦ ਆਗੂਆਂ ਨੇ ਭੜਕਾਹਟ 'ਚ ਆਉਣ ਤੋਂ ਬਿਨਾਂ ਨਾਕਾਮ ਕਰ ਦਿੱਤਾ। ਬੇਸ਼ੱਕ ਬੇਜਮੀਨੇ ਦਲਿਤ ਮਜ਼ਦੂਰਾਂ 'ਤੇ ਹਮਲਾ ਕਰਕੇ ਜਲੂਰ ਪਿੰਡ ਵਿਚ ਉਨ੍ਹਾਂ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਆਪਸੀ ਰਿਸ਼ਤੇ 'ਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਉਨ੍ਹਾਂ ਦੇ ਇਹ ਮਨਸ਼ੇ ਕਾਮਯਾਬ ਨਹੀਂ ਹੋਣ ਦਿੱਤੇ। ਕਿਸਾਨ ਲਹਿਰ ਇਸ ਹਮਲੇ ਦਾ ਵੀ ਜਥੇਬੰਦ ਸੰਘਰਸ਼ ਰਾਹੀਂ ਤੋੜਵਾਂ ਜਵਾਬ ਦੇਵੇਗੀ। ਭਾਰਤੀ ਕਿਸਾਨ ਯੂਨੀਅਨ ਏਕਤਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਦੇ ਸੂਬਾ ਪੱਧਰੇ ਆਗੂਆਂ ਨੇ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸ਼ਹੀਦ ਦੀ ਫੋਟੋ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਇਕੱਠ ਨੂੰ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਜੁਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸੂਬਾ ਕਮੇਟੀ ਮੈਂਬਰ ਝੰਡਾ ਸਿੰਘ ਜੇਠੂਕੇ, ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਕਿਸਾਨ ਔਰਤ ਆਗੂਆਂ ਹਰਿੰਦਰ ਕੌਰ ਬਿੰਦੂ, ਕੁਲਦੀਪ ਕੌਰ ਕੁੱਸਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਸੰਬੋਧਨ ਕੀਤਾ। ਇਸ ਮੌਕੇ ਸ਼ਾਮਲ ਹੋਣ ਵਾਲਿਆਂ 'ਚ ਪ੍ਰਮੁੱਖ ਸਾਧੂ ਸਿੰਘ ਯਾਦਗਾਰ ਕਮੇਟੀ ਦੇ ਬੁਲਾਰੇ ਕ੍ਰਿਸ਼ਨ ਦਿਆਲ ਕੁੱਸਾ, ਖੇਤ ਮਜ਼ਦੂਰ ਆਗੂ ਬਲਵੰਤ ਸਿੰਘ ਬਾਘੂਪੁਰਾਣਾ, ਮੇਜਰ ਸਿੰਘ ਕਾਲੇਕੇ ਅਤੇ ਮੁਲਾਜ਼ਮ ਆਗੂ ਦਿਵਵਿਜੇਪਾਲ ਆਦਿ ਹਾਜ਼ਰ ਸਨ। ਇਸ ਮੌਕੇ 'ਤੇ ਸ਼ਹੀਦ ਸਾਧੂ ਸਿੰਘ ਦੀ ਯਾਦਗਾਰ ਅਤੇ ਸਮਾਰਕ ਖਿੱਚ ਦਾ ਕੇਂਦਰ ਬਣੀ ਰਹੀ ਜਿਸ ਨੂੰ ਸਾਧੂ ਸਿੰਘ ਦੀਆਂ ਕਵਿਤਾਵਾਂ, ਸਤਰਾਂ ਅਤੇ ਤਸਵੀਰਾਂ ਦੀਆਂ ਫਲੈਕਸਾਂ ਨਾਲ ਸਜਾਇਆ ਗਿਆ ਸੀ ਅਤੇ ਚੁਫੇਰੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਦੇ ਝੰਡੇ ਲਹਿਰਾ ਰਹੇ ਸਨ। ਅੰਤ ਵਿਚ ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਵਲੋਂ ਨਾਟਕ 'ਭੇਡਾਂ' ਅਤੇ ਦੋ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਬਾਹਰੋਂ ਆਏ ਕਿਸਾਨਾਂ ਮਜ਼ਦੂਰਾਂ ਲਈ ਚਾਹ-ਪਾਣੀ ਅਤੇ ਲੰਗਰ ਦਾ ਪ੍ਰਬੰਧ ਪਿੰਡ ਨਿਵਾਸੀਆਂ ਅਤੇ ਇਲਾਕੇ ਦੀਆਂ ਬੀ. ਕੇ. ਯੂ. ਦੀਆਂ ਇਕਾਈਆਂ ਵਲੋਂ ਕੀਤਾ ਗਿਆ।

# ਕੈਨੇਡੀਅਨ ਭਾਈਚਾਰੇ ਨੂੰ ਨਫ਼ਰਤੀ ਫਿਰਕੂ ਹਿੰਸਾ ਤੋਂ ਬਚਾਉਣ ਦੀ ਲੋੜ



**ਦਰਬਾਰਾ ਸਿੰਘ ਕਾਹਲੋਂ**

ਕਰੀਬ 20.6 ਪ੍ਰਤੀਸ਼ਤ ਪ੍ਰਵਾਸੀ ਕੈਨੇਡਾ ਅੰਦਰ ਵਸਦੇ ਹਨ। ਖੇਤਰਫਲ ਪੱਖੋਂ ਰੂਸ ਤੋਂ ਬਾਅਦ ਕੈਨੇਡਾ ਵਿਸ਼ਵ ਦਾ ਦੂਸਰਾ ਵੱਡੇ ਖੇਤਰਫਲ ਵਾਲਾ ਦੇਸ਼ ਹੈ। ਲੇਕਿਨ ਇਸ ਦੀ ਆਬਾਦੀ ਮਸਾਂ 3 ਕਰੋੜ 65 ਲੱਖ ਕਰੀਬ ਹੈ। ਭਾਵ ਅਮਰੀਕਾ ਦੇ ਕੈਲੇਫੋਰਨੀਆਂ ਸੂਬੇ ਨਾਲੋਂ ਵੀ ਘੱਟ। ਇਥੋਂ ਦੇ ਸਥਾਨਿਕ ਬਸ਼ਿੰਦਿਆਂ ਦੀ ਅਬਾਦੀ ਕਰੀਬ 14 ਲੱਖ ਹੈ ਜਿੰਨਾਂ ਦੇ ਮਸਲੇ ਬਹੁਤ ਪੇਚੀਦਾ ਅਤੇ ਦੁਖਦਾਈ ਹਨ। ਕੈਨੇਡਾ ਅੰਦਰ ਹਰ 5ਵਾਂ ਵਿਅਕਤੀ ਪ੍ਰਵਾਸੀ ਹੈ। ਇੰਨਾਂ ਵਿਚ ਸਿੱਖ ਭਾਈਚਾਰੇ ਦੀ ਆਬਾਦੀ ਕਰੀਬ 7 ਲੱਖ, ਚੀਨੀਆਂ ਦੀ ਸਾਢੇ 5 ਲੱਖ, ਮੁਸਲਮਾਨਾਂ ਦੀ 11 ਲੱਖ ਹੈ। ਇਵੇਂ ਹੀ ਹੋਰ ਧਰਮਾਂ ਅਤੇ ਦੇਸ਼ਾਂ ਨਾਲ ਸਬੰਧਿਤ ਭਾਈਚਾਰੇ ਹਨ। ਇਵੇਂ ਇਹ ਖੂਬਸੂਰਤ ਦੇਸ਼ ਬਹੁ-ਧਰਮੀ, ਬਹੁ-ਜਾਤੀ, ਬਹੁ-ਨਸਲੀ, ਬਹੁ-ਰੰਗੀ, ਬਹੁ-ਇਲਾਕਾਈ ਭਾਈਚਾਰਿਆਂ ਦਾ ਵਿਸ਼ਾਲ ਗੁੱਲਦਸਤਾ ਹੈ। ਅਜੋਕੇ ਮੁਕਾਬਲੇਬਾਜ਼ੀ ਵਾਲੇ ਵਿਸ਼ਵੀਕਰਨ ਯੁੱਗ ਅੰਦਰ ਇਕ ਤਾਕਤਵਰ ਕੌਮ ਵਜੋਂ ਸਥਾਪਤ ਹੋਣ ਲਈ ਕੈਨੇਡਾ ਸੰਨ 2100 ਤੱਕ ਘੱਟੋ-ਘੱਟ 10 ਕਰੋੜ ਆਬਾਦੀ ਦਾ ਨਿਸ਼ਾਨਾ ਰੱਖੀ ਬੈਠਾ ਹੈ। ਇਸੇ ਕਰਕੇ ਪ੍ਰਵਾਸੀ ਨੌਜਵਾਨਾਂ, ਟੇਲੈਂਟ ਅਤੇ ਪਾੜ੍ਹਆਂ ਸਬੰਧੀ ਇਸ ਦੀ ਇਮੀਗ੍ਰੇਸ਼ਨ ਨੀਤੀ ਕਾਫ਼ੀ ਹੱਦ ਤਕ ਸਹਿਯੋਗੀ ਅਤੇ ਘੱਟ ਪੇਚੀਦਗੀ ਭਰੀ ਹੈ।

ਲੇਕਿਨ ਪਿਛਲੇ ਕੁਝ ਸਮੇਂ ਤੋਂ ਕੈਨੇਡੀਅਨ ਖੁੱਲ੍ਹੇ-ਡੁੱਲੇ, ਉੱਚ ਕਦਰਾਂ-ਕੀਮਤਾਂ ਭਰੇ ਮਾਨਵਵਾਦੀ ਅਤੇ ਅਤਿ ਮਿਠਾਸ ਭਰੇ ਸਹਿਯੋਗੀ ਭਾਈਚਾਰੇ ਅੰਦਰ ਧਾਰਮਿਕ ਕਟੱੜਵਾਦੀ, ਨੱਸਲੀ, ਨਫਰਤੀ ਫਿਰਕੂ ਹਿੰਸਾਵਾਦੀ ਘਟਨਾਵਾਂ ਵਾਪਰਨ ਕਰਕੇ ਸ਼ਹਿਨਸ਼ੀਲਤਾ ਭਰਿਆ ਭਾਈਚਾਰਕ ਮਾਹੌਲ ਵਿਗੜਨ ਦਾ ਉਲਾਰ ਪੈਦਾ ਹੋ ਰਿਹਾ ਹੈ ਜੋ ਇਕ ਬਹੁਤ ਚਿੰਤਾਜਨਕ ਵਿਸ਼ਾ ਹੈ।

ਕੈਨੇਡਾ ਅੰਦਰ ਨਫ਼ਰਤੀ ਫਿਰਕੂ ਹਿੰਸਾ ਦਾ ਚਿੰਗਾਰੀ ਇਕਦਮ ਕਿਸੇ ਕਟੱੜਵਾਦੀ ਫਿਰਕੂ ਬੁਲਬੁਲੇ ਵਿਚੋਂ ਨਹੀਂ ਉਜਾਗਰ ਹੋਈ। ਦਰਅਸਲ ਇਹ ਪਿਛਲੇ ਲੰਬੇ ਸਮੇਂ ਤੋਂ ਕੈਨੇਡੀਅਨ ਸਮਾਜਿਕ ਭਾਈਚਾਰੇ ਅੰਦਰ ਸੁਲੱਘ ਰਹੀ ਹੈ, ਜੋ ਪਿਛਲੇ ਕੁਝ ਸਾਲਾਂ ਤੋਂ ਰੁੱਕ-ਰੁੱਕ ਫੁੱਟ ਕੇ ਬਾਹਰ ਆਉਂਦੀ ਵਿਖਾਈ ਦੇ ਰਹੀ ਹੈ। ਅਜੋਕੇ ਸਮੇਂ ਵਿਚ ਅਮਰੀਕਾ ਦੇ ਨਵੇਂ ਬਣੇ ਜਨੂੰਨੀ, ਠੋਸ ਵਿਚਾਰਧਾਰਾ ਰਹਿਤ, ਮੁਦੱਬਰਤਾਹੀਨ ਪ੍ਰਧਾਨ ਡੋਨਾਲਡ ਟਰੰਪ ਦੀਆਂ ਪ੍ਰਵਾਸ, ਖਾਸ ਕਰਕੇ ਮੁਸਲਿਮ- ਮੈਕਸੀਕਨ ਪ੍ਰਵਾਸ ਵਿਰੋਧੀ ਨੀਤੀਆਂ ਕਰਕੇ ਅੱਗ ਪਕੜਦੀ ਦਿਸੀ ਹੈ।

ਪਿਛਲੇ ਦਿਨੀਂ 29 ਜਨਵਰੀ, 2007 ਨੂੰ ਕਿਊਬੈੱਕ ਫਰਾਂਸੀਸੀ ਬਹੁਲ ਸ਼ਹਿਰ ਅੰਦਰ ਇਕ ਮਸਜਿਦ ਅੰਦਰ 27 ਸਾਲਾ ਨੌਜਵਾਨ ਅਲੈਗਜਾਂਦਰ ਬਿਸਨੇ ਤੇ ਨਾਮਕ ਨੌਜਵਾਨ ਜੋ ਏ.ਕੇ. 47 ਰਾਈਫਲ ਨਾਲ ਲੈਸ ਸੀ, ਨੇ ਘੁੱਸ ਕੇ ਪ੍ਰਾਰਥਨਾ ਕਰ ਰਹੇ 6 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ 10 ਜ਼ਖ਼ਮੀ ਕਰ ਦਿਤੇ। ਇਸ ਕਾਰਵਾਈ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਬਹੁਤ ਸਾਰੇ ਆਗੂਆਂ ਨੇ 'ਅੱਤਵਾਦੀ ਕਾਰਵਾਈ' ਦਰਸਾਇਆ। ਦੇਸ਼ ਅੰਦਰ 11 ਲੱਖ ਮੁਸਲਮਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਅਸੀਂ ਕੈਨੇਡੀਅਨ ਮੁਸਲਮਾਨਾਂ ਦੀ ਕਦਰ ਕਰਦੇ ਹਾਂ। 36 ਮਿਲੀਅਨ ਦਿਲ ਤੁਹਾਡੇ ਦਿਲਾਂ ਵਾਂਗ ਟੁੱਟੇ ਮਹਿਸੂਸ ਕਰਦੇ ਹਨ।

ਕੈਨੇਡਾ ਅੰਦਰ ਧਾਰਮਿਕ ਅਤੇ ਸਮਾਜਿਕ ਸਹਿਨਸ਼ੀਲਤਾ ਬਹੁਤ ਮਹੱਤਵ ਰਖਦੀ ਹੈ। ਇਸ ਦੇਸ਼ ਨੇ ਸੰਨ 2015 ਵਿਚ ਜਸਟਿਨ ਟਰੂਡੋ ਵਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਬਾਅਦ ਕਰੀਬ 40,000 ਸੀਰੀਆਈ ਪ੍ਰਵਾਸੀਆਂ ਨੂੰ ਨਿਵਾਸ ਪ੍ਰਦਾਨ ਕੀਤਾ ਹੈ। ਕੈਨੇਡਾ ਬਹੁਲ ਭਾਈਚਾਰਕਵਾਦ ਦਾ ਵੱਡਾ ਅਲੰਬਰਦਾਰ ਹੈ।

ਵੈਸੇ ਤਾਂ ਅਜੋਕੇ ਕਾਲ ਅੰਦਰ ਕੋਈ ਸਮਾਜ ਜਾਂ ਦੇਸ਼ ਐਸਾ ਨਹੀਂ ਜੋ ਅੱਤਵਾਦੀ ਕਾਰਵਾਈਆਂ ਤੋਂ ਅਭਿੱਜ ਹੋਵੇ ਜਾਂ ਇੱਕਾ-ਦੁੱਕਾ ਨਫ਼ਰਤੀ ਹਿੰਸਕ ਕਾਰਵਾਈਆਂ ਦਾ ਸ਼ਿਕਾਰ ਨਾ ਹੋਇਆ ਹੋਵੇ। ਮਿਸਾਲ ਵਜੋਂ ਨਾਰਵੇ ਵਿਚ ਐਂਡਰਸ ਬਰੀਵਿਕ ਨੇ ਨਫ਼ਰਤੀ ਹਿੰਸਕ ਕਾਰਵਾਈ ਵਿਚ ਅਨੇਕ ਲੋਕ ਮੌਤ ਦੇ ਘਾਟ ਉਤਾਰ ਦਿਤੇ। ਪਿਛਲੀ ਜੁਲਾਈ, 2016 ਵਿਚ ਫਰਾਂਸ ਅੰਦਰ ਨਾਈਸ ਵਿਖੇ ਇਕ ਟਰੱਕ ਚਾਲਕ ਨੇ ਦਰਜਨਾਂ ਲੋਕ ਕੁਚੱਲ ਦਿਤੇ। ਅਕਸਰ ਸਮਾਜ ਹੱਕਾ-ਬੱਕਾ ਰਹਿ ਜਾਂਦਾ ਹੈ ਕਿ ਐਸੀਆਂ ਕਾਰਵਾਈਆਂ ਵਿਰੁੱਧ ਕਿਵੇਂ ਪੇਸ਼ ਆਇਆ ਜਾਵੇ?

ਕੈਨੇਡਾ ਅੰਦਰ ਅਜੋਕੀ ਕਾਰਵਾਈ ਦੇ ਪ੍ਰਤੀਕਰਮ ਵਿਚ ਕਿਊਬੈਕ ਪ੍ਰੀਮੀਅਰ ਫਿਲਪ ਕਊਲਾਰਡ ਦਾ ਕਹਿਣਾ ਸੀ ਕਿ ਹਰ ਸਮਾਜ ਨੂੰ ਕੁਝ ਦਾਨਵਾਂ ਨਾਲ ਸਿੱਝਣਾ ਪੈਂਦਾ ਹੈ। ਸਾਡਾ ਸਮਾਜ ਵੀ ਪਰਿਪੂਰਨ ਨਹੀਂ, ਨਾ ਹੀ ਕੋਈ ਹੋਰ। ਲੇਕਿਨ ਉਨ੍ਹਾਂ ਨੂੰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਕਿਸੇ ਵੀ ਲੋਕਤੰਤਰੀ ਸਮਾਜ ਨੂੰ ਐਸੀਆਂ ਘਟਨਾਵਾਂ ਨਾਲ ਸਿੱਝਣ ਲਈ ਹਰ ਧਾਰਮਿਕ ਫਿਰਕੇ ਨੂੰ ਆਪਣੇ ਧਾਰਮਿਕ ਵਿਸ਼ਵਾਸ ਅਤੇ ਸਭਿਆਚਾਰਕ ਰਸਮਾਂ-ਰਿਵਾਜਾਂ ਅਨੁਸਾਰ ਚਲਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਅਜੋਕੇ ਕਾਲ ਵਿਚ ਯੂਰਪ, ਉੱਤਰੀ ਅਮਰੀਕਾ ਸਮੇਤ ਪੱਛਮੀ ਸਮਾਜ ਵਿਚ ਸਭ ਤੋਂ ਵੱਡਾ ਲਫ਼ੜਾ ਹੀ ਇਸੇ ਗੱਲ ਦਾ ਹੈ। ਇਸ ਘਟਨਾ ਦੇ ਪ੍ਰਤੀਕਰਮ ਵਿਚ ਅਮਰੀਕੀ ਟਰੰਪ ਪ੍ਰਸ਼ਾਸ਼ਨ ਦੇ ਵਾਈਟ ਹਾਊਸ ਪ੍ਰੈੱਸ ਸਕੱਤਰ ਜੀਨ ਸਪਾਈਸਰ ਕਹਿਣਾ ਸੀ ਕਿ ਜੇ ਕੈਨੇਡਾ ਨੇ ਮੁਸਲਮਾਨ ਕੈਨੇਡਾ ਤੋਂ ਬਾਹਰ ਕੀਤੇ ਹੁੰਦੇ ਤਾਂ ਕਤਲੋਂ ਦੀ ਲੋੜ ਹੀ ਨਾ ਪੈਂਦੀ। ਇਸ ਤੋਂ ਵੱਡਾ ਗੈਰ-ਜੁਮੇਂਵਾਰਨਾ, ਅਮਾਨਵੀ ਅਤੇ ਮੂਰਖਾਨਾ ਪ੍ਰਤੀਕਰਮ ਹੋਰ ਕਿਹੜਾ ਹੋ ਸਕਦਾ ਹੈ।

ਦਰਅਸਲ ਇਸਲਾਮ ਪੱਛਮੀ ਜਗਤ ਅਮਰੀਕਾ ਦੇ ਨਿਸ਼ਾਨੇ ਤੇ ਅਮਰੀਕਾ ਅੰਦਰ 9/11 ਦੀ ਘਟਨਾ ਬਾਅਦ ਨੰਬਰ ਇਕ ਦੁਸ਼ਮਣ ਵਜੋਂ ਰਿਹਾ ਹੈ। ਅਮਰੀਕੀ ਮੁਸਲਿਮ ਭਾਈਚਾਰਾ ਭਾਵੇਂ ਇਸਲਾਮ ਨੂੰ ਸ਼ਾਂਤੀ-ਪ੍ਰਿਆ ਧਰਮ ਦਰਸਾਉਣ ਅਤੇ ਅੱਤਵਾਦੀ ਹਿੰਸਕ ਘਟਨਾਵਾਂ ਨੂੰ ਇਸ ਦਾ ਚਿਹਰਾ ਵਿਗਾੜਨ ਵਾਲੀਆਂ ਕਾਰਵਾਈਆਂ ਦਰਸਾਉਣ ਦਾ ਯਤਨ ਕਰਦਾ ਰਿਹਾ ਹੈ। ਲੇਕਿਨ ਇਸ ਦਾ ਪੋਲ ਕਾਹਿਰਾ ਐਲਾਨਨਾਮਾ ਖੋਲ੍ਹਦਾ ਪਾਇਆ ਜਾਂਦਾ ਹੈ ਜੋ ਇਸਲਾਮ ਅੰਦਰ ਮਾਨਵੀ ਅਧਿਕਾਰਾਂ ਨੂੰ ਮਨਫੀ ਕਰਦਾ ਹੈ। ਇਸ ਐਲਾਨਨਾਮੇ ਦੀ ਧਾਰਾ 22 (ਏ) ਸਪਸ਼ਟ ਕਹਿੰਦੀ ਹੈ, 'ਹਰ ਇਕ ਨੂੰ ਅਜ਼ਾਦਾਨਾ ਤੌਰ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੈ ਜੇਕਰ ਉਹ ਸ਼ਰੀਅਤ ਦੇ ਅਸੂਲਾਂ ਦੇ ਵਿਰੁੱਧ ਨਹੀਂ ਹਨ।' ਇਸ ਲਈ ਦੂਸਰੇ ਮਜ਼ਬਾਂ, ਧਰਮਾਂ, ਵਿਸ਼ਵਾਸਾਂ ਦੇ ਮੰਨਣ ਵਾਲੇ ਲੋਕਾਂ ਨੂੰ ਸ਼ਰੀਅਤ ਅਨੁਸਾਰ ਸਜ਼ਾ ਵਜੋਂ ਮਨੁੱਖੀ ਅੰਗਾਂ ਨੂੰ ਕੱਟਣ,



ਬਦਫੈਲੀ ਕਾਰਨ ਸੰਗਸਾਰ ਕਰਨ ਜਾਂ ਕਾਫਿਰਾਂ ਨੂੰ ਮਾਰਨ ਦਾ ਵਿਰੋਧ ਨਹੀਂ ਕਰਨਾ ਚਾਹੀਦਾ।

ਪੱਛਮੀ ਦੇਸ਼ਾਂ ਵਿਚ ਜਾ ਕੇ ਵੱਸਣ ਵਾਲੇ ਮੁਸਲਮਾਨਾਂ ਨੇ ਉਨ੍ਹਾਂ ਦੇਸ਼ਾਂ ਦੇ ਕਾਇਦੇ-ਕਾਨੂੰਨਾਂ, ਮਾਨਵੀ ਮੁੱਲਾਂ, ਖੁੱਲ੍ਹੇ ਸਭਿਆਚਾਰ ਉਲਟ ਸ਼ਰੀਅਤ ਤੇ ਚਲਣ ਤੇ ਬਜ਼ਿਦ ਰਹਿਣ ਕਰਕੇ ਟਕਰਾਅ ਪੈਦਾ ਹੋਣਾ ਸ਼ੁਰੂ ਹੋ ਗਿਆ। ਮੁਸਲਿਮ ਅੱਤਵਾਦੀ ਅਤੇ ਕਟੱੜਵਾਦੀ ਹਿੰਸਕ ਗੁੱਟਾਂ ਦੇ ਪ੍ਰਭਾਵ ਹੇਠ ਸਥਿਤੀ ਹੋਰ ਪੇਚੀਦਗੀ ਭਰੀ ਹੋਣੀ ਸ਼ੁਰੂ ਹੋ ਗਈ। ਅਜੋਕੇ ਸਮੇਂ ਇਹ ਨਫ਼ਰਤੀ ਫਿਰਕੂ ਹਿੰਸਾ ਦਾ ਰੂਪ ਧਾਰਨ ਕਰ ਗਈ ਹੈ। ਫਰਾਂਸ, ਜਰਮਨੀ, ਬੈਲਜੀਅਮ, ਬ੍ਰਿਟੇਨ, ਅਮਰੀਕਾ ਅਤੇ ਕੈਨੇਡਾ ਅੰਦਰ ਮੁਸਲਿਮ ਅੱਤਵਾਦੀ ਅਤੇ ਕਟੱੜਵਾਦੀ ਹਿੰਸਕ ਘਟਨਾਵਾਂ ਨੇ ਇਸ ਨੂੰ ਹੋਰ ਘਿਨਾਉਣਾ ਰੂਪ ਦੇਣ ਵਿਚ ਮਦਦ ਕੀਤੀ।

ਕੈਨੇਡਾ ਜੋ ਅਕਸਰ ਖੁੱਲ੍ਹੇਪਣ, ਬਹੁਲਵਾਦੀ ਸਹਿਨਸ਼ੀਲ ਭਾਈਚਾਰੇ, ਮਾਨਵ ਅਜ਼ਾਦੀਆਂ ਦੇ ਉੱਚ ਮੁੱਲਾਂ ਦਾ ਅਲੰਬਰਦਾਰ ਹੋਣ ਦੀ ਗੱਲ ਕਰਦਾ ਹੈ ਅੰਦਰ ਗੋਰੀ ਨਫ਼ਰਤੀ ਫਿਰਕੂ ਹਿੰਸਾ ਅਤੇ ਗੋਰਾਂ ਕਟੱੜਵਾਦ ਅਮਰੀਕਾ ਦੀ ਤਰ੍ਹਾਂ ਕੁਝ ਪਾਕੇਟਾਂ ਵਿਚ ਜ਼ੋਰ ਪਕੜਦਾ ਨਜ਼ਰ ਆਉਂਦਾ ਹੈ। ਕਿਊਬੈਕ ਪ੍ਰਾਂਤ ਵਿਚ ਇਸਲਾਮੋਫੋਬੀਆ ਦੂਸਰੇ ਪ੍ਰਾਂਤਾਂ ਨਾਲੋਂ ਵਧ ਪਾਇਆ ਜਾ ਰਿਹਾ ਹੈ। ਕਿਊਬੈਕ ਸ਼ਹਿਰ ਅੰਦਰ ਪੂਰੇ ਕਿਊਬੈਕ ਨਾਲੋਂ 20 ਪ੍ਰਤੀਸ਼ਤ ਜ਼ਿਆਦਾ ਦਰਜ ਕੀਤਾ ਗਿਆ ਹੈ।

ਕੈਨੇਡਾ 'ਤੇ ਇਹ ਵੀ ਦੋਸ਼ ਲਗਦਾ ਹੈ ਕਿ ਅਮਰੀਕਾ ਦਾ ਸਹਿਯੋਗੀ ਅਤੇ ਗੁਆਂਢੀ ਹੋਣ ਨਾਤੇ ਉਹ ਅਮਰੀਕਾ ਦੇ ਕਟੱੜਵਾਦੀ-ਅੱਤਵਾਦੀ ਮੁਸਲਿਮ ਜਹਾਦ ਵਿਰੁੱਧ ਜੰਗ ਨੂੰ ਅਮਰੀਕੀ ਸ਼ੀਸ਼ੇ ਵਿਚ ਤੱਕਦਾ ਹੈ। ਦੋਹਾਂ ਦੇਸ਼ਾਂ ਨੇ ਪਹਿਲੀ ਖਾੜੀ ਜੰਗ ਵਿਚ ਜੋਸ਼ੋ-ਖਰੋਸ਼ ਨਾਲ ਭਾਗ ਲਿਆ ਜਿਸ ਨੇ ਦੋਹਾਂ ਦੇਸ਼ਾਂ ਦੀ ਘਰੇਗੀ ਜਨਤਾ ਵਿਚ ਇਸਲਾਮਿਕ ਫੋਬੀਆ ਭੜਕਾਉਣ ਵਿਚ ਵੱਡਾ ਯੋਗਦਾਨ ਪਾਇਆ। ਭਾਵੇਂ ਇਰਾਕ ਤੇ ਹਮਲੇ ਵਿਚ ਕੈਨੇਡਾ ਨੇ ਭਾਗ ਨਾ ਲਿਆ ਲੇਕਿਨ ਕੁੰਜੀਵਤ ਫ਼ੌਜੀ ਕਾਰਵਾਈਆਂ ਵਿਚ ਉਹ ਅਮਰੀਕਾ ਨਾਲ ਖੜ੍ਹਾ ਦਿਸਿਆ। ਜਿਵੇਂ ਕਿ ਅਫਗਾਨਿਸਤਾਨ ਅਤੇ ਕਈ ਹੋਰਨੀਂ ਥਾਈਂ। ਹੁਣ ਅਫਰੀਕਾ ਅੰਦਰ ਸ਼ਾਂਤੀ ਫ਼ੌਜੀ ਮਿਸ਼ਨ ਚਲ ਰਿਹਾ ਹੈ।

ਸੰਨ 2004 ਵਿਚ ਜਦੋਂ ਮੁਸਲਮਾਨਾਂ ਨੇ ਯਹੂਦੀਆਂ ਅਤੇ ਇਸਾਈਆਂ ਵਾਂਗ ਧਾਰਮਿਕ ਤੌਰ 'ਤੇ ਕਾਨੂੰਨੀ ਹਮਾਇਤ ਮੰਗੀ ਤਾਂ ਇਸਲਾਮ ਅੰਦਰ ਮਾਨਵ ਅਧਿਕਾਰਾਂ ਵਿਰੋਧੀ ਸੰਗਸਾਰ, ਸਿਰ ਕਲਮ ਕਰਨਾ, ਹੱਥ-ਪੈਰ ਕੱਟਣ, ਪਰਦੇ, ਧਾਰਮਿਕ ਅੱਤਵਾਦ ਜਿਹੇ ਮੁੱਦੇ ਮੀਡੀਏ ਅੰਦਰ ਸੁਰਖੀਆਂ ਬਣਦੇ ਵੇਖੇ ਗਏ।

11 ਸਾਲਾ ਮੁਸਲਿਮ ਬੱਚੀ ਵਲੋਂ ਫੁਟਬਾਲ ਖੇਡਦੇ ਵੇਲੇ 'ਹਿਜਾਬ' ਪਹਿਨਣ ਦੀ ਘਟਨਾ ਨੂੰ ਲੈ ਕੇ ਕਿਊਬੈਕ ਪ੍ਰਾਂਤ ਅੰਦਰ ਧਾਰਮਿਕ ਘੱਟ-ਗਿਣਤੀਆਂ ਨੂੰ ਤਰਕ ਸੰਗਤ ਢੰਗ ਨਾਲ ਵਿਚਰਣ ਸਬੰਧੀ ਵਿਵਾਦ ਪੈਦਾ ਹੋ ਗਿਆ। ਸੰਨ 2007-08 ਵਿਚ ਇਸ 'ਤੇ ਖੂਬ ਬਹਿਸ-ਮੁਬਹਿਸਾ ਹੋਇਆ। ਸੰਨ 2010 ਵਿਚ ਇਕ ਕਾਨੂੰਨ ਅਸੈਂਬਲੀ 'ਚ ਪਾਸ ਕਰਕੇ ਪਬਲਿਕ ਥਾਵਾਂ 'ਤੇ ਮੁਸਲਿਮ ਔਰਤਾਂ 'ਤੇ ਨਕਾਬ ਪਹਿਨਣ ਦੀ ਪਾਬੰਦੀ ਅਹਿਦ ਕਰ ਦਿਤੀ। ਸੰਨ 2013 ਵਿਚ ਕਿਊਬੈਕ ਚਾਰਟਰ ਆੱਫ ਵੇ ਲਯੂਜ਼ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਵਿਚ ਅਧਿਆਪਕ, ਨਰਸਾਂ ਅਤੇ ਅਫਸਰਸ਼ਾਹ ਸ਼ਾਮਿਲ ਸਨ, ਨੂੰ ਕਿਸੇ ਵੀ ਤਰ੍ਹਾਂ ਦੇ ਧਾਰਮਿਕ ਚਿੰਨ੍ਹ ਪਹਿਨਣ ਤੋਂ ਮਨਾਹੀ ਕਰ ਦਿਤੀ ਗਈ।

ਕਿਊਬੈਕ ਅੰਦਰ ਇਸਲਾਮਿਕ ਕਲਚਰਲ ਸੈਂਟਰ ਨੂੰ ਨਿਸ਼ਾਨਾ ਬਣਾਇਆ ਗਿਆ ਕਿ ਇਹ ਇਸਲਾਮਿਕ ਕਟੱੜਵਾਦ ਅਤੇ ਅੱਤਵਾਦ ਨੂੰ ਉਕਸਾ ਰਿਹਾ ਹੈ। ਸੰਨ 2014 ਵਿਚ ਇਸ ਸੈਂਟਰ ਨੇੜੇ ਨਸਲਵਾਦੀ ਪੋਸਟਰ ਲਗਾਏ ਗਏ।

ਇਕ ਟਰੱਕ ਚਾਲਕ ਵਲੋਂ ਕੁਝ ਫ਼ੌਜੀਆਂ ਤੇ ਟਰੱਕ ਚੜ੍ਹਾਉਣ ਅਤੇ ਪਾਰਲੀਮੈਂਟ ਹਾਊਸ 'ਤੇ ਹਮਲੇ ਪਿਛੇ ਇਸ ਸੈਂਟਰ ਦਾ ਹੱਥ ਦਰਸਾਇਆ ਗਿਆ। ਜੁਲਾਈ 9, 2016 ਵਿਚ 'ਦਾ ਸਨ' ਅਖ਼ਬਾਰ ਵਿਚ ਛਪੇ ਇਕ ਪੱਤਰ ਵਿਚ ਇਸ ਸੈਂਟਰ ਦਾ ਮਿਸਰ ਅਤੇ ਰੂਸ ਵਲੋਂ ਪਾਬੰਦੀ ਸ਼ੁਦਾ ਸੰਗਠਨ 'ਮੁਸਲਿਮ ਬਰਦਰਹੁੱਡ' ਸਬੰਧ ਦਰਸਾਇਆ ਗਿਆ। ਜਦਕਿ ਇਸ ਸੈਂਟਰ ਦੇ ਪ੍ਰਧਾਨ ਮੁਹੰਮਦ ਯੰਗੂਈ ਨੇ ਇੰਨਾਂ ਦੋਸ਼ਾਂ ਦਾ ਖੰਡਨ ਕੀਤਾ।

ਸੰਨ 2016 ਦੇ ਇਕ ਸਰਵੇਖਣ ਵਿਚ ਓਂਟੇਰੀਓ ਨਿਵਾਸੀਆਂ ਦੀ ਬਹੁਸੰਮਤੀ ਨੇ ਇਸਲਾਮ ਨੂੰ ਹਿੰਸਾ ਭੜਕਾਊ ਧਰਮ ਦਰਸਾਇਆ।

ਇਸਲਾਮਿਕ ਕਟੱੜਵਾਦ ਤੇ ਪਰਦਾਪੋਸ਼ੀ ਲਈ ਬਾਰਬਰਾ ਕੇਅ ਅਨੁਸਾਰ ਕੈਨੇਡੀਅਨ ਸਮਾਜ ਅੰਦਰ 'ਉਪਯੋਗੀ ਮੂਰਖ' ਮਿਲ ਜਾਂਦੇ ਹਨ। ਮਿਸਾਲ ਵਜੋਂ ਕਿਊਬੈਕ ਮਾਨਵ ਅਧਿਕਾਰ ਕਮਿਸ਼ਨ ਅਤੇ ਓਟਾਵਾ ਯੂਨੀਵਰਸਿਟੀ ਪ੍ਰਧਾਨ ਜੈਕਸ ਫਰੀਮੋਂਟ ਵਰਗੇ। ਇਹ ਵਿਅਕਤੀ ਕਿਊਬੈਕ ਬਿਲ-59 ਦਾ ਪਿਤਾਮਾ ਹੈ ਜਿਸ ਰਾਹੀਂ ਇਸਲਾਮ ਦੇ ਪੈਰੋਕਾਰਾਂ ਨੂੰ ਰਿਝਾਇਆ ਜਾਏਗਾ। ਇਸ ਅਨੁਸਾਰ ਐਸੀਆਂ ਵੈਬਸਾਈਟਾਂ ਅਤੇ ਵਿਅਕਤੀਆਂ ਦਾ ਪਿੱਛਾ ਕੀਤਾ ਜਾਵੇਗਾ ਜੋ ਹਿੰਸਾ ਉਕਸਾਉਂਦੀਆਂ ਹੋਣ (ਇਸਲਾਮ ਵਿਰੁੱਧ)। ਪੱਛਮੀ ਸਮਾਜ ਇਸਲਾਮਿਕ ਪ੍ਰਵਾਸੀਆਂ ਲਈ ਉਨ੍ਹਾਂ ਦੇਸ਼ਾਂ ਵਲੋਂ ਸਿਹਤ ਬੀਮੇ, ਮੁਫ਼ਤ ਖਾਧ ਪਦਾਰਥ ਸਟੈਂਪਾਂ ਅਤੇ ਜਨਤਕ ਟਰਾਂਸਪੋਰਟ ਟਿਕਟਾਂ ਬੰਦ ਕਰਨ ਦੀ ਪੈਰਵਾਈ ਕਰਦਾ ਹੈ ਜਿਸ ਅਧੀਨ ਸਿਰਫ਼ ਜਰਮਨੀ 21 ਬਿਲੀਅਨ ਯੌਰੋ ਖ਼ਰਚ ਚੁੱਕਾ ਹੈ। ਡੋਨਾਲਡ ਟਰੰਪ ਦੀ ਆਂਵਦ ਨਾਲ ਰਾਜਨੀਤਕ ਸਹਿਨਸ਼ੀਲਤਾ ਦੇ ਦੌਰ 'ਤੇ ਵਿਸ਼ਰਾਮ ਚਿੰਨ੍ਹ ਲੱਗਣ ਵਾਲਾ ਹੈ।

ਇਸ ਦਾ ਅਸਰ ਗੁਆਂਢੀ ਕੈਨੇਡਾ 'ਤੇ ਪੈਣਾ ਵੀ ਸੁਭਾਵਿਕ ਹੈ। ਲੇਕਿਨ ਕੈਨੇਡਾ ਨੂੰ ਆਪਣੇ ਬਹੁਲਵਾਦੀ ਭਾਈਚਾਰੇ ਅੰਦਰ ਸਹਿਨਸ਼ੀਲਤਾ, ਮਿਲਵਰਤਣ, ਇਕਜੁੱਟਤਾ, ਮਾਨਵਵਾਦੀ ਕਦਰਾਂ-ਕੀਮਤਾਂ ਕਾਇਮ ਰੱਖਣ ਲਈ ਨਸਲਵਾਦੀ ਅਤੇ ਨਫ਼ਰਤੀ ਫਿਰਕੂ ਹਿੰਸਾ ਤੋਂ ਇਸ ਨੂੰ ਬਚਾਅ ਕੇ ਰੱਖਣ ਦੀ ਲੋੜ ਹੈ ਜੋ ਨਿਸ਼ਚਿਤ ਤੌਰ 'ਤੇ ਬਹੁਤ ਵੱਡੀ ਚੁਣੌਤੀ ਹੈ। ਕਿਊਬੈਕ ਗੋਲੀਬਾਰੀ ਦੇ ਦੋਸ਼ੀ ਕਟੱੜ ਨਸਲਵਾਦੀ ਅਲੈਗਜੈਂਡਰ ਬਿਸਨੇਤੇ ਵਿਰੁੱਧ ਅੱਤਵਾਦ ਰੋਕੂ ਬਿਲ ਸੀ-51 ਅਨੁਸਾਰ ਕੀ ਕਾਰਵਾਈ ਕੀਤੀ ਜਾਂਦੀ ਹੈ, ਇਹ ਕੈਨੇਡੀਅਨ ਸਰਕਾਰ, ਪ੍ਰਸ਼ਾਸ਼ਨ ਅਤੇ ਸਮਾਜ ਦੀ ਮਨਸ਼ਾ ਦਾ ਲਿਟਮਸ ਟੈਸਟ ਸਾਬਿਤ ਹੋਵੇਗੀ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।**
**94170-94034**

## ਵੈਲੇਨਟਾਈਨਜ਼ ਡੇ ਮਨਾਉਣ ਦੀ ਬਜਾਏ....



ਬਹੁਤ ਰੌਲਾ ਪਾਇਆ ਜਾ ਰਿਹਾ ਹੈ ਕਿ ਵੈਲੇਨਟਾਈਨਜ਼ ਡੇ ਮਨਾਉਣ ਦੀ ਬਜਾਏ ਸ਼ਹੀਦ ਭਗਤ ਸਿੰਘ ਨੂੰ ਉਸ ਦਿਨ ਯਾਦ ਕੀਤਾ ਜਾਵੇ ਕਿਉਂਕਿ ਉਸ ਦਿਨ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ?

(# ਜਦੋਂਕਿ ਫਾਂਸੀ ਸਜ਼ਾ 7 ਅਕਤੂਬਰ 1930 ਨੂੰ ਸੁਣਾਈ ਗਈ ਸੀ)

ਇਹ ਸਭ ਦੇਖ ਕੇ ਮੈਨੂੰ ਭਗਤ ਸਿੰਘ ਦੀ ਭਾਰਤ ਦੇ ਲੋਕਾਂ ਨੂੰ ਦਿੱਤੀ ਨਸੀਅਤ ਯਾਦ ਆ ਗਈ ਕਿ "ਬਦਕਿਸਮਤੀ ਨਾਲ ਭਾਰਤ ਦਾ ਬੌਧਿਕ ਪੱਖ ਹਮੇਸ਼ਾ ਕਮਜ਼ੋਰ ਰਿਹਾ, ਇਸ ਲਈ ਅਧਿਐਨ ਕਰਨਾ ਹਰ ਇਨਕਲਾਬੀ ਦਾ ਫਰਜ਼ ਹੈ ..."

ਮਤਲਬ ਕਈ ਦਹਾਕੇ ਪਹਿਲਾਂ ਉਹਨਾਂ ਦੁਆਰਾ ਕਹੀ ਗੱਲ ਅੱਜ ਵੀ ਸਹੀ ਢੁਕਦੀ ਹੈ ਕਿ ਅਸੀਂ ਅੱਜ ਵੀ ਬੌਧਿਕ ਪੱਖੋਂ ਪਛੜੇ ਹੋਏ ਹਾਂ ਕਿਉਂ ਕਿ ਉਸਨੂੰ (ਭਗਤ ਸਿੰਘ) ਨੂੰ ਆਪਣਾ ਨਾਇਕ ਤਾਂ ਮੰਨਦੇ ਹਾਂ ਪਰ ਉਸਦੀਆਂ ਲਿਖਤਾਂ ਨਹੀਂ ਪੜ੍ਹਦੇ? ਤਾਂ ਫਿਰ ਉਸਦੇ ਸ਼ਹੀਦੀ ਦਿਨ/ਜਨਮ ਦਿਨ ਮਨਾਉਣ ਦਾ ਕੀ ਫਾਇਦਾ ਜਦੋਂ ਤੱਕ ਅਸੀਂ ਉਸਨੂੰ ਕਦੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ? ਸਿਰਫ ਰਸਮਾਂ ਪੂਰਤੀ ਹੀ ਕਰਦੇ ਆ ਰਹੇ ਹਾਂ?

ਕੀ ਭਗਤ ਸਿੰਘ ਦੀ ਸੋਚ ਪਿਆਰ ਦੇ ਵਿਰੋਧੀ ਹੋ ਸਕਦੀ ਹੈ?

ਜੇ ਉਸਨੂੰ ਪੜ੍ਹਿਆ ਹੁੰਦਾ ਤਾਂ ਅਸੀਂ ਜ਼ਰੂਰ ਜਾਣਦੇ ਕਿ ਉਹ ਪਿਆਰ ਦੇ ਪੱਖ ਵਿੱਚ ਸੀ, ਸੁਖਦੇਵ ਨੂੰ ਲਿਖੇ ਖਤ ਵਿੱਚ ਉਹ ਕਹਿੰਦਾ ਹੈ ਕਿ "... ਪਿਆਰ ਸਦਾ ਮਨੁੱਖ ਦੇ ਕਿਰਦਾਰ ਨੂੰ ਉੱਚਾ ਕਰਦਾ ਹੈ। ਇਹ ਕਦੇ ਵੀ ਉਸਨੂੰ (ਮਨੁੱਖ) ਨੂੰ ਹੀਣਾ ਨਹੀਂ ਕਰਦਾ, ਬਸ਼ਰਤੇ ਪਿਆਰ ਪਿਆਰ ਹੋਵੇ ..ਸੱਚੀ ਮੁਹੱਬਤ ਸਿਰਜੀ ਨਹੀਂ ਜਾ ਸਕਦੀ, ਇਹ ਆਪ ਮੁਹਾਰੀ ਹੈ, ਕੋਈ ਨਹੀਂ ਆਖ ਸਕਦਾ ਕਦੋਂ! ਇਹ ਕੁਦਰਤੀ ਹੈ।"

ਇਸ ਲਈ ਫੈਸਲਾ ਭਗਤ ਸਿੰਘ ਦੇ ਵਾਰਸਾਂ ਨੇ ਕਰਨਾ ਹੈ ਕਿ ਜੇ ਕੋਈ "ਪਿਆਰ ਦਾ ਦਿਨ" ਮਨਾਉਂਦਾ ਹੈ, ਤਾਂ ਉਸਦਾ ਵਿਰੋਧ ਕਰਨਾ ਹੈ ਜਾਂ ਇਸਦੇ ਪੱਖ 'ਚ ਖੜ੍ਹ ਕੇ ਆਪਣਾ ਪਵਿੱਤਰ ਫਰਜ ਨਿਭਾਉਣਾ ਹੈ।

**-ਰਸ਼ਪਿੰਦਰ ਜਿੰਮੀ**

# ਧੱਕੇ ਨਾਲ ਜ਼ਮੀਨਾਂ ਖੋਹਣ ਵਿਰੁੱਧ ਬੰਗਾਲ ਵਿਚ ਉਭਰਿਆ ਇਕ ਹੋਰ ਸੰਘਰਸ਼



**ਬੂਟਾ ਸਿੰਘ**

ਪੱਛਮੀ ਬੰਗਾਲ ਦੇ ਦੱਖਣੀ 24 ਪਰਗਣਾ ਜ਼ਿਲ੍ਹੇ ਦੇ ਭਾਂਗਰ ਇਲਾਕੇ ਦੇ ਲੋਕ ਮਮਤਾ ਬੈਨਰਜੀ ਸਰਕਾਰ ਵਲੋਂ ਪਾਵਰ ਗਰਿੱਡ ਪ੍ਰੋਜੈਕਟ ਲਈ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਐਕਵਾਇਰ ਕੀਤੇ ਜਾਣ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ ਜਿਨ੍ਹਾਂ ਉੱਪਰ ਹਾਲ ਹੀ ਵਿਚ ਪੁਲਿਸ ਅਤੇ ਤ੍ਰਿਣਾਮੂਲ ਕਾਂਗਰਸ ਦੇ ਗੁੰਡਿਆਂ ਵਲੋਂ ਬੇਤਹਾਸ਼ਾ ਜਬਰ ਕੀਤਾ ਗਿਆ। ਪੁਲਿਸ ਦੀਆਂ ਗੋਲੀਆਂ ਨੇ ਦੋ ਬੇਕਸੂਰ ਇਨਸਾਨਾਂ ਦੀ ਜਾਨ ਲੈ ਲਈ ਅਤੇ 35 ਦੇ ਕਰੀਬ ਕਾਰਕੁੰਨਾਂ ਅਤੇ ਆਮ ਲੋਕਾਂ ਨੂੰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਮਾਮਲੇ ਦਰਜ ਕਰਕੇ ਹਿਰਾਸਤ ਵਿਚ ਲੈ ਲਿਆ ਗਿਆ। ਗੋਲੀ ਕਾਂਡ ਦੀ ਜਾਂਚ ਕਰਨ ਲਈ ਉੱਥੇ ਗਈ ਮਨੁੱਖੀ ਹੱਕਾਂ ਦੇ ਕਾਰਕੁੰਨਾਂ ਦੀ ਟੀਮ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਉੱਪਰ ਵੀ ਪਰਚੇ ਦਰਜ ਕਰ ਲਏ ਗਏ।

ਇਹ ਜ਼ਮੀਨ ਸੰਘਣੀ ਵਸੋਂ ਵਾਲੀ ਅਤੇ ਜਰਖੇਜ਼ ਹੈ ਜਿਸ ਉੱਪਰ ਪਾਵਰ ਗਰਿੱਡ ਕਾਰਪੋਰੇਸ਼ਨ ਆਪਣਾ ਪਾਵਰ ਪ੍ਰੋਜੈਕਟ ਲਾਉਣ 'ਤੇ ਤੁਲੀ ਹੋਈ ਹੈ। ਇਸ ਪ੍ਰੋਜੈਕਟ ਨਾਲ ਪ੍ਰਭਾਵਤ ਹੋਣ ਵਾਲੇ ਅੱਧੀ ਦਰਜਨ ਪਿੰਡਾਂ ਦੇ ਲੋਕ ਦੋ ਮੁੱਦਿਆਂ ਨੂੰ ਲੈਕੇ ਵਿਰੋਧ ਕਰ ਰਹੇ ਹਨ: ਪਹਿਲਾ, ਦੋ ਸਾਲ ਪਹਿਲਾਂ ਪਾਵਰ ਗਰਿੱਡ ਲਾਉਣ ਲਈ 16 ਏਕੜ ਜ਼ਮੀਨ ਅਤੇ 2016 ਦੇ ਸ਼ੁਰੂ ਵਿਚ ਟਰਾਂਸਮਿਸ਼ਨ ਲਾਈਨਾਂ ਖਿੱਚਣ ਲਈ ਜੋ ਹੋਰ ਜ਼ਮੀਨ ਧੱਕੇ ਨਾਲ ਐਕਵਾਇਰ ਕੀਤੀ ਗਈ ਉਹ ਖੇਤੀਬਾੜੀ ਵਾਲੀ ਜ਼ਰਖੇਜ਼ ਜ਼ਮੀਨ ਹੈ ਜਦਕਿ ਕਿਹਾ ਇਹ ਗਿਆ ਕਿ ਸਬਸਟੇਸ਼ਨ ਲਈ ਸੜਕ ਨੇੜੇ ਦੀ ਜ਼ਮੀਨ ਐਕਵਾਇਰ ਕੀਤੀ ਜਾਵੇਗੀ। ਦੂਜਾ ਮੁੱਦਾ ਟਰਾਂਸਮਿਸ਼ਨ ਲਾਈਨਾਂ ਨਾਲ ਬਣਨ ਵਾਲੇ ਇਲੈਕਟ੍ਰੋਮੈਗਨੈਟਿਕ ਖੇਤਰ ਅਤੇ ਸਬ-ਸਟੇਸ਼ਨ ਵਿਚ ਇਸਤੇਮਾਲ ਕੀਤੀ ਜਾਣ ਵਾਲੀ ਬਹੁਤ ਹੀ ਸ਼ਕਤੀਸ਼ਾਲੀ ਸਲਫਰ ਹੈਕਸਾਫਲੂਰਾਇਡ (ਐੱਸਐੱਫ6) ਗੈਸ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਣ ਦਾ ਹੈ ਜੋ ਹਾਈ ਵੋਲਟੇਜ ਸਾਜ਼ੋਸਮਾਨ ਵਿੱਚੋਂ ਰਿਸਕੇ ਆਲੇ-ਦੁਆਲੇ ਫੈਲਦੀ ਰਹਿੰਦੀ ਹੈ। ਇਸ ਦੇ ਅਸਰ ਨਾਲ ਸਾਹ ਘੁੱਟਣ ਨਾਲ ਮੌਤ ਹੋਣ ਦਾ ਖ਼ਤਰਾ ਬਣ ਜਾਂਦਾ ਹੈ ਅਤੇ ਇਹ ਮੱਛੀਪਾਲਣ, ਫ਼ਸਲਾਂ ਆਦਿ ਸਥਾਨਕ ਜੀਵਨ-ਗੁਜ਼ਾਰੇ ਨੂੰ ਪ੍ਰਭਾਵਿਤ ਕਰੇਗਾ। ਟਰਾਂਸਮਿਸ਼ਨ ਲਾਈਨਾਂ ਨਾਲ ਬਣੇ ਇਲੈਕਟ੍ਰੋਮੈਗਨੈਟਿਕ ਫੀਲਡ ਨਾਲ ਇਨ੍ਹਾਂ ਲਾਈਨਾਂ ਦੇ ਹੇਠ ਜਾਂ ਇਨ੍ਹਾਂ ਦੇ ਨੇੜੇ ਛੱਤਰੀ ਜਾਂ ਹੋਰ ਕੋਈ ਬਿਜਲਈ ਕੰਡਕਟਰ ਚੀਜ਼ ਲੈਕੇ ਚੱਲਣ ਵਾਲਿਆਂ ਨੂੰ ਬਿਜਲੀ ਦਾ ਝਟਕਾ ਲੱਗ ਸਕਦਾ ਹੈ। ਇਸ ਬਾਰੇ ਵਿਗਿਆਨੀ ਨਿਸ਼ਾ ਬਿਸਵਾਸ ਨੇ ਵਿਸਤਾਰਤ ਰਿਪੋਰਟ ਪੇਸ਼ ਕੀਤੀ ਹੈ। ਇਨ੍ਹਾਂ ਖਦਸ਼ਿਆਂ ਅਤੇ ਮਮਤਾ ਸਰਕਾਰ ਵਲੋਂ ਕੀਤੀ ਜਾ ਰਹੀ ਵਾਅਦਾਖ਼ਿਲਾਫ਼ੀ ਦੇ ਮੱਦੇਨਜ਼ਰ ਜਮੀ, ਜੀਵਿਕਾ, ਬਸਤੂਤੰਤਰ ਓ ਪਰੀਬੇਸ਼ ਰਕਸ਼ਾ ਕਮੇਟੀ (ਜ਼ਮੀਨ, ਗੁਜ਼ਾਰੇ, ਵਾਤਾਵਰਣ ਅਤੇ ਚੌਗਿਰਦੇ ਦੀ ਰਾਖੀ ਲਈ ਕਮੇਟੀ) ਬਣਾਕੇ ਐਂਟੀ ਗਰਿੱਡ ਲੋਕ ਲਹਿਰ ਬਣਾਕੇ ਅੰਦੋਲਨ ਕੀਤਾ ਜਾ ਰਿਹਾ ਹੈ। ਜਿਸਦੀ ਅਗਵਾਈ ਸੀ.ਪੀ.ਆਈ.ਐੱਮ.ਐੱਲ. ਰੈੱਡ ਸਟਾਰ ਵਲੋਂ ਕੀਤੀ ਜਾ ਰਹੀ ਹੈ।

ਮਮਤਾ ਸਰਕਾਰ ਲੋਕਾਂ ਨਾਲ ਵਿਸਾਹਘਾਤ ਕਰ ਰਹੀ ਹੈ। ਲੋਕਾਂ ਨੂੰ ਕਿਹਾ ਗਿਆ ਕਿ ਛੋਟਾ ਜਿਹਾ ਡਿਸਟ੍ਰੀਬਿਊਟਿੰਗ ਪਾਵਰ ਸਟੇਸ਼ਨ ਬਣਾਇਆ ਜਾਵੇਗਾ, ਪਰ ਉੱਥੇ ਪ੍ਰੋਜੈਕਟ ਪਾਵਰ ਗਰਿੱਡ ਥੋਪ ਦਿੱਤਾ। ਇਹ ਸਚਾਈ ਲੋਕਾਂ ਨੂੰ ਜ਼ਮੀਨ ਐਕਵਾਇਰ ਕੀਤੇ ਜਾਣ ਤੋਂ 2 ਸਾਲ ਬਾਦ 2014 ਵਿਚ ਜਾਕੇ ਪਤਾ ਚੱਲੀ। ਉਨ੍ਹਾਂ ਨੂੰ ਕਿਹਾ ਗਿਆ ਕਿ ਟਰਾਂਸਮਿਸ਼ਨ ਲਾਈਨਾਂ ਸੜਕ ਦੇ ਨਾਲ-ਨਾਲ ਲਗਾਈਆਂ ਜਾਣਗੀਆਂ ਪਰ ਲਾਈਨਾਂ ਦੇ ਟਾਵਰ ਉਨ੍ਹਾਂ ਨੂੰ ਬਿਨਾ ਦੱਸੇ ਅਤੇ ਬਿਨਾ ਕੋਈ ਮੁਆਵਜ਼ਾ ਦਿੱਤੇ ਉਨ੍ਹਾਂ ਦੇ ਖੇਤਾਂ ਵਿਚ ਲਗਾ ਦਿੱਤੇ ਗਏ। ਬਾਦ ਵਿਚ ਇਸਦਾ ਕੁਝ ਮੁਆਵਜ਼ਾ ਤਾਂ ਦੇ ਦਿੱਤਾ ਪਰ ਉਨ੍ਹਾਂ ਨੂੰ ਦੱਸਿਆ ਨਹੀਂ ਗਿਆ ਕਿ ਇਹ ਲਾਈਨਾਂ ਖਿੱਚਕੇ ਪੱਛਮੀ ਬੰਗਾਲ ਦੇ ਹੋਰ ਇਲਾਕਿਆਂ ਵਿੱਚੋਂ ਦੀ ਬਿਹਾਰ ਤਕ ਲਿਜਾਈਆਂ ਜਾਣਗੀਆਂ। ਪਲਾਂਟ ਦਾ ਕਚਰਾ ਕਿੱਥੇ ਨਸ਼ਟ ਕੀਤਾ ਜਾਵੇਗਾ ਇਸ ਬਾਰੇ ਕੁਝ ਨਹੀਂ ਦੱਸਿਆ ਜਾ ਰਿਹਾ ਪਰ ਲੋਕਾਂ ਨੂੰ ਇਹ ਸਪਸ਼ਟ ਸੁਣਾਉਣੀ ਕਰ ਦਿੱਤੀ ਗਈ ਹੈ ਕਿ ਪਾਵਰ ਲਾਈਨਾਂ ਦੇ ਲਾਗਿਓਂ ਧਾਂਤ ਦੀਆਂ ਕੰਡਕਟਿੰਗ ਰਾਡਾਂ ਲੈਕੇ ਲੰਘਣ ਨਾਲ ਵਾਪਰਨ ਵਾਲੀ ਕਿਸੇ ਵੀ ਦੁਰਘਟਨਾ ਦੇ ਜ਼ੁੰਮੇਵਾਰ ਉਹ ਖ਼ੁਦ ਹੋਣਗੇ। ਮੁੱਖ ਮੰਤਰੀ ਮਮਤਾ ਬੈਨਰਜੀ ਸਮੇਤ ਸੱਤਾਧਾਰੀ ਧਿਰ ਦੇ ਸੂਬਾ ਆਗੂ ਬਿਆਨ ਦੇ ਰਹੇ ਹਨ ਕਿ ਗਰਿੱਡ ਜ਼ਬਰਦਸਤੀ ਨਹੀਂ ਲਗਾਇਆ ਜਾਵੇਗਾ, ਇਨ੍ਹਾਂ ਬਿਆਨਾਂ ਦੀ ਆੜ ਹੇਠ ਚਾਰ ਦੀਵਾਰੀ ਦੇ ਅੰਦਰ ਗਰਿੱਡ ਦੀ ਲਗਾਤਾਰ ਉਸਾਰੀ ਕੀਤੀ ਜਾ ਰਹੀ ਹੈ। ਖੱਬੇ ਮੋਰਚੇ ਦੀ ਸਰਕਾਰ ਸਮੇਂ ਇਹੀ ਮਮਤਾ ਅਤੇ ਤ੍ਰਿਣਾਮੂਲ ਕਾਂਗਰਸ ਸਰਕਾਰ ਵਲੋਂ ਜ਼ਮੀਨ ਐਕਵਾਇਰ ਕੀਤੇ ਵਿਰੁੱਧ ਧਰਨੇ-ਮੁਜ਼ਾਹਰੇ ਕਰਦੀ ਹੈ, ਹੁਣ ਜਦ ਖ਼ੁਦ ਸੱਤਾਧਾਰੀ ਹੈ ਤਾਂ ਉਹੀ ਜਾਬਰ ਅਤੇ ਵਿਸਾਹਘਾਤੀ ਚਾਲਾਂ ਖ਼ੁਦ ਚੱਲ ਰਹੀ ਹੈ। ਕਾਰਪੋਰੇਸ਼ਨ ਨੇ ਅਖ਼ਬਾਰਾਂ ਦੁਆਰਾ ਜਾਰੀ ਕੀਤੀ ਅਪੀਲ ਵਿਚ ਸਪਸ਼ਟ ਕਿਹਾ ਹੈ ਕਿ 90% ਕੰਮ ਮੁਕੰਮਲ ਹੋ ਗਿਆ ਹੈ ਅਤੇ ਜੋ ਵੱਖ-ਵੱਖ ਖੇਤਰਾਂ ਨੂੰ ਪਾਵਰ ਸਪਲਾਈ ਦੇਣੀ ਸ਼ੁਰੂ ਕਰ ਦੇਵੇਗਾ।

ਸਰਕਾਰ ਵਲੋਂ ਲੋਕਾਂ ਦੀਆਂ ਫ਼ਿਕਰਮੰਦੀਆਂ ਨੂੰ ਕੋਈ ਹੁੰਗਾਰਾ ਨਾ ਦੇਣ ਕਾਰਨ ਅੰਦੋਲਨ ਲਗਾਤਾਰ ਜਾਰੀ ਹੈ। ਸਰਕਾਰ ਸਿੰਗੂਰ ਅਤੇ ਨੰਦੀਗ੍ਰਾਮ ਦੇ ਅੰਦੋਲਨਾਂ ਨੂੰ ਸੀ.ਪੀ.ਐੱਮ. ਦੀ ਸਰਕਾਰ ਵਲੋਂ ਕੁਚਲਣ ਦੀ ਤਰਜ਼ 'ਤੇ ਇਸ ਅੰਦੋਲਨ ਨੂੰ ਤਾਕਤ ਨਾਲ ਕੁਚਲਣ 'ਤੇ ਤੁਲੀ ਹੋਈ ਹੈ ਪਰ ਲੋਕ ਜਬਰ ਅੱਗੇ ਈਨ ਮੰਨਣ ਲਈ ਤਿਆਰ ਨਹੀਂ। ਪਿਛਲੇ ਸਾਲ 6 ਨਵੰਬਰ ਨੂੰ ਜਦੋਂ ਪੁਲਿਸ ਨੇ ਤਿੰਨ ਔਰਤਾਂ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਦਹਿ ਹਜ਼ਾਰਾਂ ਲੋਕਾਂ ਨੇ 22 ਦਸੰਬਰ ਨੂੰ ਇਸਦੇ ਖ਼ਿਲਾਫ਼ ਕਲਕੱਤਾ ਦੀਆਂ ਸੜਕਾਂ ਉੱਪਰ ਮੁਜ਼ਾਹਰਾ ਕੀਤਾ ਸੀ। ਜਦੋਂ 28 ਦਸੰਬਰ ਨੂੰ ਉਨ੍ਹਾਂ ਨੇ ਭਾਂਗਰ ਦੇ ਖਮਰੈਤ ਪਿੰਡ ਵਿਚ ਇਕੱਠੇ ਹੋਣ ਦਾ ਯਤਨ ਕੀਤਾ ਤਾਂ ਪਿੰਡਾਂ ਦੇ ਲੋਕਾਂ ਉੱਪਰ ਦਫ਼ਾ 144 ਥੋਪ ਦਿੱਤੀ ਗਈ। ਫਿਰ ਵੀ ਕਈ ਹਜ਼ਾਰ ਲੋਕ ਮਾਛੀਭੰਗਾ ਵਿਖੇ ਜਾ ਜੁੜੇ ਅਤੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ।

ਪਹਿਲੀ ਗੱਲ ਤਾਂ ਪਾਵਰ ਗਰਿੱਡ ਕਾਰਪੋਰੇਸ਼ਨ ਦੇ ਅਧਿਕਾਰੀ ਅੰਦੋਲਨਕਾਰੀਆਂ ਨਾਲ ਗੱਲਬਾਤ ਹੀ ਨਹੀਂ ਕਰਦੇ। ਜੇ ਕਰਦੇ ਵੀ ਹਨ ਤਾਂ ਕੀਤੇ ਵਾਅਦੇ ਲਾਗੂ ਨਹੀਂ ਕਰਦੇ। ਮਸਲੇ ਦੇ ਹੱਲ ਲਈ ਮਿਲਣ ਦਾ ਵਾਅਦਾ ਕਰਕੇ ਵੀ ਨਹੀਂ ਮਿਲਦੇ। ਇਸ ਵਤੀਰੇ ਦੇ ਵਿਰੁੱਧ 11 ਜਨਵਰੀ ਨੂੰ 50 ਹਜ਼ਾਰ ਦੇ ਕਰੀਬ ਲੋਕਾਂ ਨੇ ਸੜਕ ਰੋਕੋ ਪ੍ਰੋਗਰਾਮ ਵਿਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ ਅੱਧੀਆਂ ਔਰਤਾਂ ਸਨ। ਐਨੇ ਵਿਆਪਕ ਵਿਰੋਧ ਦੇ ਬਾਵਜੂਦ ਲੋਕਾਂ ਦੀਆਂ ਮੰਗਾਂ ਨੂੰ ਲੈਕੇ ਸੁਣਵਾਈ ਕਰਨ ਦੀ ਥਾਂ ਪੁਲਿਸ ਅਤੇ ਹਥਿਆਰਬੰਦ ਗੁੰਡਿਆਂ ਵਲੋਂ ਉਨ੍ਹਾਂ ਉੱਪਰ ਹਮਲੇ ਕੀਤੇ ਜਾ ਰਹੇ ਹਨ। ਜਦੋਂ ਪੁਲਿਸ ਨੇ ਇਕ ਸਥਾਨਕ ਆਗੂ ਸੇਖ਼ ਸਮਸੁਲ ਹੱਕ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀਆਂ ਧੱਕੇਸ਼ਾਹੀਆਂ ਤੋਂ ਅੱਕੇ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। 14 ਜਨਵਰੀ ਨੂੰ ਸਵੇਰੇ ਉਨ੍ਹਾਂ ਨੇ ਰੁੱਖ਼ ਵੱਢਕੇ ਸੜਕਾਂ ਜਾਮ ਕਰ ਦਿੱਤੀਆਂ, ਪੁਲਿਸ ਦੀਆਂ ਗੱਡੀਆਂ ਦੀ ਭੰਨਤੋੜ ਕੀਤੀ ਅਤੇ ਤਿੰਨ ਬੱਸਾਂ ਫੂਕ ਦਿੱਤੀਆਂ। ਪ੍ਰਦਰਸ਼ਨਕਾਰੀਆਂ ਦੇ ਗੁੱਸੇ ਤੋਂ ਬੁਖਲਾਈ ਪੁਲਿਸ ਵਲੋਂ 17 ਜਨਵਰੀ ਨੂੰ ਵਿਰੋਧ ਪ੍ਰਦਰਸ਼ਨ ਉੱਪਰ ਅੰਧਾਧੁੰਦ ਗੋਲੀਆਂ ਚਲਾਕੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਅਤੇ 6 ਵਿਅਕਤੀ ਫੱਟੜ ਕਰ ਦਿੱਤੇ ਗਏ। ਰਾਤ ਨੂੰ ਜਾਮ ਲਾਉਣ ਵਾਲੇ ਅੰਦੋਲਨਕਾਰੀਆਂ ਦੀ ਭਾਲ ਕਰਨ ਦੇ ਬਹਾਨੇ ਪਿੰਡਾਂ ਵਿਚ ਛਾਪੇ ਮਾਰਕੇ ਔਰਤਾਂ ਸਮੇਤ ਬਹੁਤ ਸਾਰੇ ਲੋਕਾਂ ਦੀ ਬੇਤਹਾਸ਼ਾ ਕੁੱਟਮਾਰ ਕੀਤੀ ਗਈ। 18 ਜਨਵਰੀ ਨੂੰ ਅੰਦੋਲਨ ਦੇ ਕਈ ਆਰਗੇਨਾਈਜ਼ਰਾਂ ਦੇ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰ ਲਈ ਗਈ ਇਸ ਜਬਰ ਦੇ ਬਾਵਜੂਦ ਅੰਦੋਲਨ ਜਾਰੀ ਰਿਹਾ ਅਤੇ 25 ਜਨਵਰੀ ਨੂੰ ਫਿਰ ਦਸ ਹਜ਼ਾਰ ਦੇ ਕਰੀਬ ਲੋਕਾਂ ਨੇ ਪ੍ਰਦਰਸ਼ਨ ਕੀਤਾ। ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਅੰਦੋਲਨਕਾਰੀ ਚੁੱਕ ਲਏ ਅਤੇ ਇਕ ਹਫ਼ਤੇ ਤੋਂ ਵੱਧ ਉਨ੍ਹਾਂ ਨੂੰ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ।

ਸੀ.ਪੀ.ਆਈ.ਐੱਮ.ਐੱਲ. ਰੈੱਡਸਟਾਰ ਦੇ ਜਨਰਲ ਸਕੱਤਰ ਕਾ. ਕੇ. ਐੱਨ. ਰਾਮਾਚੰਦਰਨ ਜੋ ਆਪਣੇ ਸਾਥੀਆਂ ਨਾਲ ਵਿਚਾਰ-ਚਰਚਾ ਕਰਨ ਲਈ ਕਲਕੱਤਾ ਗਏ ਸਨ ਨੂੰ 22 ਜਨਵਰੀ ਨੂੰ ਖ਼ੁਫ਼ੀਆ ਏਜੰਸੀਆਂ ਵਲੋਂ ਅਗਵਾ ਕਰ ਲਿਆ ਗਿਆ ਅਤੇ 26 ਘੰਟੇ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ। ਖ਼ੁਫ਼ੀਆ ਏਜੰਸੀਆਂ ਵਲੋਂ ਉਸ ਨੂੰ ਪੱਛਮੀ ਬੰਗਾਲ ਤੋਂ ਬਾਹਰ ਲਿਜਾਕੇ ਹੀ ਛੱਡਿਆ ਗਿਆ। ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਾ. ਪ੍ਰਦੀਪ ਸਿੰਘ ਠਾਕੁਰ ਅਤੇ ਸ਼ਰਮੀਸਤਾ ਚੌਧਰੀ ਸਮੇਤ ਗ੍ਰਿਫ਼ਤਾਰ ਕੀਤੇ ਆਗੂਆਂ ਅਤੇ ਲੋਕਾਂ ਉੱਪਰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਲਗਾਇਆ ਗਿਆ ਹੈ ਜਿਸ ਤਹਿਤ ਉਨ੍ਹਾਂ ਦੀ ਜ਼ਮਾਨਤ ਹੋਣ ਦੀ ਫ਼ਿਲਹਾਲ ਕੋਈ ਸੰਭਾਵਨਾ ਨਹੀਂ ਹੈ। ਮਮਤਾ ਸਰਕਾਰ ਵਲੋਂ ਫਾਸ਼ੀਵਾਦੀ ਤਰੀਕੇ ਅਖ਼ਤਿਆਰ ਕਰਕੇ ਆਗੂਆਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ ਅਤੇ ਦਹਿਸ਼ਤ ਪਾਈ ਜਾ ਰਹੀ ਹੈ। ਪੁਲਿਸ ਸਰਗਰਮ ਆਗੂਆਂ ਦੇ ਕੰਪਿਊਟਿਰ ਅਤੇ ਕਿਤਾਬਾਂ, ਰਸਾਲੇ ਵੀ ਚੁੱਕਕੇ ਲਿਜਾ ਰਹੀ ਹੈ। ਜਿਸ ਨੂੰ ਦੇਖਕੇ ਇਹ ਖ਼ਦਸ਼ਾ ਹੈ ਕਿ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਸਰਗਰਮ ਆਗੂਆਂ ਨੂੰ ਕਿਸੇ ਵੱਡੀ ਸਾਜ਼ਿਸ਼ ਵਿਚ ਵੀ ਉਲਝਾ ਸਕਦੀ ਹੈ। ਲਿਹਾਜ਼ਾ ਉਨ੍ਹਾਂ ਦੀ ਰਿਹਾਈ ਅਤੇ ਸੰਘਰਸ ਦੇ ਜਮਹੂਰੀ ਹੱਕ ਦੀ ਰਾਖੀ ਦਾ ਸਵਾਲ ਇਕ ਮਸਲਾ ਬਣਿਆ ਹੋਇਆ ਹੈ।

ਜੋ ਮਮਤਾ ਬੈਨਰਜੀ ਸੀ.ਪੀ.ਐੱਮ. ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਦੀਆਂ ਫਾਸ਼ੀਵਾਦੀ ਨੀਤੀਆਂ ਵਿਰੁੱਧ ਜੂਝ ਰਹੇ ਪੱਛਮੀ ਬੰਗਾਲ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਫ਼ਾਇਦਾ ਉਠਾਉਣ ਲਈ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਦੇ ਵੱਡੇ ਵੱਡੇ ਦਮਗੱਜੇ ਮਾਰਿਆ ਕਰਦੀ ਸੀ, ਸੱਤਾਧਾਰੀ ਹੋਣ 'ਤੇ ਉਸਦੀ ਅਸਲ ਖ਼ਸਲਤ ਸਾਹਮਣੇ ਆ ਗਈ। ਹੁਣ ਸੱਤਾਧਾਰੀ ਮਮਤਾ ਫਾਸ਼ੀਵਾਦੀ ਜਬਰ ਢਾਹ ਰਹੀ ਹੈ ਅਤੇ ਸਾਬਕਾ ਹੁਕਮਰਾਨ ਸੀ.ਪੀ.ਐੱਮ. ਦੇ ਆਗੂ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵਿਰੁੱਧ ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਦੋਗਲਾ ਕਿਰਦਾਰ ਇਨ੍ਹਾਂ ਦੋਵਾਂ ਮੌਕਾਪ੍ਰਸਤ ਸਿਆਸੀ ਧੜਿਆਂ ਦਾ ਮੂੰਹ ਚਿੜਾ ਰਿਹਾ ਹੈ।



# ਗਾਂਧੀ ਜੀ ਦੀ ਹੱਤਿਆ ਆਜ਼ਾਦ ਭਾਰਤ ਦਾ ਪਹਿਲਾ ਅੱਤਵਾਦੀ ਹਮਲਾ ਸੀ : ਸੁਭਾਸ਼ ਗਤਾੜੇ

## ਸੂਹੀ ਸਵੇਰ ਮੀਡੀਆ ਪੁਰਸਕਾਰ ਕੈਨੇਡੀਅਨ ਪੱਤਰਕਾਰ ਗੁਰਪ੍ਰੀਤ ਸਿੰਘ ਨੂੰ



ਭਾਵੇਂ ਗਾਂਧੀ ਜੀ ਦੀ ਸੋਚ ’ਚ ਬਹੁਤ ਸਾਰੀ ਅਸਪੱਸ਼ਟਤਾ ਸੀ। ਉਹਨਾਂ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਜਿਵੇਂ ਉਹ ਉਦਾਰ ਹਿੰਦੂਤਵੀ ਸਨ। ਉਹ ਵਰਣ ਵਿਵਸਥਾ ’ਚ ਯਕੀਨ ਰੱਖਦੇ ਸਨ ਪਰ ਇਸਦੇ ਬਾਵਜੂਦ ਉਹ ਛੂਤ-ਛਾਤ ਨੂੰ ਨਹੀਂ ਮੰਨਦੇ ਸਨ ਸੰਘ ਨੂੰ ਉਹਨਾਂ ਦੀ ਭਾਸ਼ਾ ਮਾਤ ਦਿੰਦੇ ਸਨ। ਗਾਂਧੀ ਨੇ ਹਿੰਸਾ ਮੁਕਤ ਅਤੇ ਅਖੰਡ ਭਾਰਤ ਦਾ ਸੁਨੇਹਾ ਦਿੱਤਾ ਸੀ ਤਾਂ ਜੋ ਦੇਸ਼ ਦੀ ਅਜ਼ਾਦੀ ਅਸਲ ਅਰਥਾਂ ਵਿੱਚ ਆਜ਼ਾਦੀ ਸਾਬਤ ਹੋ ਸਕੇ, ਪਰ ਅੱਜ ਹਿੰਦੁਸਤਾਨ ਵਿੱਚ ਅਖੰਡਤਾ ਤੋੜਨ ਦੀਆਂ ਤਾਕਤਾਂ ਮੁੜ ਹਰਕਤ ਵਿੱਚ ਆ ਰਹੀਆਂ ਹਨ। ਗਾਂਧੀ ਜੀ ਦੀ ਹੱਤਿਆ ਆਜ਼ਾਦ ਭਾਰਤ ਦਾ ਪਹਿਲਾ ਅੱਤਵਾਦੀ ਹਮਲਾ ਸੀ। ਭਾਰਤ ਦੀ ਅਖੰਡਤਾ ਲਈ ਗਾਂਧੀ ਜੀ ਦੀ ਹਿੰਸਾ ਅਤੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਏਕਤਾ ਦੇ ਅਸੂਲਾਂ ’ਤੇ ਅੜੇ ਅਤੇ ਖੜ੍ਹੇ ਰਹਿਣਾ ਬਹੁਤ ਲਾਜ਼ਮੀ ਹੈ। ਵਰਤਮਾਨ ਸਮੇਂ ਵਿੱਚ ਹਿੰਸਾ, ਚਾਹੇ ਉਹ ਕਿਸੇ ਵੀ ਵਰਗ ਵਲੋਂ ਫੈਲਾਈ ਜਾ ਰਹੀ ਹੈ ਉਸ ਦੀ ਹਰ ਵਰਗ ਵੱਲੋਂ ਮੁਖ਼ਾਲਫ਼ਤ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ‘ਸੂਹੀ ਸਵੇਰ ਮੀਡੀਆ’ ਵੱਲੋਂ ਆਪਣੇ ਪੁਨਰ ਆਗਮਨ ਦੀ 5ਵੀਂ ਵਰ੍ਹੇਗੰਢ ’ਤੇ ਪੰਜਾਬੀ ਭਵਨ ਵਿਖੇ ਕਰਵਾਏ ਸਲਾਨਾ ਸਮਾਗਮ ਦੌਰਾਨ ਦਿੱਲੀ ਤੋਂ ਪਹੁੰਚੇ ਉਘੇ ਚਿੰਤਕ ਸੁਭਾਸ਼ ਗਤਾੜੇ ਨੇ ‘ਗਾਂਧੀ ਦਾ ਆਖਰੀ ਸੰਘਰਸ਼ ਅਤੇ ਸਾਡਾ ਸਮਾਂ’ ਵਿਸ਼ੇ ’ਤੇ ਬੋਲਦਿਆਂ ਕੀਤਾ।

‘ਸੂਹੀ ਸਵੇਰ’ ਦੇ ਸੰਪਾਦਕ ਵਿਕਰਮ ਸੰਗਰੂਰ ਨੇ ਆਪਣੇ ਸੰਬੋਧਨੀ ਭਾਸ਼ਣ ’ਚ ਕਿਹਾ, ਸੂਹੀ ਸਵੇਰ ਮੀਡੀਆ ਲੋਕਧਾਰਾ ਦਾ ਮੀਡੀਆ ਹੈ, ਜੋ ਲੋਕਾਂ ਦੀ ਮਦਦ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੂਹੀ ਸਵੇਰ ਗੁਰਮੁਖੀ ਦੇ ਨਾਲ ਨਾਲ ਸ਼ਾਹਮੁਖੀ ਵਿੱਚ ਵੀ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਤੋਂ ਅਦਾਰੇ ਵੱਲੋਂ ਸਲਾਨਾ ਪੁਰਸਕਾਰ ਦੇਣ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਪਹਿਲਾ ਸਲਾਨਾ ਪੁਰਸਕਾਰ ਪੱਤਰਕਾਰ ਗੁਰਪ੍ਰੀਤ ਸਿੰਘ (ਕੈਨੇਡਾ) ਨੂੰ ਦਿੱਤਾ ਜਾ ਰਿਹਾ ਹੈ।


ਸੂਹੀ ਸਵੇਰ ਦੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਨੇ ਆਪਣੇ ਭਾਸ਼ਣ ’ਚ ਕਿਹਾ, ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਾਹਿਤਕਾਰ ਤੇ ਸਿਆਸੀ ਕਾਰਕੁਨ ਦੋਵੇਂ ਪੁੱਜੇ ਹਨ। ਅੱਜ ਜਿਨ੍ਹਾਂ ਹਾਲਤਾਂ ’ਚੋਂ ਮੁਲਕ ਗੁਜ਼ਰ ਰਿਹਾ ਹੈ ਉਸ ਸਮੇਂ ਹੋਰ ਵੀ ਵਧੇਰੇ ਲੋੜ ਹੈ ਇਹਨਾਂ ਦੋਵਾਂ ਦੀਆਂ ਸਾਂਝੀਆਂ ਤੰਦਾਂ ਨੂੰ ਜੋੜਨ ਦੀ ਐਕਟਇਜ਼ਮ ਤੋਂ ਟੁੱਟ ਕੇ ਕੋਈ ਸਾਹਿਤ ਲੋਕ-ਪੱਖੀ ਸਾਹਿਤ ਨਹੀਂ ਹੋ ਸਕਦਾ ਅਤੇ ਕੋਈ ਕਾਰਕੁੰਨ ਸਹਿਤ ਤੋਂ ਟੁੱਟ ਕੇ ਆਪਣਾ ਤੇ ਆਪਣੇ ਸੰਗਠਨ ਦਾ ਵਿਕਾਸ ਨਹੀਂ ਕਰ ਸਕਦਾ। ਪਹਿਲੇ ਸੈਸ਼ਨ ਦੇ ਪ੍ਰਧਾਨਗੀ ਭਾਸ਼ਣ ਡਾ. ਤੇਜਵੰਤ ਗਿੱਲ ਨੇ ਕਿਹਾ ਕਿ ਗਾਂਧੀ ਜੀ ਬਾਰੇ ਬਹੁਤ ਨਵੀਂ ਜਾਣਕਾਰੀ ਹਾਸਲ ਹੋਈ ਪਰ ਸਾਨੂੰ ਦੇਖਣਾ ਪਵੇਗਾ ਕੇ ਅੱਜ ਹਾਲਾਤਾਂ ’ਚ ਉਹਨਾਂ ਦੀ ਸੋਚ ਦਾ ਪੱਲਾ ਫੜ ਕੇ ਕੀ ਅਸੀਂ ਫਿਰਕੂ ਤਾਕਤਾਂ ਨੂੰ ਮਾਤ ਦੇ ਸਕਦੇ ਹਾਂ।

ਦੂਜੇ ਸੈਸ਼ਨ ’ਚ ਗੁਰਪ੍ਰੀਤ ਸਿੰਘ ਨੂੰ ਸੂਹੀ ਸਵੇਰ ਮੀਡੀਆ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਗੁਰਪ੍ਰੀਤ ਦੀ ਸ਼ਖ਼ਸੀਅਤ ’ਤੇ ਚਾਨਣਾ ਪਾਉਂਦਿਆਂ ਸ਼ਿਵ ਇੰਦਰ ਨੇ ਦੱਸਿਆ ਕਿ ਮੀਡੀਆ ਵਿੱਚ ਭਾਰਤ, ਕੈਨੇਡਾ ਅਤੇ ਵਿਸ਼ਵ ਦੇ ਲੋਕ-ਪੱਖੀ ਮੁੱਦੇ ਉਭਾਰਨ ਵਿੱਚ ਗੁਰਪ੍ਰੀਤ ਦਾ ਅਹਿਮ ਸਥਾਨ ਹੈ। ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਨੇ ਘੱਟ ਗਿਣਤੀਆਂ ਸਬੰਧੀ ਮੁੱਦਿਆਂ ਨੂੰ ਬੜੀ ਬੇਬਾਕੀ ਨਾਲ ਉਭਾਰਿਆ ਹੈ। ਪੁਰਸਕਾਰ ’ਚ ਮੋਮੈਂਟੋ ਇਕਹੱਤਰ ਸੌ ਦੀ ਨਕਦ ਰਾਸ਼ੀ ਤੇ ਪੋਟਰੇਟ ਦਿੱਤਾ ਗਿਆ। ਪਰ ਗੁਰਪ੍ਰੀਤ ਸਿੰਘ ਨੇ ਆਪਣੇ ਕੋਲੋਂ ਪੰਜ ਹਜ਼ਾਰ ਦੀ ਹੋਰ ਰਾਸ਼ੀ ਪਾਉਂਦਿਆਂ ਕਿਹਾ ਕੇ ਉਹਨਾਂ ਦੇ ਇਨਾਮ ਦੀ ਰਾਸ਼ੀ ਜੇ.ਐੱਨ.ਯੂ. ’ਚ ਚੱਲ ਰਹੇ ਵਿਦਿਆਰਥੀ ਸੰਘਰਸ਼ ’ਚ ਪਾਈ ਜਾਵੇ। ਗੁਰਪ੍ਰੀਤ ਹੁਰਾਂ ਜਿਥੇ ਇਨਾਮ ਮਿਲਣ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਉਥੇ ਦੁਨੀਆਂ ਦੇ ਗੰਭੀਰ ਮਸਲਿਆਂ ਬਾਬਤ ਵਿਚਾਰ ਚਰਚਾ ਕੀਤੀ। ਉਹਨਾਂ ਟਰੰਪ ਤੇ ਮੋਦੀ ਦੇ ਵਰਤਾਰੇ ਨੂੰ ਸਮੁੱਚਤਾ ’ਚ ਵੇਖਣ ’ਤੇ ਜ਼ੋਰ ਦਿੱਤਾ ।

ਅਖੀਰੀ ਸੈਸ਼ਨ ’ਚ ‘ਫਾਸੀਵਾਦ ਦੇ ਦੌਰ ’ਚ ਪੰਜਾਬੀ ਕਵਿਤਾ’ ਵਿਸ਼ੇ ’ਤੇ ਕਵੀ ਦਰਬਾਰ ਹੋਇਆ ਜਿਸ ’ਚ ਸਤਪਾਲ ਭੀਖੀ, ਸੰਤੋਖ ਸੁੱਖੀ, ਜਗਵਿੰਦਰ ਜੋਧਾ, ਅਰਸ਼ ਬਿੰਦੂ, ਨੀਤੂ ਅਰੋੜਾ, ਮਦਨ ਵੀਰਾ, ਹਰਮੀਤ ਵਿਦਿਆਰਥੀ, ਅਨਿਲ ਆਦਮ, ਵਾਹਿਦ , ਮਨਦੀਪ ਸਨੇਹੀ, ਗੁਰਪ੍ਰੀਤ (ਕੈਨੇਡਾ), ਰਾਜਵਿੰਦਰ ਮੀਰ, ਜਸਦੇਵ ਲਲਤੋਂ, ਤਨਵੀਰ, ਗੁਰਪ੍ਰੀਤ ਮਾਨਸਾ, ਡਾ. ਸੁਰਜੀਤ, ਸੁਰਜੀਤ ਗੱਗ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਦਾ ਸੰਚਾਲਨ ਡਾ. ਸੁਰਜੀਤ (ਪੰਜਾਬੀ ਯੂਨੀ: ਪਟਿਆਲਾ) ਨੇ ਕੀਤਾ ਨਾਲ ਹੀ ਉਹਨਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਸਾਹਿਤਕਾਰ ਦਾ ਬੌਧਿਕ ਪੱਧਰ ਉੱਚਾ ਹੋਣਾ ਅਤੇ ਮੌਜੂਦਾ ਮੁੱਦਿਆਂ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਸਮਾਜ ਨੂੰ ਇੱਕ ਉਸਾਰੂ ਸੇਧ ਦੇਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਅ ਸਕਣ।



Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com


ਪ੍ਰੋ-ਪੀਪਲ ਆਰਟ ਪ੍ਰੋਜੈਕਟ ਮੀਡੀਆ ਗਰੁੱਪ ਦੇ ਅਖ਼ਬਾਰ ‘ਸਰੋਕਾਰਾਂ ਦੀ ਆਵਾਜ਼’ ਵਲੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ ’ਤੇ ਹਿਊ ਜੇ. ਐਮ. ਜੋਨਸਟਨ ਵਲੋਂ ਗ਼ਦਰ ਲਹਿਰ ਨਾਲ ਸਬੰਧਤ ਰਚੀ ਪੁਸਤਕ ‘ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ’ ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਕੈਨੇਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਆਜ਼ਾਦੀ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਵਲੋਂ ਪਾਏ ਯੋਗਦਾਨ ਦਾ ਵਿਸਥਾਰਪੂਰਵਕ ਵਰਨਣ ਕੀਤਾ ਹੈ ।

ਇਹ ਕਿਤਾਬ ਸ਼ਹੀਦ ਭਗਤ ਸਿੰਘ ਬੁੱਕ ਕੇਂਦਰ, ਪੰਜਾਬੀ ਭਵਨ ਲੁਧਿਆਣਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

97819-43772, 94176-42785


Rates among the lowest in Canada!
Punjab Insurance Inc.

Bachitter S Mehmi
Protect the ones you love.
Whether you are...
- 18 or 80
- Hard to insure
- Fear medical tests
- In good health
- Looking for fast and affordable coverage up to $500,000

...We've got the Life Insurance plan that's right for you!
Canada Protection Plan
Simply Peace of Mind
416-527-3737
bachitter@punjabinsurance.ca

Commitment to Excellent Services
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca

Harbans Singh
416-817-7142

## ਇੱਕ ਮੁਲਾਕਾਤ

# ਇਨਕਲਾਬੀ ਤਰਕਸ਼ੀਲ ਰੰਗਕਰਮੀ ਸ੍ਰੀ ਹਰਵਿੰਦਰ ਦੀਵਾਨਾ ਨਾਲ

*(ਅੱਜ ਕੱਲ ਤਰਕਸ਼ੀਲ ਰੰਗਕਰਮੀ ਹਰਵਿੰਦਰ ਦੀਵਾਨਾ ਟੋਰਾਂਟੋ, ਕੈਨੇਡਾ ਵਿਖੇ ਪ੍ਰੋਗਰਾਮਾਂ ਲਈ ਪਹੁੰਚੇ ਹੋਏ ਹਨ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਸਬ-ਐਡੀਟਰ ਡਾ: ਹਰਦੀਪ ਸਿੰਘ ਨੇ ਪਾਠਕਾਂ ਦੀ ਜਾਣਕਾਰੀ ਲਈ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੇ ਮੌਕੇ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਸ੍ਰੀ ਬਲਰਾਜ ਸ਼ੋਕਰ ਵੀ ਹਾਜ਼ਰ ਸਨ।)*



ਇਨਕਲਾਬੀ ਤਰਕਸ਼ੀਲ ਪੰਜਾਬੀ ਰੰਗਮੰਚ ਦੀ ਉੱਘੀ ਸ਼ਖਸੀਅਤ ਕਿਸੇ ਜਾਣ-ਪਹਿਚਾਣ ਦਾ ਮੁਥਾਜ਼ ਨਹੀਂ। ਇਹ ਸਿਦਕੀ ਨੌਜਵਾਨ ਵਹਿਮਾਂ ਭਰਮਾਂ, ਗੈਰ-ਵਿਗਿਆਨਕ ਪਿਛਾਖੜੀ ਕਦਰਾਂ ਕੀਮਤਾਂ, ਸਮਾਜਿਕ ਬੁਰਿਆਈਆਂ ਖਿਲਾਫ ਸਰਗਰਮ ਹੈ। ਇਹ ਇਨਕਲਾਬੀ ਤਰਕਸ਼ੀਲ ਰੰਗ-ਮੰਚ ਦੇ ਖੇਤਰ ਵਿੱਚ ਕੁੱਲ ਵਕਤੀ ਹੈ ਅਤੇ ਆਪਣੇ 26-27 ਸਾਲ ਦੇ ਇਸ ਕਰਮ ਖੇਤਰ ਦੀ ਮਾਮੂਲੀ ਜਿਹੀ ਕਮਾਈ ਨਾਲ ਹੀ ਪਰਿਵਾਰ ਦੀ ਪਾਲਣਾ ਕਰ ਰਿਹਾ ਹੈ। ਸਮਾਜ ਪ੍ਰਤੀ ਇਸ ਉਦੇਸ਼ ਵਾਲੇ ਰੰਗਮੰਚ ਲਈ ਅਡੋਲ ਅਣਥੱਕ ਕੰਮ ਕਰ ਰਿਹਾ ਹੈ ਅਤੇ ਕਮਰਸ਼ੀਅਲ ਕਲਾਕਾਰਾਂ ਦੀ ਠਾਠ-ਬਾਠ ਵੀ ਇਸ ਨੂੰ ਆਪਣੇ ਰਾਹ ਤੋਂ ਥਿੜਕਾ ਨਹੀਂ ਸਕੀ ।

**ਡਾ: ਹਰਦੀਪ : ਹਰਵਿੰਦਰ ਜੀ ! ਕੈਨੇਡਾ ਦੀ ਧਰਤੀ ਤੇ ਆਉਣ 'ਤੇ ਅਸੀ ਅਦਾਰਾ 'ਸਰੋਕਾਰਾਂ ਦੀ ਅਵਾਜ਼' ਅਤੇ ਹੋਰ ਅਗਾਂਹਵਧੂ ਭਾਈਚਾਰੇ ਵੱਲੋਂ ਅਸੀਂ ਤੁਹਾਡਾ ਸਵਾਗਤ ਕਰਦੇ ਹਾਂ। ਕੀ ਤੁਸੀਂ ਆਪਣੇ ਬਾਰੇ ਕੁਝ ਗੱਲਾਂ ਸਾਡੇ ਪਾਠਕਾਂ ਲਈ ਸਾਂਝੀਆਂ ਕਰਨਾ ਚਾਹੁਗੇ ?**

**ਹਰਵਿੰਦਰ ਦੀਵਾਨਾ** : ਧੰਨਵਾਦ ਜੀ, ਮੈਂ ਜ਼ਿਲ੍ਹੇ ਸੰਗਰੂਰ ਦੇ ਛੋਟੇ ਜਿਹੇ ਪਿੰਡ ਦੀਵਾਨਾ ਦਾ ਜੰਮਪਲ ਵਸਨੀਕ ਹਾਂ। ਇਹ ਛੋਟਾ ਜਿਹਾ ਪਿੰਡ ਸੰਗਰੂਰ ਦਾ ਜ਼ਿਲ੍ਹੇ ਲੁਧਿਆਣੇ ਅਤੇ ਜ਼ਿਲ੍ਹਾ ਮੋਗੇ ਦੇ ਕਿਨਾਰੇ ਤੇ ਆਖਰੀ ਪਿੰਡ ਹੈ। ਜਿਸ ਸਮੇਂ ਪੰਜਾਬ ਦੇ ਲੋਕ ਧਾਰਮਿਕ ਕੱਟੜਪੰਥੀ ਤਾਕਤਾਂ ਅਤੇ ਸਰਕਾਰੀ ਦਹਿਸ਼ਤਗਰਦੀ ਦੀ ਮਾਰ ਝੱਲ ਰਹੇ ਸੀ, ਮੈਂ ਸਕੂਲ ਦਾ ਵਿਦਿਆਰਥੀ ਹੀ ਸੀ। ਡਾ: ਹਰਦੀਪ ਜੀ, ਤੁਸੀਂ ਤਾਂ ਮੈਨੂੰ ਬਚਪਨ ਤੋਂ ਹੀ ਨੇੜਿਓਂ ਜਾਣਦੇ ਹੋ, ਉਸ ਵੇਲੇ ਤੁਸੀਂ ਵੀ ਸਾਡੇ ਇਲਾਕੇ ਦੇ ਬਿਲਾਸਪੁਰ ਹਸਪਤਾਲ ਵਿੱਚ ਤਾਇਨਾਤ ਸੀ ਅਤੇ ਸਾਡੇ ਇਲਾਕੇ ਦੇ ਮਿਹਨਤਕਸ਼ ਇਨਕਲਾਬੀ ਕਾਫਲਿਆਂ ਦੇ ਸੰਗੀ ਰਹੇ। ਮੇਰੇ ਚਾਚਾ ਅਤੇ ਹੋਰ ਵੱਡੇ ਮੈਂਬਰ, ਵਿਗਿਆਨਕ ਇਨਕਲਾਬੀ ਸੰਘਰਸ਼ਾਂ ਦੇ ਰਾਹੀਂ ਸਨ ਅਤੇ ਸਾਡੇ ਘਰਾਂ ਵਿੱਚ ਕਮਿਊਨਿਸਟ ਇਨਕਲਾਬੀ ਸਾਥੀਆਂ ਦਾ ਆਉਣਾ ਜਾਣਾ ਸੀ। ਇਸ ਛੋਟੀ ਉਮਰੇ ਹੀ ਮੈਨੂੰ ਇਨਕਲਾਬੀ ਸਿਆਸੀ ਸਰਗਰਮੀਆਂ ਨੂੰ ਨੇੜਿਓਂ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਸਕੂਲ ਦੀ ਉਮਰੇ ਹੀ ਮੈਨੂੰ ਇਨ੍ਹਾਂ ਮੀਟਿੰਗਾਂ ਵਿੱਚ ਇਨਕਲਾਬੀ ਵਿਗਿਆਨਕ ਗਿਆਨ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਗਈ ਸੀ। ਇਸ ਦੌਰ ਵਿੱਚ ਵੀ ਸਾਡੇ ਪਿੰਡ ਅਤੇ ਆਸ ਪਾਸ ਦੇ ਇਲਾਕੇ ਵਿੱਚ ਉੱਘੇ ਰੰਗਕਰਮੀ ਗੁਰਸ਼ਰਨ ਭਾਅ ਜੀ ਦੇ ਨਾਟਕ ਵੇਖਣ ਨੂੰ ਮਿਲਦੇ ਰਹੇ। ਜਿਸ ਨੇ ਮੈਨੂੰ ਇਸ ਲਹਿਰ ਦੇ ਰੰਗਮੰਚ ਵੱਲ ਆਕਰਸ਼ਤ ਕੀਤਾ। ਸਾਲ 1989 ਵਿੱਚ ਵਿੱਚ ਹੀ ਸਿਰਫ 18 ਸਾਲ ਦੀ ਉਮਰ ਵਿੱਚ ਮੈਂ ਆਪਣੇ ਇਲਾਕੇ ਵਿੱਚ ਸਰਗਰਮ 'ਲੋਕ ਕਲਾ ਮੰਚ ਹਠੂਰ' ਦੀ ਟੀਮ ਦਾ ਮੈਂਬਰ ਬਣ ਗਿਆ ਅਤੇ ਸਰਕਾਰੀ ਹਾਈ ਸਕੂਲ, ਹਠੂਰ ਵਿੱਚ ਗੁਰਸ਼ਰਨ ਭਾਅ ਜੀ ਦਾ ਨਾਟਕ ਉ ਟੋਆ" ਵਿੱਚ ਹਿੱਸਾ ਲਿਆ। ਇਸ ਤੋਂ ਬਾਅਦ ਮੈਂ ਲਗਾਤਾਰ ਇਨਕਲਾਬੀ ਰੰਗਮੰਚ ਨਾਲ ਜੁੜ ਗਿਆ। ਉਸ ਸਮੇਂ, ਆਸ-ਪਾਸ ਇਲਾਕੇ ਵਿੱਚ ਸਰਗਰਮ 'ਜਨ-ਚੇਤਨਾ ਕਲਾ ਕੇਂਦਰ, ਬਿਲਾਸਪੁਰ' ਦੇ ਨੌਜਵਾਨਾਂ ਨਾਲ ਵੀ ਮੈਂ ਕਈ ਨਾਟਕਾਂ ਵਿੱਚ ਹਿੱਸਾ ਲਿਆ। ਇਹ ਸਾਰੇ ਕਲਾ ਮੰਚ, ਗੁਰਸ਼ਰਨ ਭਾਅ ਜੀ ਦੀ ਅਗਵਾਈ ਵਾਲੀ "ਲੋਕ-ਸੱਭਿਆਚਾਰਕ ਮੰਚ" ਦੀਆਂ ਮੈਂਬਰ ਟੀਮਾਂ ਹਨ। ਲੋਕ ਜਾਗ੍ਰਤੀ ਦਾ ਇਹ ਰੰਗਮੰਚ ਮੇਰੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਬਣ ਗਿਆ। ਸਮਾਜਿਕ ਤਬਦੀਲੀ ਦੀ ਸੰਘਰਸ਼ ਕਰ ਰਹੀ, ਲੁੱਟ ਅਤੇ ਦਮਨ ਦਾ ਸ਼ਿਕਾਰ ਮਿਹਨਤਕਸ਼ ਲੋਕਾਈ ਦਾ ਦੁੱਖ-ਦਰਦ ਅਤੇ ਪ੍ਰਤੀਬੱਧਤਾ ਮੇਰੇ ਰੰਗਮੰਚ ਦਾ ਕੇਂਦਰ ਬਿੰਦੂ ਬਣ ਗਈ ।

**ਡਾ: ਹਰਦੀਪ : ਇਸ ਉਦੇਸ਼ ਲਈ ਤੁਸੀ ਹੁਣ ਤੱਕ ਕਿਨ੍ਹੇ ਨਾਟਕਾਂ ਵਿੱਚ ਹਿੱਸਾ ਲਿਆ ਜਾਂ ਨਿਰਦੇਸ਼ਨਾ ਕੀਤੀ ।**

**ਹਰਵਿੰਦਰ ਦੀਵਾਨਾ** : ਇਸ ਉਦੇਸ਼ ਲਈ ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਮੈਂ ਤਕਰੀਬਨ 150 ਤੋਂ ਸਟੇਜ਼ ਸ਼ੋਅ ਕੀਤੇ ਅਤੇ ਨੁਕੜ ਨਾਟਕਾਂ ਦੀ ਤਾਂ ਗਿਣਤੀ ਕਰਨੀ ਸੰਭਵ ਨਹੀਂ ਹੈ। ਨਾਟਕਾਂ ਤੋਂ ਇਲਾਵਾ ਮੈਂ 10 ਟੈਲੀ-ਫਿਲਮਾਂ ਤੇ ਇੱਕ ਟੈਲੀਵੀਜ਼ਨ ਸੀਰੀਅਲ 'ਤਰਕ ਦੀ ਸਾਣ' ਸੈਕਿੰਡ ਐਡੀਸ਼ਨ ਅਤੇ ਜਗਸੀਰ ਜੀ ਦਾ ਦੇ ਦੋ ਵੀਡੀਓ ਐਲਬਮਾਂ ਦੀ ਨਿਰਦੇਸ਼ਨਾ ਵੀ ਕੀਤੀ। ਇੱਕ ਪੰਜਾਬੀ ਫਿਲਮ "ਕਿੱਸਾ ਪੰਜਾਬ ਦਾ" ਵਿਚ ਅਦਾਕਾਰੀ ਵੀ ਕੀਤੀ। ਇਨ੍ਹਾਂ ਸਾਰੇ ਨਾਟਕਾਂ ਰਾਹੀਂ ਅਸੀਂ ਇਨਕਲਾਬੀ ਵਿਗਿਆਨਕ ਤਰਕਸ਼ੀਲ ਚੇਤਨਤਾ ਦਾ ਪ੍ਰਚਾਰ ਕੀਤਾ ਅਤੇ ਨਸ਼ਿਆ, ਭਰੂਣ ਹੱਤਿਆ, ਰਾਜਸੀ ਨੇਤਾਵਾਂ ਦੇ ਕਾਲੇ ਕਾਰਨਾਮਮਿਆਂ ਅਤੇ ਅਖੌਤੀ ਸਾਧਾਂ-ਸੰਤਾਂ ਖਿਲਾਫ ਆਵਾਜ਼ ਬੁਲੰਦ ਕੀਤੀ। ਮੇਰੇ ਨਾਟਕਾਂ ਵਿਚ ਗੁਰਸ਼ਰਨ ਭਾਅ ਜੀ ਦੇ ਨਾਟਕ "ਧਮਕ ਨਗਾਰੇ ਦੀ", ਪ੍ਰੋਫੈਸਰ ਅਜਮੇਰ ਔਲਖ ਦਾ "ਸੱਤ ਬੇਗਾਨੇ" "ਝਨਾਂ ਦੇ ਪਾਣੀ" ਅਤੇ ਕੇਵਲ ਧਾਲੀਵਾਲ ਦੇ "ਇਤਿਹਾਸ ਦੇ ਸਫੇ ਤੇ" ਖਾਸ ਜਿਕਰਯੋਗ ਹਨ।

**ਡਾ: ਹਰਦੀਪ : ਇਹ ਬੜੀ ਚੰਗੀ ਗੱਲ ਹੈ ਕਿ ਤੁਸੀਂ ਕੈਨੇਡੀਅਨ ਪੰਜਾਬੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਆਏ ਹੋ। ਤੁਸੀਂ ਇਥੇ ਜਨਤਾ ਨਾਲ ਰੂ-ਬਰੂ ਹੋ ਕੇ ਕਦੋਂ ਅਤੇ ਕਿਹੜੇ ਨਾਟਕਾਂ ਦੀ ਪੇਸ਼ਕਾਰੀ ਕਰ ਰਹੇ ਹੋ ?**

**ਹਰਵਿੰਦਰ** : ਕੈਨੇਡੀਅਨ ਲੋਕਾਂ ਵਿੱਚ ਉਸਾਰੂ ਰੰਗਮੰਚ ਦੇ ਪ੍ਰੋਗਰਾਮ ਦੀ ਹਮੇਸ਼ਾ ਮੰਗ ਰਹਿੰਦੀ ਹੈ। ਹੁਣ ਇਹ ਉਦਮ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਟੋਰਾਂਟੋ ਨੇ ਕੀਤਾ ਅਤੇ ਇਸ ਦੇਸੱਦੇ ਤੇ ਮੇਰਾ ਇਥੇ ਆਉਣ ਦਾ ਸਬੱਬ ਬਣਿਆ। ਹੁਣ 16 ਅਪ੍ਰੈਲ ਦਿਨ ਐਤਵਾਰ ਨੂੰ ਸੁਸਾਇਟੀ ਵੱਲ ਰੋਜ਼ ਥਿਏਟਰ, ਬਰੈਂਪਟਨ ਵਿਖੇ ਵੱਡਾ ਪ੍ਰੋਗਰਾਮ ਅਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਮੇਰੀ ਟੀਮ ਵੱਲੋਂ ਕਈ ਨਵੇਂ ਨਾਟਕਾਂ ਦਾ ਮੰਚਨ ਕੀਤਾ ਜਾਵੇਗਾ। ਇਹ ਪ੍ਰੋਗਰਾਮ 23 ਮਾਰਚ ਦੇ ਸ਼ਹੀਦ ਸੁਖਦੇਵ, ਰਾਜਗੁਰੂ ਅਤੇ ਭਗਤ ਸਿੰਘ ਨੂੰ ਸਮਰਿਪਤ ਹੈ।

**ਸਵਾਲ : ਅੱਜ ਕੱਲ੍ਹ ਹਰ ਕਲਾਕਾਰ ਬਜਾਰੂ ਕਿਸਮ ਦੀਆਂ ਫਿਲਮਾਂ-ਗਾਣਿਆਂ ਦਾ ਰਾਹ ਫੜਦਾ ਹੈ ਜਿਸ ਤੋਂ ਅਥਾਹ ਕਮਾਈ ਅਤੇ ਸ਼ੋਹਰਤ ਹੈ। ਤੁਸੀਂ ਵੀ ਉੱਚ ਦਰਜੇ ਦੇ ਤਜ਼ਰਬੇਕਾਰ ਰੰਗਕਰਮੀ ਅਤੇ ਨਿਰਦੇਸ਼ਕ ਹੋ, ਪਰ ਤੁਸੀਂ ਵਿਗਿਆਨਕ ਸਮਾਜਿਕ ਚੇਤਨਾ ਦਾ ਚੁਣੌਤੀ ਵਾਲਾ ਰੰਗਮੰਚ ਹੀ ਕਿਉਂ ਚੁਣਿਆ ?**

**ਹਰਵਿੰਦਰ** : ਅੱਜ ਭਾਰਤ ਦੇ ਲੋਕ ਸਦੀਆਂ ਤੋਂ ਸਮਾਜਿਕ-ਆਰਿਥਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਊਚ-ਨੀਚ, ਜਾਤ-ਪਾਤ, ਧਾਰਮਿਕ ਵਹਿਮ-ਭਰਮ, ਡੇਰਾਵਾਦ, ਆਰਿਥਕ ਸ਼ੋਸ਼ਣ, ਲਿੰਗ ਭੇਦ, ਨਸ਼ੇ ਅਤੇ ਹੋਰ ਸਮਾਜਿਕ ਬੁਰਾਈਆਂ ਸਾਡੇ ਸਮਾਜ ਵਿੱਚ ਭਾਰੂ ਹਨ। ਇਨ੍ਹਾਂ ਸਭ ਦੀ ਜੜ੍ਹ ਸਿਆਸੀ ਸਮਾਜਿਕ ਪ੍ਰਬੰਧ ਹੈ । ਅਗਿਆਨਤਾ ਕਰਕੇ ਮਿਹਨਤ-ਕਸ਼ ਵਰਗ ਹਰ ਲੁੱਟ ਅਤੇ ਅਨ੍ਹਿਆ ਨੂੰ ਸਹਿਣ ਕਰ ਰਿਹਾ ਹੈ। ਸਮਾਜਿਕ ਬੁਰਾਇਆਂ ਦਾ ਖਾਤਮਾ ਕਰਕੇ ਨਵੇਂ ਨਰੋਏ ਸਮਾਜ ਦੀ ਉਸਾਰੀ ਲਈ ਵਿਗਿਆਨਕ ਚੇਤਨਾ ਦੀ ਸਖਤ ਜ਼ਰੂਰਤ ਹੈ। ਵਿਗਿਆਨਕ ਚੇਤਨ ਵਰਗ ਹੀ ਸਮਾਜਿਕ ਬੁਰਿਆਈਆਂ ਤੋਂ ਮੁਕਤ ਹੋਕੇ ਹਰ ਸ਼ੋਸ਼ਣ ਦੇ ਖਿਲਾਫ ਸੰਘਰਸ਼ ਕਰ ਸਕਦਾ ਹੈ। ਹਰ ਢੌਂਗ, ਹਰ ਸਰਕਾਰ, ਹਰ ਰਾਜਸੀ-ਆਰਿਥਕ ਪ੍ਰਬੰਧ ਦਾ ਤਖਤਾ ਉਲਟ ਸਕਦਾ ਹੈ। ਗਿਆਨ ਨਾਲ ਹੀ ਨਵੇਂ ਸਮਾਜ ਦੀ ਸਿਰਜਣਾ ਦਾ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ। ਲੋਕਾਂ ਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਰੰਗ-ਮੰਚ ਇੱਕ ਕਾਰਗਾਰ ਸਾਧਨ ਹੈ। ਲੋਕ-ਪੱਖੀ ਰੰਗ-ਮੰਚ ਸਰਲ ਅਤੇ ਸਧਾਰਣ ਹੋਣਾ ਵੀ ਜ਼ਰੂਰੀ ਹੈ।

**ਡਾ: ਹਰਦੀਪ : ਅੱਜ ਕਲ੍ਹ ਬਜ਼ਾਰੂ ਰੰਗ-ਮੰਚ ਜਾਂ ਫਿਲਮਾਂ ਦੇ ਕਲਾਕਾਰਾਂ ਵੱਲੋਂ ਮਨੋਰੰਜਨ ਦੇ ਨਾਮ 'ਤੇ ਪਿਛਾਂਹਖਿੱਚੂ ਕਦਰਾਂ ਵਾਲੇ ਲੱਚਰਤਾ ਅਤੇ ਫੁਕਰਪਣੇ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ?**

**ਹਰਵਿੰਦਰ** :- ਬਜ਼ਾਰੂ ਕਿਸਮ ਦਾ ਰੰਗ-ਮੰਚ ਤੇ ਫਿਲਮਾਂ ਉਸੇ ਤਰ੍ਹਾਂ ਹਨ ਜਿਵੇਂ ਲੋਕਾਂ ਨੂੰ ਨਸ਼ੇ ਤੇ ਲਾਕੇ ਨਸ਼ਾ-ਵਿਕਰੀ ਧੰਦਾ ਕਰਕੇ ਕਮਾਈ ਕਰਨਾ ਚਾਹੇ ਨਸ਼ਾ ਸੇਵਨ ਕਰਨ ਵਾਲੇ ਨੂੰ ਇਹ ਸਰੀਰ ਨੂੰ ਸਿਉਂਕ ਵਾਗ ਖਾ ਜਾਵੇ। ਇਸੇ ਤਰ੍ਹਾਂ ਸਮਾਜ ਦੇ ਪਿਛਾਖੜੀ ਵਰਗ ਕਲਾ ਸਾਹਿਤ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। ਉਹ ਲੋਕਾਂ ਦੀ ਅਗਿਆਨਤਾ ਅਤੇ ਪਿਛਾਖੜੀ ਕਦਰਾਂ ਕੀਮਤਾਂ ਵਿੱਚ ਹੀ ਫਸੇ ਰੱਖਣ ਲਈ ਲੱਚਰ ਪਿਛਾਖੜੀ ਗਾਣੇ ਅਤੇ ਫਿਲਮਾਂ ਉਪਰ ਅਥਾਹ ਪੈਸਾ ਲਗਾ ਰਹੇ ਹਨ। ਇਸ ਨੂੰ ਲੋਕਾਂ ਵਿੱਚ ਪਰੋਸ ਰਹੇ ਹਨ ਅਤੇ ਲੋਕਾਂ ਨੂੰ ਇਸੇ ਦੀ ਚੇਟਕ ਲਾਕੇ ਮੁਨਾਫਾਂ ਕਮਾ ਰਹੇ ਹਨ। ਉਸਾਰੂ ਸਮਾਜਿਕ ਪਰਿਵਰਤਨ ਦੇ ਮਕਸਦ ਲਈ ਸਾਨੂੰ ਇਸ ਦੇ ਮੁਕਾਬਲੇ ਇਨਕਲਾਬੀ ਵਿਗਿਆਨਕ ਕਲਾ ਪੇਸ਼ ਕਰਦੇ ਰਹਿਣਾ ਪਵੇਗਾ। ਸੰਘਰਸ਼ ਸ਼ੀਲ ਵਰਗ ਹੀ ਇਸ ਵਿਗਿਆਨਕ ਇਨਕਲਾਬੀ ਰੰਗ-ਮੰਚ ਲਈ ਸਹਾਇਕ ਹੋਣਗੇ। ਸੰਘਰਸ਼ੀਲ ਵਰਗ ਅਤੇ ਉਸਾਰੂ ਕਲਾ ਹੀ ਇੱਕ ਦੂਜੇ ਦੇ ਪੂਰਕ ਅਤੇ ਹਮ-ਸਫਰ ਹਨ, ਇਸ ਸਫਰ ਦਾ ਮਕਸਦ ਸਮਾਜਿਕ ਦਾਬੇ ਅਤੇ ਸ਼ੋਸ਼ਣ ਦਾ ਖਾਤਮਾ ਕਰਕੇ ਨਵੇਂ ਸਿਹਤਮੰਦ ਸਮਾਜ ਦੀ ਉਸਾਰੀ ਹੋਵੇਗਾ।

**ਡਾ: ਹਰਦੀਪ : ਹਰਵਿੰਦਰ ਜੀ ! ਤੁਹਾਡੇ ਨਾਟਕਾਂ ਵਿੱਚ 23 ਮਾਰਚ ਦੇ ਇਨਕਲਾਬੀ ਸ਼ਹੀਦ ਭਗਤ ਸਿੰਘ ਸੋਚ ਪ੍ਰਮੁੱਖ ਰਹਿੰਦੀ ਹੈ। ਇਨ੍ਹਾਂ ਸ਼ਹੀਦਾਂ ਨੇ ਦੇਸ਼ ਦੀ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਅਤੇ ਭਾਰਤ ਆਜ਼ਾਦ ਵੀ ਹੋਇਆ। ਪਰ ਅੱਜ ਵੀ ਲੋਕ ਗਰੀਬੀ, ਅਨਿਆਂ, ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਧਾਰਮਿਕ ਜਨੂੰਨੀ ਅਤੇ ਸਰਕਾਰੀ ਜਬਰ ਵੀ ਜਾਰੀ ਹੈ। ਇਸ ਬਾਰੇ ਤੁਸੀਂ ਰੰਗ-ਮੰਚ ਰਾਹੀਂ ਕੀ ਸੁਨੇਹਾ ਦਿੰਦੇ ਹੈ ?**

**ਹਰਵਿੰਦਰ** : 1947 ਵਿੱਚ ਭਾਰਤ ਵਿੱਚ ਬ੍ਰਿਟਿਸ਼ ਹਕੂਮਤ ਵੱਲੋਂ ਭਾਰਤੀ ਸਰਮਾਏਦਾਰੀ ਵੱਲੋਂ ਸੱਤਾ ਤਬਦੀਲੀ ਹੋਈ ਅਤੇ ਸੱਤਾਧਾਰੀ ਵਰਗ ਨੂੰ ਆਜ਼ਾਦੀ ਮਿਲ ਗਈ। ਪਰ ਇਸ ਤਬਦੀਲੀ ਵਿੱਚ ਲੁੱਟ ਅਧਾਰਤ ਸਮਾਜਿਕ ਪ੍ਰਬੰਧ ਜਿਉਂ ਦਾ ਤਿਉਂ ਕਾਇਮ ਰਿਹਾ। ਬਿਨਾਂ ਕਿਸੇ ਸਿਆਸੀ-ਸਮਾਜਿਕ ਤਬਦੀਲੀ ਤੋਂ ਬਗੈਰ 1947 ਵਿੱਚ ਬਣੇ। ਇਸ 'ਵੱਡੇ ਭਾਰਤੀ ਗਣਰਾਜ' ਵਿੱਚ ਇਸੇ ਕਰਕੇ ਲੋਕ ਗਰੀਬੀ, ਅਨਿਆਂ, ਸ਼ੋਸ਼ਣ ਦਾ ਸ਼ਿਕਾਰ ਹੋ ਲੋਕਾਂ ਦੀਆ ਮੁਸ਼ਕਿਲਾਂ ਜਿਉਂ ਦੀ ਤਿਉਂ ਕਾਇਮ ਹਨ। ਭਗਤ ਸਿੰਘ ਵਰਗੇ ਇਨਕਲਾਬੀਆਂ ਦਾ ਨਿਸ਼ਾਨਾ, ਸਿਰਫ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦੀ ਹੀ ਨਹੀਂ ਸਗੋਂ ਅਨ੍ਹਿਆਂ ਤੇ ਟਿਕੇ ਇਸ ਸਿਆਸੀ-ਸਮਾਜਿਕ ਪ੍ਰਬੰਧ ਤੋਂ ਵੀ ਮੁਕਤੀ ਪ੍ਰਾਪਤ ਕਰਨਾ ਸੀ। ਅੱਜ ਦੀਆਂ ਦੇਸੀ ਵੱਖ ਵੱਖ ਸੱਤਾਧਾਰੀ ਪਾਰਟੀਆਂ ਇਸੇ ਪੂੰਜਿਵਾਦੀ ਆਰਥਿਕ-ਸਿਆਸੀ ਪ੍ਰਬੰਧ ਨੂੰ ਚਲਾ ਰਹੀਆਂ ਹਨ। ਭਗਤ ਸਿੰਘ ਹੋਰਾਂ ਦੇ ਮੁਕੰਮਲ ਇਨਕਲਾਬ ਵਾਲਾ ਕਾਰਜ ਅੱਧਵਾਟੇ ਹੀ ਹੈ। ਇਸੇ ਕਰਕੇ ਕਿਸਾਨਾਂ ਨੂੰ ਖੁਦਕਸ਼ੀਆਂ, ਮਜ਼ਦੂਰਾਂ ਦਾ ਬੇ-ਰੋਕਟੋਕ ਆਰਿਥਕ ਸ਼ਸ਼ਿਣ, ਜਾਤ-ਪਾਤਿ ਅਨ੍ਹਿਆਂ , ਔਰਤਾਂ ਨਾਲ ਵਿਤਕਰਾ, ਬੇਰੋਜਗਾਰੀ, ਨਸ਼ਿਆਂ, ਧਾਰਮਿਕ ਘੱਟਗਿਣਤੀਆ ਤੇ ਹਮਲੇ, ਅੰਧਵਿਸ਼ਵਾਸ ਵਰਗੇ ਮਸਲੇ ਸਾਡੇ ਸਾਹਮਣੇ ਦੈਂਤ ਰੂਪ ਵਿੱਚ ਖੜ੍ਹੇ ਹਨ।

ਭਾਰਤ ਦੇ ਮਿਹਨਤਕਸ਼ਾਂ ਲੋਕ ਸਦਾ ਹੀ ਵਿਕਾਸ ਦੀ ਆਸ ਨਾਲ ਜੀ ਰਹੇ ਹਨ ਪਰ ਅੱਜ ਵੀ ਹਰ ਵਰਗ ਗਰੀਬੀ ਅਤੇ ਤੰਗੀ ਤੁਰਸ਼ੀ ਨਾਲ ਜੀਅ ਰਿਹਾ ਹੈ। ਵਿਕਾਸ ਦੀ ਨੌਟੰਕੀ ਦੇਸ਼ ਦੇ ਸਿਆਸੀ ਸਟੇਜ ਤੇ ਸਾਰੀਆਂ ਪਾਰਟੀਆਂ ਵੱਲੋਂ ਖੇਡੀ ਜਾ ਰਹੀ ਹੈ ਜਿਸ ਦਾ ਮਤਲਬ ਸਿਰਫ ਵੋਟਾਂ ਲੈ ਕੇ ਸਿਆਸੀ ਸੱਤਾ ਤੇ ਕਾਬਜ ਹੋਣਾ ਹੀ ਹੈ। ਕੁਝ ਪਾਰਟੀਆਂ ਤਾਂ ਭਗਤ ਸਿੰਘ ਦੇ ਇਨਕਲਾਬ ਨੂੰ ਵੀ ਇਸੇ ਲੁਟੇਰੇ ਪ੍ਰਬੰਧ ਦੀ ਸੱਤਾ ਹਥਿਆਓਣ ਲਈ ਵਰਤ ਰਹੀਆਂ ਹਨ। ਸਮਾਜਿਕ ਆਰਥਿਕ ਲੁੱਟ ਦੇ ਆਧਾਰ 'ਤੇ ਟਿਕੇ ਪ੍ਰਬੰਧ ਦੀ ਥਾਂ ਨਵੇਂ ਵਿਗਿਆਨਕ ਵਰਗ ਰਹਿਤ ਸਮਾਜ ਦੀ ਉਸਾਰੀ ਬਿਨਾਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਕੋਈ ਹੱਲ ਸੰਭਵ ਨਹੀਂ ਹੈ। ਇਹੀ ਭਗਤ ਸਿੰਘ ਹੋਰਾਂ ਦਾ ਸੁਪਨਾ ਸੀ। ਸਾਨੂੰ ਭਗਤ ਸਿੰਘ ਦਾ ਸੁਨੇਹਾ ਘਰ-ਘਰ ਪੁੰਚਾਉਣਾ ਪਵੇਗਾ।

**ਡਾ: ਹਰਦੀਪ : ਤੁਸੀ ਕੈਨੇਡਾ ਵਾਸੀ ਲੋਕਾਂ ਵਿੱਚ ਆਪਣੇ ਨਾਟਕਾਂ ਰਾਹੀਂ ਸੁਨੇਹਾ ਦੇਣ ਆਏ ਹੋ। ਕੀ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਸਿਰਫ ਭਾਰਤ ਰਹਿੰਦੇ ਲੋਕਾਂ ਲਈ ਹੈ ਜਾਂ ਇਥੇ ਵਸਦੇ ਭਾਰਤੀ ਮੂਲ ਦੇ ਲੋਕਾਂ ਦੀਆਂ ਮੁਸ਼ਕਲਾਂ ਲਈ ਵੀ ਸਾਰਥਕ ਹੈ ?**

**ਹਰਵਿੰਦਰ** : ਅੱਜ ਦਾ ਯੁੱਗ ਜਾਹਿਰਾ ਤੌਰ 'ਤੇ ਅੰਤਰ-ਰਾਸ਼ਟਰੀ ਵਿਖਾਈ ਦੇ ਰਿਹਾ ਹੈ। ਭਾਰਤ ਅਤੇ ਕੈਨੇਡਾ ਦੋ ਅਲਗ-ਅਲਗ ਦੇਸ਼ ਹਨ ਪਰ ਬਹੁਤ ਕੁੱਝ ਸਾਂਝਾ ਹੈ। ਭਾਰਤ ਅਤੇ ਕੈਨੇਡਾ ਦੋਨੋਂ ਦੇਸ਼ ਇੱਕੋ ਹੀ ਸੰਸਾਰ ਪੂਜੀਵਾਦੀ ਸਿਆਸੀ ਸਮਾਜਿਕ ਪ੍ਰਬੰਧ ਦਾ ਹਿੱਸਾ ਹਨ। ਜਿਥੇ ਵੀ ਪੂੰਜੀਵਾਦ ਹੈ, ਉਸ ਹਰ ਦੇਸ਼ ਵਿੱਚ ਮੁਨਾਫੇ ਦੀ ਲੁੱਟ ਦੀ ਅਧਾਰ ਤੇ ਟਿਕਿਆ ਸਿਆਸੀ-ਆਰਿਥਕ ਪ੍ਰਬੰਧ ਹੈ ਅਤੇ ਜਿਥੇ ਅਨ੍ਹਿਆਂ ਹੈ ਉਸ ਹਰ ਦੇਸ਼ ਵਿੱਚ ਹੀ ਸ਼ਹੀਦ ਭਗਤ ਸਿੰਘ ਜਾਂ ਅਰਨੈਸਟੋ-ਚੀ-ਗੁਵੇਰਾ ਅਗਾਂਹਵਧੂ ਸੰਘਰਸ਼ ਸ਼ੀਲ ਲੋਕਾਂ ਵਿੱਚ ਸਾਰਥਕ ਹੈ। ਸ਼ਹੀਦ ਭਗਤ ਸਿੰਘ ਸਿਰਫ ਭਾਰਤੀ ਇਨਕਲਾਬ ਦੀ ਗੱਲ ਨਹੀਂ ਸੀ ਕਰਦਾ ਸਗੋਂ ਸੰਸਾਰ ਪੂਜੀਵਾਦੀ ਸਿਆਸੀ ਸਮਾਜਿਕ ਪ੍ਰਬੰਧ ਦੇ ਬਦਲਣ ਦੀ ਗੱਲ ਕਰਦਾ ਸੀ ਇਸ ਕਰਕੇ ਵਿਗਿਆਨਕ ਇਨਕਲਾਬ ਅੰਤਰ-ਰਾਸ਼ਟਰਵਾਦੀ ਸੀ। ਉਸ ਦੀ ਵਿਚਾਰਧਾਰਾ ਭਾਰਤੀ ਲੋਕਾਂ ਅਤੇ ਸਮੁੱਚੀ ਧਰਤੀ ਦੇ ਮਜ਼ਦੂਰਾਂ-ਕਿਸਾਨਾਂ ਲਈ ਸਾਰਥਕ ਹੈ। ਖਾਸ ਕਰਕੇ ਭਾਰਤੀ ਮੂਲ ਦੇ ਲੋਕਾਂ ਲਈ ਵਿਗਿਆਨਕ ਚੇਤਨਾ ਦੀ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਇਹ ਕੈਨੇਡਾ ਆਉਣ ਵੇਲੇ ਆਪਣੇ ਸਮਾਜ ਦੇ ਪਿਛਾਖੜੀ ਅਤੇ ਉਸਾਰੂ ਦੋਨੋਂ ਪੱਖ ਹੀ ਬਤੌਰ ਮੂਲ ਸਭਿਆਚਾਰ ਨਾਲ ਲੈ ਕੇ ਆਏ ਹਨ। ਇਸੇ ਕਰਕੇ ਇਨ੍ਹਾਂ ਨੂੰ ਭਾਰਤੀ ਵਹਿਮਾਂ-ਭਰਮਾਂ, ਸਮਾਜਿਕ ਬੁਰਾਇਆਂ ਖਿਲਾਫ ਚੇਤਨਤਾ ਦੀ ਜ਼ਰੂਰਤ ਹੈ ਜਿਨ੍ਹੀ ਕਿ ਭਾਰਤ ਰਹਿੰਦੇ ਲੋਕਾਂ ਲਈ। ਕੈਨੇਡੀਅਨ ਭਾਰਤੀਆਂ ਨੂੰ ਦੂਸਰੇ ਕੈਨੇਡੀਅਨ ਲੋਕਾਂ ਦਾ ਹਮ-ਸਫਰ ਬਣਕੇ, ਇਸ ਖਿੱਤੇ ਵਿੱਚ ਵੀ ਸੰਸਾਰ- ਸਮਾਜਿਕ ਚੇਤਨਾ ਲਈ ਕੰਮ ਕਰਨਾ ਚਾਹੀਦਾ ਹੈ ।

ਇਸ ਮੁਲਾਕਾਤ ਦੂਰਾਨ ਹਾਜ਼ਰ ਸ੍ਰੀ ਬਲਰਾਜ਼ ਸ਼ੋਕਰ ਨੇ ਨਾਰਥ ਅਮਰਕੀਨ ਤਰਕਸ਼ੀਲ ਸੁਸਾਇਟੀ ਦੇ ਸੱਦੇ ਨੂੰ ਪ੍ਰਵਾਨ ਕਰਕੇ ਕੈਨੇਡਾ ਆਉਣ ਲਈ ਹਰਵਿੰਦਰ ਦੀਵਾਨਾ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ 23 ਮਾਰਚ ਦੇ ਸ਼ਹੀਦ ਸੁਖਦੇਵ, ਰਾਜਗੂਰੂ ਅਤੇ ਭਗਤ ਸਿੰਘ ਨੂੰ ਸ਼ਰਾਧਾਂਜਲੀ ਅਰਪਿਤ ਕਰਨ ਲਈ 16 ਅਪ੍ਰੈਲ 2017 ਦਿਨ ਐਤਵਾਰ ਨੂੰ 'ਰੋਜ਼ ਥੀਏਟਰ, ਬਰੈਂਪਟਨ' ਵਿਖੇ ਅਯੋਜਿਤ ਕੀਤਾ ਜਾ ਰਿਹਾ ਹੈ । ਇਸ ਪ੍ਰੋਗਰਾਮ ਵਿੱਚ ਹਰਵਿੰਦਰ ਦੀਵਾਨਾ ਦੀ ਟੀਮ ਵੱਲੋਂ ਕਈ ਨਵੇਂ ਨਾਟਕਾਂ ਦਾ ਮੰਚਨ ਕੀਤਾ ਜਾਵੇਗਾ, ਇਸ ਪ੍ਰੋਗਰਾਮ ਬਗੈਰ ਕਿਸੇ ਟਿਕਟ ਤੋਂ ਹੈ ਅਤੇ ਉਨ੍ਹਾਂ ਟੋਰਾਂਟੋ ਇਲਾਕੇ ਦੇ ਲੋਕਾਂ ਨੂੰ ਪ੍ਰੋਗਰਾਮ ਵਿੱਚ ਪਹੁੰਚਣ ਦਾ ਖੁੱਲਾ ਸਦਾ ਦਿੱਤਾ।

# HomeLife SilverCity Realty Inc., Brokerage

HOMELIFE HIGHER STANDARDS

EACH OFFICE INDEPENDENTLY OWNED & OPERATED



BALJIT GARCHA
BROKER OF RECORD





NEW LOCATION AT AIRPORT RD/DREW TO SERVE YOU BETTER

## Now Hiring

New / Experienced Real Estate Sales Representative / Brokers

Office: 905-913-8500

50 Cottrelle Blvd., Unit 29, Brampton
www.HomelifeSilvercityTeam.com



AJIT GARCHA
BROKER / PRESIDENT

## Team of OVER 250 Realtors

HARJINDER DHILLON Manager/Broker

ABDUL GHAFFAR MIAN, AMAN SAINI, AMANDEEP GILL, AMANPREET KAHLON, AMARJIT CHEEMA, AMRIT KAHLON, AMRINDER MANGAT, AJAY KANWAR, AMANDEEP JHUTTY, AMRIK SINGH, AMARJIT CHEEMA, ANNIE SHARMA, ANAKHVIR GHAG, ANDY NAGPAL, ANIL KOHLI, ANSHUMAN SINGH, AVTAR DHINDSA, ANGEL BADHERA, ARVINDER LALLY, ARVIND SHARMA

ASHOK SAINI, AVINASH KALER, AVTAR BUTTAR, BALVINDER VIG, BALJIT SANDHU, BAGHER MALHI, BHARTI DHIR, BHUPINDER SINGH, BARJINDER BANSAL, BHUPINDER DHALIWAL, BHUPINDER LADHAR, BIMALJIT NIRWAL, BILL SIDHU, CHARANJIT TAGERH, CHANDRA PRABHAKAR, DALJINDER SANGHERA, DARSHAN MANGAT, DAVE GILL, DAVINDER SINGH, DEEP KHATTRA, DEEP SANGHA

DEVINDER NIJHER, DEV DHILLON, DEV BHARJANA, DEVINDER SANGHA, DHARMINDER GOGNA, DILPREET SINGH, DIRAN RANA, DINESH KUMAR, BOBBY SINGH, EKTA CHAWLA, ELIZABETH KALINOWSKI, GAGANDEEP SRA, GARY CHUNGH, GERMAN SANDHU, GOPAL DADAR, GURDEEP DHALIWAL, GURJIT DHAKA, GURPREET BAJWA, GURDEV SAINI, GURINDER HUNDAL

GURINDER BATH, GURINDER CHEEMA, GURVINDER CHAHAL, GURPREET DHAMU, GURPREET KANG, GURPREET SINGH, HARBANS SIDHU, HARBANS GILL, HARDEEP BUTTAR, HARINDERJIT LALLY, HARINDER SAINI, HARMANDEEP GREWAL, HARMANDEEP PAHAL, HARNEK HAYER, HARJEET GILL, HARJIT GILL, HARINDER MALHANS, HARPREET GILL, HARPREET HUNDAL

HARMAN SIDHU, HARMAN SOHI, HARMEET GHATORA, HARP GREWAL, HARPRIT HEIR, HARRY GARCHA, HARNEK RAI, HARWINDER GARCHA, HARWINDER SINGH, HARPREET SINGH, HIRA RANDHAWA, INDERJIT LALLY, INDY DEOL, IQBAL BRAR, IQBAL SINGH, JAG BUTTAR, JAGDEEP BAWA, JAGTAR SINGH BRAR, JAS GILL, JAS PANAG

JASBIR BHATTI, JASGIR SANDHU, JASSI PANAG, JASDEV SINGH, JASWANT KAINTH, JAS CHOKAR, JASBIR RAI, JASPREET DHALIWAL, JASKARAN SIDHU, JATINDER DHILLON, JATINDER KAMBOJ, JATINDER SAMRA, JAY GOGNA, JEET DHALIWAL, JOGINDER SIDHU, KARTHAR GILL, KARAMJEET BRAR, KARNAIL BATTH, KENNETH YOUSAF

KENNY RANDHAWA, KHUSHWANT BAINS, KULWINDER DHALIWAL, KULWINDER CHINNA, KUSAM SHARMA, KAMAL MANCHANDA, KAMAL KALRA, KAMALJIT HIRA, KANWAR BRAR, KARANDEEP HEER, KHUSH MULTANI, KULBIR BAJWA, KULDEEP DHALIWAL, KULJEET DUSANJH, KULJIT LOTEY, LAKHVIR SINGH, MOHINDER JEET, MOHAMMAD SAGHEER, MUHAMMAD KABEER, MOKSHI VIRK

MONA RANDHAWA, KIRAN BRAR, MAJOR DHILLON, MAHESH MALHI, MANDEEP MARARA, MANDEEP SRAN, MANDEEP BHANGOO, MANDEEP DHALIWAL, MANGAT RAM GOGNA, MANMEET CHHABRA, MANPREET SANGHERA, MANJEET SEHAMBHI, MICKY TOOR, MINI BHATIA, NAVEEN NEK SINGH GILL, NAVJEET SARAI, NAVI SIDHU, NAVREET VAIDWAN, NINA SAINI, NIRMAL BURN

NIRMAL RANDHAWA, NIRMAL SEKHON, PANKAJ KAPOOR, PARAMJEET SINGH, PARAMBIR SINGH LANGA, PARDEEP CHHIKARA, PARDEEP GREWAL, PARMINDER GOMAR, PARMJIT SANGHA, PARNEET SANDHU, PAUL JHUTTY, PAWAN MANOCHA, PAWAN RATTI, PARMINDERDEEP GREWAL, PAUL KALER, PERMINDER SEKHON, PREET RAI, POOJA RATTAN, PRITPAL SINGH, PREMJIT GREWAL

PUNEET MAHI, PUSHPINDER SINGH, R.P. SIDHU, RAJ BRAICH, RAJIV BAWA, RAJVIR BAINS, RAJVIR DEOL, RAJWINDER KOONER, RAJWINDER KHOKHAR, RAJDEEP LATTAR, RAJEEV SHARMA, RAJ MONGA, RAJ GILL, RAJNI VERMA, RAJINDER SINGH, RAJINDER SOHAL, RAKESH SHEMAR, RAM PAWAR, RAMANDEEP CHONKRIA

RANJIT BHINDER, RANJIT VIRK, RACHHPAL SANDHU, RAMAN WRAICH, RAKESH SHARMA, RATTAN BAJWA, RAVI MANGAT, RAVI MINHAS, ROHIT MEHTA, RUHI SOOD, RUPINDER MANGAT, SAEED AKHTAR, SABI AUJLA, SADIA ALI, SARDUL SINGH, SAM KHERA, SAM KHATA, SAM KHOSA, SANJEEV KAUSHAL

SANDEEP HEER, SANTOKH PAHAL, SANDY RUDRA, SANGEETA KUMAR, SANJEEV SOGI, SARBJIT DHILLON, SATINDER MULTANI, SATINDER SIDHU, SATWANT PANAG, SIMRAN SAINI, SIMER MANN, SIMRAN BRAR, SIMRIT KHANGURA, SIMRANDEEP MANN, SURINDER BAINS, SUKHWINDER BHANDAL, SURAJ TAYA, SUBHASH SUTAR

SUDAGAR TOOR, SUKHDEEP DEOL, SUNJIT SODHI, SUMAN KANWAR, SUNIL BHARADWAJ, SUKHI LALLY, SUKHJOT KANG, SUNNY MALIK, SURJIT MANGAT, SURINDERPAL SAINI, SURINDER BATTH, TEJ BRAR, TEJBIR SINGH, TERRY KAHLON, VANEET SOOD, VARINDER CHEEMA, VICK GHOTRA, VIET QUOC NGYUEN, VISHAL DOGRA

## www.homelifesilvercityteam.com

"All agents are Salespersons/Brokers/Unless otherwise stated. Not intended to solicit salespersons/brokers under contract. Some conditions apply."